# ਕੇਸ ਗੁਰੂ ਦੀ ਮੋਹਰ

ਡਾ. ਸਰੂਪ ਸਿੰਘ ਅਲੱਗ



ਕੇਸਾਂ ਨੂੰ ਅਦੁੱਤੀ ਸਤਿਕਾਰ ਬਖਸ਼ਣ ਵਾਲੇ ਗੁਰੂ ਗੋਬਿੰਦ ਸਿੰਘ ਸਾਹਿਬ

ਸਪਾਂਸਰਜ਼ : ਸਰਦਾਰਨੀ ਸੁਖਵਿੰਦਰ ਕੌਰ ਸੰਧੂ
ਸਰਦਾਰ ਹਰਭਜਨ ਸਿੰਘ ਸੰਧੂ
ਤੇ ਪਰਿਵਾਰ ਨੇਰੂਲ, ਨਵੀਂ ਮੁੰਬਈ।

ਤੀਜਾ ਵਿਕਸਤ ਐਡੀਸ਼ਨ, ਮਈ, 2002

ਭੇਟਾ : ਮੁਫ਼ਤ

Sri Satguru Jagjit Singh Ji eLibrary NamdhariElibrary@gmail.com

# ਕੇਸ ਗੁਰੂ ਦੀ ਮੋਹਰ

ਡਾ. ਸਰੂਪ ਸਿੰਘ ਅਲੱਗ
98153-23523

**Publisher:**
Dr. Sarup Singh Alag
*Chairman,*
**Alag Shabad Yug**
International Charitable Trust (Regd)
593, Urban Estate-2, Focal Point
Ludhiana-141010 (Pb) INDIA
Ph. 0161-671947, Ph/Fax 0161-673416
Email : alag@glide.net.in

ਐਡੀਸ਼ਨ: ਤੀਜਾ, ਵਿਕਸਤ, ਡੀਲਕਸ ਮਈ 2002
ਭੇਟਾ: ਮੁਫ਼ਤ, ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ ਜੀ

ਅਲੱਗ ਸ਼ਬਦ ਯੱਗ ਟਰਸਟ ਲੁਧਿਆਣਾ-141010 ਇਸ ਵਕਤ 39 ਉਚ ਪਾਏ ਦੀਆਂ ਗੁਰਮਤਿ ਪਰਕਾਸ਼ਨਾਵਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਛਾਪ ਕੇ ਮੁਫ਼ਤ ਵੰਡ ਰਿਹਾ ਹੈ।

# ਦਰਪਣ


| ਵਿਸ਼ਾ | ਪੰਨਾ |
|---|---|
| ਪ੍ਰਾਰੰਭਕ ਸ਼ਬਦ | i-viii |
| **ਕੇਸ ਗੁਰੂ ਦੀ ਮੋਹਰ** | 1 |
| ਕੇਸਾਂ ਦੀ ਯੋਗ ਸਾਂਭ-ਸੰਭਾਲ ਬਾਰੇ ਖੋਜ | 4 |
| ਕੇਸ ਰਖਣ/ਕਟਣ ਬਾਰੇ ਮਨੋਵਿਗਿਆਨੀਆਂ ਦੀ ਦਲੀਲ | 7 |
| ਲੇਡੀ ਮੈਕਮਿਲਨ | 8 |
| ਐਮ. ਏ. ਸਟੀਲ | 9 |
| ਚਾਰਲਸ ਗਫ ਦੇ ਕੇਸਾਂ ਬਾਰੇ ਵਿਚਾਰ | 9 |
| ਸ੍ਰੀ ਰਵਿੰਦਰ ਨਾਥ ਟੈਗੋਰ ਤੇ ਕੇਸ | 9 |
| ਸੈਨਹੋਜ਼ੇ ਯੂਨੀਵਰਸਿਟੀ ਦੀ ਖੋਜ ਅਨੁਸਾਰ ਕੇਸ | 10 |
| ਭਾਈ ਤਾਰੂ ਸਿੰਘ, ਪ੍ਰੀਤਮ ਸਿੰਘ ਦੀ ਕੇਸਾਂ ਪ੍ਰਤੀ ਸ਼ਰਧਾ | 10 |
| ਸ਼ਹੀਦੇ-ਆਜ਼ਮ ਭਗਤ ਸਿੰਘ ਤੇ ਕੇਸ | 12 |
| ਰੋਮਾਂ ਦੇ ਸਤਿਕਾਰ ਦੀ ਇਕ ਹੋਰ ਤਾਜ਼ਾ ਅਦੁਤੀ ਮਿਸਾਲ | 13 |
| **ਕੇਸਾਂ ਦੀ ਮਹਤਤਾ ਵਿਦੇਸ਼ੀ ਇਤਿਹਾਸ ਦੇ ਝਰੋਖੇ ਤੋਂ** | 15 |
| ਸੈਮਸਨ ਨਾਲ ਜੁੜੀ ਕੇਸਾਂ ਦੀ ਸਾਖੀ | 15 |
| ਪ੍ਰੋਫੈਸਰ ਗੰਗਾ ਸਿੰਘ ਤੇ ਕੇਸ | 17 |
| ਦਾਹੜੀਆਂ ਬਾਰੇ ਕਥਨ | 17 |
| ਟਾਲਸਟਾਏ ਤੇ ਕੇਸ | 18 |
| ਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੇਸਾਂ ਬਾਰੇ ਫਰਮਾਨ | 18 |
| ਮੁੰਡਨ ਈਸ਼ਵਰ ਵਲੋਂ ਨਹੀਂ, ਇਹ ਕਥਨ ਸਰਾ ਸਰ ਠੀਕ ਹੈ | 21 |
| ਮੁੰਡਨ ਦਾ ਪ੍ਰਾਰੰਭਕ ਕਾਰਨ | 23 |
| ਗੁਰੂ ਗੋਬਿੰਦ ਸਿੰਘ ਜੀ ਦਾ ਕੇਸਾਂ ਬਾਰੇ ਸਤਿਕਾਰ-ਇਕ ਮਿਸਾਲ | 23 |
| ਕੇਸ—ਕੁਝ ਸਚਿਆਈਆਂ ਪ੍ਰਤੀ ਅਗਿਆਨਤਾ | 24 |
| ਗੁਰੂ ਦੇ ਸਿੱਖ ਦੀ ਕੇਸਾਂ ਬਾਰੇ ਲੋਚਾ | 29 |
| ਗੁਰੂ, ਗੁਰਬਾਣੀ ਤੇ ਕੇਸ | 31 |
| ਕੰਘੇ ਰਾਹੀਂ ਬਾਹਰ ਨਿਕਲੇ ਰੋਮਾਂ ਦਾ ਨਿਪਟਾਰਾ | 34 |
| ਗੋਯਾ ਦੀਆਂ ਨਜ਼ਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਕੇਸ | 35 |
| ਕੇਸ ਅਧਿਆਤਮਿਕਤਾ ਦੇ ਸਪਰਸ਼ ਵਜੋਂ As Spiritual antenna | 36 |
| ਕੇਸਾਂ ਦੇ ਸਤਿਕਾਰ ਬਾਰੇ ਹਦਾਇਤਾਂ ਤੇ ਹੁਕਮਨਾਮੇ | 36 |
| ਭਾਈ ਨੰਦ ਲਾਲ ਗੋਯਾ | 37 |
| ਕੇਸਾਂ ਬਾਰੇ ਪਾਏ ਗਏ ਭੁਲੇਖੇ | 37 |
| ਨੌਜਵਾਨਾਂ ਵਲੋਂ ਕੇਸਾਂ ਦੀ ਬੇਅਦਬੀ ਦਾ ਨਵਾਂ ਰੁਝਾਨ | 39 |
| ਪਤਿਤਪੁਣੇ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ | 43 |
| ਸਪੋਰਟਸ ਕੈਪ ਪਾਉਣ ਦਾ ਘਟੀਆ ਸ਼ੌਕ | 47 |
| ਮਿਸਟਰ ਤਿਆਨਬੀ ਵਲੋਂ ਖੂਬਸੂਰਤ ਮਨੁੱਖ ਲਈ ਕਸਵਟੀ | 51 |
| ਕੇਸਾਂ ਦੁਆਰਾ ਸੂਰਮਗਤੀ ਦੀਆਂ ਲਹਿਰਾਂ ਦੀ ਉਤਪਤੀ | 52 |
| ਨਵਾਂ ਬੇਦਾਵਾ | 53 |
| ਦਾਹੜੀ ਦੇ ਸਫੇਦ ਰੋਮਾਂ ਨੂੰ ਚੁਗਣਾ | 55 |
| ਦੇਸ਼ ਰੂਪੀ ਘਰ ਦੀ ਰਾਖੀ ਲਈ ਸਿੰਘ ਸਜੋ | 56 |
| ਅਲੀਗੜ੍ਹੀਏ ਲਾਲਾ ਬਾਬੂ ਰਾਮ ਦੀ ਇੱਛਾ | 56 |
| ਆਰੀਆ ਸਮਾਜੀ ਸਵਾਮੀ ਹੁਕਮ ਸਿਹੁੰ ਤੋਂ ਸ. ਹੁਕਮ ਸਿੰਘ | 57 |
| ਕਿਵੇਂ ਕਾਇਆ ਕਲਪ ਹੋ ਗਿਆ | 58 |
| ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੇ ਕੇਸਾਂ ਬਾਰੇ ਬੇਦਾਰੀ | 58 |
| ਸਿੱਖਾਂ ਦੇ ਸਿਰਾਂ ਤੇ ਕੇਸਾਂ ਦਾ ਮੁਲ | 59 |
| ਕੇਸ ਰਖਣ ਬਾਰੇ ਸਹਿਜਧਾਰੀ ਸਿੱਖਾਂ ਨੂੰ ਪ੍ਰੇਰਨਾ | 60 |
| ਕੇਸ ਰਖਣ ਬਾਰੇ ਆਲੋਚਨਾ | 61 |
| ਕੇਸ ਤੇ ਨਾਖੁਨ ਕਟਵਾਉਣ ਵਿਚ ਸਮਾਨਤਾ? | 62 |
| ਕੇਸਾਂ ਦੇ ਜੀਵਤ ਹੋਣ ਦੇ ਸਬੂਤ | 63 |
| ਪਛਮੀ ਦੇਸ਼ਾਂ ਵਿਚ ਕੇਸਾਂ ਦੀ ਲੋੜ | 63 |




Sri Satguru Jagjit Singh Ji eLibrary NamdhariElibrary@gmail.com

# ਕੇਸ ਗੁਰੂ ਦੀ ਮੋਹਰ

ਰੋਮ, ਸਰੀਰ ਦਾ ਅਟੁੱਟ ਅੰਗ ਹਨ, ਸ਼ਕਤੀ ਤੇ ਸੁਰਮਗਤੀ ਦੀ ਪਰਦਰਸ਼ਨੀ ਹਨ, ਸਮਾਜਿਕ ਸ਼ਾਨ ਦੇ ਸੂਚਕ ਹਨ, ਮਾਨਸਿਕ ਸਹਿਜਤਾ ਦੇ ਸਵਾਮੀ ਹਨ, ਭਾਰਤ ਦੀ ਸੰਸਕ੍ਰਿਤਕ ਅਮੀਰੀ ਦੀ ਸ਼ਾਨਦਾਰ ਮਿਸਾਲ ਹਨ ਅਤੇ ਵਿਸ਼ਵ ਮਾਨਵ ਨੂੰ ਅਕਾਲ ਪੁਰਖ ਵਲੋਂ ਸਜਾਈ ਰੇਸ਼ਮੀ ਪੌਸ਼ਾਕ ਹਨ। ਜਿਸ ਧਰਮ ਦਾ ਮਨੋਰਥ ਸੰਤ-ਸਿਪਾਹੀ ਪੈਦਾ ਕਰਨ ਦਾ ਹੋਵੇ ਉਸ ਲਈ ਕੇਸਾਂ ਦੀ ਸ਼ਾਨ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਇਨ੍ਹਾਂ ਦੀ ਕਦਰ ਤੇ ਕੀਮਤ ਜਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਜਾਣਦੇ ਹਨ ਜਾਂ ਉਨ੍ਹਾਂ ਦੀ ਸਜਾਈ ਖਾਲਸਾ ਫੌਜ। ਅੰਮ੍ਰਿਤ ਅਤੇ ਕੇਸਾਂ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਦੇਸ਼ ਦੀ ਹੀ ਨਹੀਂ ਸਗੋਂ ਮਨੁਖਤਾ ਦੀ ਰਾਖੀ ਲਈ ਮੋਹਰਬੰਦ ਹੋ ਗਿਆ। ਇਹ ਕੇਸ ਉਸ ਦੀ ਨੂਰੀ ਪਹਿਚਾਣ ਬਣ ਗਏ। ਇਹ ਉਸ ਲਈ ਝੂਲਤੇ ਨਿਸ਼ਾਨ ਦਾ ਰੋਲ ਅਦਾ ਕਰਦੇ ਹੋਏ ਖਾਲਸੇ ਦੀ ਅਣਖ ਤੇ ਮਾਣ ਦਾ ਸਰੂਪ ਅਖਵਾਣ ਲਗ ਪਏ। ਖਾਲਸਾ ਇਨ੍ਹਾਂ ਕੇਸਾਂ ਤੇ ਦਸਤਾਰਾਂ ਸਦਕਾ ਲਖਾਂ ਵਿਚ ਖਲੋਤਾ ਵੀ ਪਹਿਚਾਣਿਆ ਤੇ ਸਤਿਕਾਰਿਆ ਜਾਣ ਲਗਾ। ਉਹ ਭਾਰਤ ਦਾ ਵਾਰਸ ਅਖਵਾਉਂਦਾ, ਜਰਵਾਣਿਆਂ ਨਾਲ ਜੂਝਦਾ ਤੇ ਸਵਾ ਸਵਾ ਲਖ ਦੇ ਮੇਚ ਹੋ ਖੜਦਾ। ਕੇਸਾਂ ਵਾਲੇ ਰੂਪ ਵਿਚ ਪਰਵੇਸ਼ ਕਰਕੇ ਉਸਨੇ ਆਪਣੀ ਭਗਤੀ ਤੇ ਸ਼ਕਤੀ ਦੀਆਂ ਦੂਰ ਦੂਰ ਤਕ ਧਾਂਕਾਂ ਜਮਾ ਦਿਤੀਆਂ। ਦੁਨੀਆ ਉਸ ਦੇ ਕਾਰਨਾਮਿਆਂ ਤੋਂ ਚਕਰਤ ਹੋ ਗਈ ਤੇ ਹਰ ਇਤਿਹਾਸਕਾਰ ਨੇ ਚਾਹੁੰਦੇ ਜਾਂ ਨਾ ਚਾਹੁੰਦੇ ਹੋਏ ਵੀ ਖਾਲਸੇ ਦੇ ਸੋਹਲੇ ਗਾਏ ਤੇ ਖੂਬ ਗਾਏ । ਹੁਣ ਤਾਂ ਹਰ ਕੋਈ ਜਾਣ ਗਿਆ ਹੈ ਕਿ ਸਿਖ ਕੌਮ ਦੀ ਸ਼ਕਤੀ ਕੇਸਾਂ ਵਿਚ ਸਮੋਈ ਪਈ ਹੈ। ਜਦ ਤਕ ਕੇਸ ਸੁਰਖਿਅਤ ਹਨ ਕੌਮ ਬਲਵਾਨ ਤੇ ਮਹਾਨ ਹੈ। ਕੇਸਾਂ ਦੀ ਦਾਤ ਬਖਸ਼ ਕੇ ਤਾਂ ਗੁਰੂ ਸਾਹਿਬਾਨ ਨੇ ਸਿੱਖ ਨੂੰ ਬਾਹਰੋਂ ਮਜ਼ਬੂਤ ਅਤੇ ਅੰਦਰੋਂ ਸੁਦ੍ਰਿੜ ਕਰ ਦਿਤਾ ਹੈ। ਕੇਸ ਸਿੱਖ ਲਈ ਆਪਣੇ ਗੁਰੂ ਦੀ ਮੋਹਰ ਹਨ, ਪਿਆਰ ਦੀ ਨਿਸ਼ਾਨੀ ਹਨ, ਸਤਿਕਾਰ ਨਾਲ ਸੰਭਾਲਣ ਵਾਲੀ ਅਮਾਨਤ ਹਨ, ਬਹੁਮੁਲਾ ਵਰਦਾਨ ਹਨ। ਇਹ ਆਮ ਕਿਹਾ ਜਾਂਦਾ ਹੈ ਕਿ ਹੋਰ ਗੁਣਾਂ ਦੇ ਨਾਲ ਨਾਲ ਇਹ ਵਾਤਾਵਰਣ ਵਿਚ ਭਰੀਆਂ ਪਈਆਂ ਨੁਕਸਾਨਦੇਹ ਤਰੰਗਾਂ ਆਦਿ ਨੂੰ ਦਿਮਾਗ ਵਿਚ ਜਾਣ ਤੋਂ ਰੋਕਦੇ ਹਨ ਜਿਸ ਦੇ ਫਲਸਰੂਪ ਗ਼ਮਗ਼ੀਨੀ, ਅਧਿਕ ਭਾਵੁਕਤਾ, ਨਿਮੋਝੂਣਤਾ ਤੇ ਮਾਨਸਿਕ ਬਿਖਰੇਪਨ ਨੂੰ ਠੱਲ ਪੈਂਦੀ ਹੈ ਅਤੇ ਦਲੇਰੀ, ਖੁਸ਼-ਤਬੀਅਤੀ, ਖੁਸ਼-ਅਸਲੂਬੀ, ਚੜ੍ਹਦੀਕਲਾ ਤੇ ਉਦਮਸ਼ੀਲਤਾ ਵਰਗੇ ਗੁਣ ਉਤਪੰਨ ਹੁੰਦੇ ਹਨ। ਇਸ ਲਈ ਕੇਸ ਸਿੱਖ ਦੀ ਚੜ੍ਹਦੀ ਕਲਾ ਦੇ ਸੂਚਕ ਹਨ। ਇਨ੍ਹਾਂ ਦੀ ਸਰਬ ਪਖੀ ਮਹਾਨਤਾ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਭਾਵੇਂ ਇਹ ਸਾਰੀਆਂ ਗਲਾਂ ਬਿਲਕੁਲ ਠੀਕ ਹਨ ਪਰ ਗੁਰੂ ਦੇ ਸਿਖ ਨੇ ਤਾਂ ਕੇਸ਼ ਕਿਸੇ ਨਫੇ ਨੁਕਸਾਨ ਨੂੰ ਸਾਹਮਣੇ ਰੱਖ ਕੇ ਨਹੀਂ ਰਖਣੇ ਸਗੋਂ ਆਪਣੇ ਗੁਰੂ ਦੇ ਹੁਕਮ ਦੀ ਪਾਲਣਾ ਵਿਚ ਸਜਾਉਣੇ ਹਨ। ਕੇਸ ਰਖਣੇ ਹੀ ਨਹੀਂ ਸਗੋਂ ਇਨ੍ਹਾਂ ਦਾ ਪੂਰਾ ਪੂਰਾ ਸਤਿਕਾਰ ਵੀ ਕਰਨਾ ਹੈ।

ਇਕ ਪਛਮੀ ਦਾਰਸ਼ਨਿਕ ਕਲੀਮੈਸ਼ ਤਾਂ ਇਥੋਂ ਤਕ ਕਹਿੰਦਾ ਹੈ ਕਿ ਕੇਸਾਂ ਦੀ ਮਹਤਤਾ ਦਾ ਸਹੀ ਸਹੀ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੈ। ਜੇ ਸਿਰਫ ਦਾਹੜੀ ਦੇ ਰੋਮਾਂ ਨੂੰ ਹੀ ਧਿਆਨ ਨਾਲ ਦੇਖੀਏ ਅਤੇ ਉਨ੍ਹਾਂ ਬਾਰੇ ਜਾਣੀਏ ਤਾਂ



Sri Satguru Jagjit Singh Ji eLibrary NamdhariElibrary@gmail.com

**ਪਤਾ ਲਗਦਾ ਹੈ ਕਿ ਦਾਹੜੀ ਹਰ ਧਰਮ ਦੇ ਵਿਅਕਤੀਆਂ ਨੂੰ ਪਾਪ ਕਰਨ ਤੋਂ ਵਰਜਦੀ ਤੇ ਬਚਾਉਂਦੀ ਹੈ ਤੇ ਚੰਗੇ ਪਾਸੇ ਵੱਲ ਅਕਰਸ਼ਤ ਹੋਣ ਲਈ ਪ੍ਰੇਰਤ ਕਰਦੀ ਹੈ। ਇਸ ਲਈ ਇਸ ਨੂੰ ਰਖਣਾ ਹਰ ਕਿਸੇ ਦੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ। ਇਹ ਚੰਗੇ ਇਖਲਾਕੀ ਜੀਵਨ ਦੀ ਪਰਦਰਸ਼ਨੀ ਵੀ ਹੈ।** ਇਸ ਦਾ ਧਾਰਨੀ ਮਨੁਖ ਬਲਵਾਨ, ਜ਼ਿੰਮੇਵਾਰ ਤੇ ਇਤਬਾਰੀ ਪ੍ਰਭਾਵ ਵਾਲਾ ਮਰਦ ਜਾਪਦਾ ਹੈ। ਅਮਰੀਕਨ ਡਾਕਟਰ ਰਾਬਰਟ-ਦਿਲ-ਗਿਰਨੀ ਅਨੁਸਾਰ ਕੇਸ ਕਟਵਾ ਕੇ ਟਰੇਸ ਧਾਤਾਂ ਨੂੰ ਜ਼ਾਇਆ ਕਰਨ ਦਾ ਇਹ ਨੁਕਸਾਨ ਹੈ ਕਿ ਅਜਿਹੇ ਮਨੁਖ ਕੇਸ ਰਖੇ ਮਨੁਖਾਂ ਦੇ ਮੁਕਾਬਲੇ ਵਿਚ ਘਟ ਬਹਾਦਰ, ਘਟ ਆਤਮ ਵਿਸ਼ਵਾਸੀ, ਘਟ ਅਡੋਲ ਚਿਤ, ਘਟ ਮਿਹਨਤੀ ਹੁੰਦੇ ਹਨ। ਇਸ ਲਈ ਕੇਸ ਕਟਵਾਣਾ ਆਪਣੀ ਬਹਾਦਰੀ ਤੇ ਮਰਦਾਨਗੀ ਨੂੰ ਖੰਡਤ ਕਰਨਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਕੇਸਾਂ ਤੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਾਨੂੰ ਸਵਾ ਸਵਾ ਲੱਖ ਨਾਲ ਲੋਹਾ ਲੈਣ ਲਈ ਤਤਪਰ ਕੀਤਾ ਹੈ। ਇਹ ਕੇਸ ਉਸ ਸੂਰਮਗਤੀ ਦੇ ਇਤਿਹਾਸ ਦੇ ਦਸਤਾਵੇਜ਼ੀ ਸਬੂਤ ਹਨ।

**ਕੇਸਾਂ ਦੇ ਸਿਲਸਿਲੇ ਵਿਚ ਉਨ੍ਹਾਂ ਤੇ ਡੂੰਘੀ ਖੋਜ ਕਰਨ ਵਾਲੇ ਪ੍ਰੋ: ਪ੍ਰਸਾਦ ਦੀਆਂ 1966 ਵਿਚ ਲਿਖੀਆਂ ਰਿਪੋਟਾਂ, ਉਨ੍ਹਾਂ ਮਨੁੱਖਾਂ ਦੇ ਕਪਾਟ ਖੋਲ੍ਹਣ ਵਾਲੀਆਂ ਹਨ ਜੋ ਬਗ਼ੈਰ ਸੋਚੇ ਸਮਝੇ ਕੇਵਲ ਸੋਹਣੇ ਲਗਣ ਦੀ ਕੋਹਜ਼ੀ ਸੋਚ ਥਲੇ ਕੇਸਾਂ ਨੂੰ ਫੈਸ਼ਨ ਦੀ ਬਲੀ ਚੜ੍ਹਾ ਰਹੇ ਹਨ। ਦੁਨੀਆ ਵਿਚ ਇਸ ਵੇਲੇ ਸਿੱਖ ਹੀ ਅਜਿਹੇ ਖੁਸ਼ਕਿਸਮਤ ਇਨਸਾਨ ਹਨ ਜੋ ਆਪਣੇ ਗੁਰੂਆਂ ਦੇ ਹੁਕਮਾਂ ਦੇ ਤਾਬੇ ਸਰੀਰ ਦੇ ਹਰ ਪਰਕਾਰ ਦੇ ਰੋਮਾਂ ਦਾ ਪੂਰਾ ਪੂਰਾ ਸਤਿਕਾਰ ਕਰਦੇ ਹਨ। ਕੇਸ ਰਖ ਕੇ ਉਹ ਭਰਪੂਰ ਮਨੁੱਖ ਲਗਦੇ ਹਨ ਜਿਨ੍ਹਾਂ ਵਿਚ ਜਲਾਲ ਟਪਕਦਾ ਹੈ, ਮਰਦਾਊਪੁਣੇ ਦੇ ਦਰਸ਼ਨ ਹੁੰਦੇ ਹਨ ਅਤੇ ਕੇਸ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਇਕ ਅਨਿਖੜਵਾਂ ਅੰਗ ਬਣ ਕੇ ਉਨ੍ਹਾਂ ਦੇ ਰੋਹਬ ਵਿਚ ਲੋਹੜੇ ਦਾ ਵਾਧਾ ਕਰਦੇ ਹਨ।** ਹਰ ਸਿੱਖ ਨੂੰ ਆਪਣੇ ਗੁਰੂਆਂ ਦਾ ਇਸ ਅਨਮੋਲ ਦਾਤ ਦੀ ਸੰਭਾਲ ਤੇ ਸਤਿਕਾਰ ਕਰਨ ਦੀ ਹਦਾਇਤ ਕਰਨ ਲਈ ਸਦਾ ਧੰਨਵਾਦ ਕਰਨਾ ਚਾਹੀਦਾ ਹੈ ਅਤੇ ਜਦ ਵੀ ਉਹ ਸਿਖੀ ਕੇਸਾਂ ਸਵਾਸਾਂ ਨਾਲ ਨਿਭੇ ਦੀ ਅਰਦਾਸ ਕਰਦਾ ਹੈ ਤਾਂ ਉਹ ਕੇਸਾਂ ਦੀ ਦਾਤ ਦਾ ਸਤਿਕਾਰ ਤੇ ਗੁਰੂ ਦਾ ਧੰਨਵਾਦ ਹੀ ਕਰ ਰਿਹਾ ਹੁੰਦਾ ਹੈ। ਕੇਸ, ਸਿਖ ਦੇ ਭਾਗਸ਼ਾਲੀ ਸਰੂਪ ਦਾ ਸੁਹਾਵਣਾ ਗਹਿਣਾ ਹਨ।

ਜਿਉਂ ਜਿਉਂ ਧਰਤੀ ਤੇ ਵਾਤਾਵਰਨ ਵਿਚ ਨਵੇਂ ਨਵੇਂ ਪਰਕਾਰ ਦਾ ਪਰਦੂਸ਼ਨ ਫੈਲ ਕੇ ਮਨੁਖ ਨੂੰ ਪਰੇਸ਼ਾਨ ਕਰ ਰਿਹਾ ਹੈ ਤਿਉਂ ਤਿਉਂ ਹੀ ਕੇਸਾਂ ਦੀ ਲੋੜ ਬਾਰੇ ਨਵੀਂ ਜਿਗਿਆਸਾ ਪੈਦਾ ਹੋਣੀ ਸ਼ੁਰੂ ਹੋ ਗਈ ਹੈ ਤੇ ਹੋ ਸਕਦਾ ਹੈ ਮਨੁਖ ਇਹ ਸਮਝਣ ਵਿਚ ਸਫਲ ਹੋ ਹੀ ਜਾਵੇ ਕਿ ਕੇਸ ਸਰੀਰ ਦਾ ਜ਼ਰੂਰੀ ਤੇ ਲੋੜੀਂਦਾ ਅੰਗ ਹਨ ਅਤੇ ਇਹਨਾਂ ਦੀ ਸਾਂਭ ਸੰਭਾਲ ਤੇ ਪਰਫੁਲਣ ਲਈ ਹਰ ਹੀਲਾ ਵਸੀਲਾ ਵਰਤਣਾ ਅਤੀ ਅਵਸ਼ਕ ਹੈ। ਹੁਣ ਕੁਝ ਸਮਾਜਿਕ ਵਿਗਿਆਨੀ ਉਕਤ ਗਲ ਦੇ ਪਰਮਾਣ ਵਿਚ ਇਵੇਂ ਵੀ ਦਲੀਲ ਦੇ ਰਹੇ ਹਨ ਕਿ ਪੁਰਾਤਨ ਯੁਗਾਂ ਦੇ ਮਨੁੱਖ ਸਾਡੇ ਨਾਲੋਂ ਇਸ ਕਰਕੇ ਵਧੇਰੇ ਚੰਗੇ ਤੇ ਸਦਾਚਾਰਕ ਸਨ ਕਿਉਂਕਿ ਉਹ ਕੇਸਾਂ ਆਦਿ ਨੂੰ ਨਾ ਕਟ ਕੇ ਕੁਦਰਤ ਨਾਲ ਵਧੇਰੇ ਸਬੰਧਤ ਰਹਿੰਦੇ ਸਨ ਤੇ ਕੇਸਾਂ ਦੀ ਬਦੌਲਤ ਉਹ ਕੁਦਰਤ ਪਾਸੋਂ ਚੰਗੇ ਕੰਮ ਕਰਨ ਦਾ ਨਿਰਣਤਰ ਸੁਨੇਹਾ ਪ੍ਰਾਪਤ ਕਰਦੇ ਰਹਿੰਦੇ ਸਨ। ਹੁਣ ਵਾਲਾਂ ਨੂੰ ਕਟਵਾ ਕੇ ਮਨੁੱਖ ਜ਼ਾਤ ਦਾ ਕੁਦਰਤ ਨਾਲੋਂ ਸਿਧਾ ਸੰਪਰਕ ਟੁਟ ਜਿਹਾ ਗਿਆ ਹੈ ਇਸ ਲਈ ਉਹ



Sri Satguru Jagjit Singh Ji eLibrary NamdhariElibrary@gmail.com

ਕੁਦਰਤ ਦਾ ਚੰਗੇ ਕੰਮ ਕਰਨ ਬਾਰੇ ਸੰਦੇਸ਼ ਪ੍ਰਾਪਤ ਨਹੀਂ ਕਰ ਰਹੀ ਜਿਸ ਕਾਰਨ ਕਰਕੇ ਸਾਰੀ ਦੁਨੀਆ ਦੇ ਮਨੁੱਖਾਂ ਦੀ ਰੁਚੀ ਮਾੜੇ ਕੰਮਾਂ ਤੇ ਖੁਦਗਰਜ਼ੀ ਵਲ ਇਤਨੀ ਵਧ ਗਈ ਹੈ ਕਿ ਭਰਾ ਭਰਾ ਦਾ ਦੁਸ਼ਮਣ ਬਣ ਗਿਆ ਹੈ ਤੇ ਖ਼ੂਨ ਸਫੇਦ ਹੋ ਗਏ ਹਨ। ਕੇਸ ਰਖ ਕੇ ਅਸੀਂ ਕੁਦਰਤ ਦੇ ਨੇੜੇ ਹੋ ਸਕਦੇ ਹਾਂ ਤੇ ਕੁਦਰਤ ਦੇ ਨੇੜੇ ਹੋਣ ਨਾਲ ਸਹਿਜ ਸੁਭਾਏ ਹੀ ਅਸੀਂ ਸੰਤੋਖੀ ਤੇ ਠਰੰਮੇ ਵਾਲੀ ਜ਼ਿੰਦਗੀ ਬਤੀਤ ਕਰਨ ਦੇ ਯੋਗ ਵੀ ਹੋ ਸਕਦੇ ਹਾਂ ਜਿਸ ਵਿਚ ਸ਼ਾਂਤੀ ਹੀ ਸ਼ਾਂਤੀ ਹੈ ਨਹੀਂ ਤਾਂ ਐਟਮ ਬੰਬ, ਮੀਜ਼ਾਈਲਾਂ ਮਨੁਖਤਾ ਦੇ ਸਮੁਚੇ ਸਰਵਨਾਸ਼ ਲਈ ਸਾਡੇ ਸਟਾਕ ਵਿਚ ਸਾਡੀ ਲੋੜ ਨਾਲੋਂ ਕਿਤੇ ਵਧ ਧਰਤੀ ਦੇ ਕੋਨੇ ਕੋਨੇ ਤੇ ਮੌਜੂਦ ਹਨ। ਉਰਦੂ ਦਾ ਉਘਾ ਫਲਾਸਫ਼ਰ ਸ਼ਾਇਰ ਸਰ ਮੁਹੰਮਦ ਇਕਬਾਲ ਇਸ ਨੁਕਤੇ ਤੇ ਸਾਨੂੰ ਆਪਣੇ ਇਕ ਸ਼ਿਅਰ ਦੁਆਰਾ ਸੁਚੇਤ ਕਰਦਿਆਂ ਹੋਇਆਂ ਖ਼ੂਬ ਕਹਿੰਦਾ ਹੈ:

***ਤੁਮਾਰੀ ਤਹਿਜ਼ੀਬ ਖ਼ੁਦ ਅਪਨੇ ਹੀ ਖੰਜਰ ਸੇ ਖ਼ੁਦ-ਕੁਸ਼ੀ ਕਰ ਲੇਗੀ***
***ਜੋ ਸ਼ਾਖਿ ਨਾਜ਼ਕ ਪੈ ਬਨੇਗਾ ਆਸ਼ਿਆਨਾ, ਵਹੁ ਨਾਪਾਇਦਾਰ ਹੋਗਾ।***

ਇਸ ਲਈ ਇਸ ਅਤੀ ਚਿੰਤਾ ਜਨਕ ਤੇ ਮਾਰੂ ਸਥਿਤੀ ਨੂੰ ਆਪਣੇ ਅਨੁਭਵ ਵਿਚ ਲਿਆਉਂਦਿਆਂ ਹੋਇਆਂ ਸਾਨੂੰ ਖੁਦ ਆਪ ਤੇ ਆਪਣੇ ਬਚਿਆਂ ਨੂੰ ਕੇਸਾਂ ਦੀ ਵਡਮੁਲੀ ਮਹਤਤਾ ਤੋਂ ਸੁਚੇਤ ਕਰਵਾਂਦੇ ਹੋਇਆਂ ਕੇਸਾਂ ਦੀ ਪੂਰੀ ਪੂਰੀ ਸੰਭਾਲ ਦੀ ਜਾਚ ਦਸਣੀ ਚਾਹੀਦੀ ਹੈ। ਅਜਿਹਾ ਕਰਨਾ ਵਕਤ ਦੀ ਲੋੜ ਹੈ ਤੇ ਸਾਨੂੰ ਸਾਰਿਆਂ ਨੂੰ ਇਸ ਨੂੰ ਪੂਰੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਇਸ ਖਤਰਨਾਕ ਸਥਿਤੀ ਨੂੰ ਰੋਕਣ ਲਈ ਹੋਰ ਉਪਾਵਾਂ ਦੇ ਨਾਲ ਨਾਲ ਆਓ ਕੇਸਾਂ ਦਾ ਸਤਿਕਾਰ ਕਰ ਕੇ ਆਪਣੇ ਆਪ ਨੂੰ ਕੁਦਰਤ ਦੇ ਨੇੜੇ ਰਖੀਏ ਤੇ ਉਸ ਦੀਆਂ ਰਹਿਮਤਾਂ ਤੇ ਨਹਿਮਤਾਂ ਦੇ ਪਾਤਰ ਬਣੀਏ। ਜਿਥੋਂ ਤਕ ਸਿੱਖ ਦਾ ਸਬੰਧ ਹੈ ਉਸ ਦੀ ਹਸਤੀ ਤਾਂ ਕੇਸਾਂ ਨਾਲ ਇਵੇਂ ਜੁੜੀ ਹੋਈ ਹੈ ਜਿਵੇਂ ਜ਼ਿੰਦਗੀ ਨਾਲ ਪਰਾਣ।

**No Crown, No King,**
**No Hair, No Singh.**

ਭਾਵ ਇਹ ਕਿ:

***ਤਾਜ ਨਹੀਂ, ਸ਼ਾਹੀ ਸਰਕਾਰ ਨਹੀਂ,***
***ਕੇਸ ਨਹੀਂ, ਸਿੱਖ ਸਰਦਾਰ ਨਹੀਂ।***

ਕੀ ਇਹ ਝੂਠ ਹੈ? ਬਿਲਕੁਲ ਨਹੀਂ। ਇਸ ਲਈ ਇਹ ਗਲ ਬਿਲਕੁਲ ਪਕੀ ਹੈ ਕਿ ਜੇ ਮਨੁੱਖ ਜਾਤੀ ਨੇ ਇਸ ਸੰਸਾਰ ਵਿਚ ਸ਼ਕਤੀਸ਼ਾਲੀ ਤੇ ਸਹਿਜ ਤੇ ਸੁਹਜ ਵਾਲੇ ਰੂਪ ਵਿਚ ਵਿਚਰਨਾ ਹੈ ਤਾਂ ਸਾਨੂੰ ਆਪਣੇ ਗੌਰਵਮਈ ਵਿਰਸੇ ਵਲ ਪਰਤਣਾ ਹੀ ਨਹੀਂ ਪਵੇਗਾ ਸਗੋਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਠੋਸ ਉਪਾਵਾਂ ਸਦਕਾ ਉਸ ਨਾਲ ਜੋੜਨਾ ਹੋਵੇਗਾ। ਕੇਸ ਰਖ ਕੇ ਤੇ ਇਨ੍ਹਾਂ ਦਾ ਪੂਰਾ ਪੂਰਾ ਸਤਿਕਾਰ ਕਰ ਕੇ ਜਿਵੇਂ ਇਕ ਸਿਖ ਸੁਤੇ ਸਿਧ ਕੁਦਰਤੀ ਸ਼ਕਤੀ ਸਰੋਤ ਦਾ ਅਨਿਖੜਵਾਂ ਅੰਗ ਬਣ ਜਾਂਦਾ ਹੈ ਤੇ ਫਿਰ ਉਸ ਦੀ ਹਸਤੀ ਮਿਟਣ ਦਾ ਡਰ ਭਉ ਸਮਾਪਤ ਹੋ ਸਕਦਾ ਹੈ ਇਵੇਂ ਹੀ ਸਾਰੀ ਮਨੁੱਖਤਾ ਗੌਰਵਮਈ ਢੰਗ ਨਾਲ ਕੁਦਰਤ ਨਾਲ ਜੁੜ ਸਕਦੀ ਹੈ ਜੇਕਰ ਉਹ ਕੇਸਾਂ ਦਾ ਸਤਿਕਾਰ ਕਰਨ ਲੱਗ ਜਾਵੇ।



Sri Satguru Jagjit Singh Ji eLibrary NamdhariElibrary@gmail.com

# ਕੇਸਾਂ ਦੀ ਯੋਗ ਸਾਂਭ-ਸੰਭਾਲ ਬਾਰੇ ਖੋਜ

ਜਿਵੇਂ ਕੇਸਾਂ ਬਾਰੇ ਖੋਜ ਕੀਤੀ ਗਈ ਹੈ ਉਵੇਂ ਹੀ ਕੇਸਾਂ ਦੀ ਸੰਭਾਲ ਅਤੇ ਦੇਖ ਰੇਖ ਬਾਰੇ ਵੀ ਕੁਝ ਮਹਤਵਪੂਰਣ ਤਥ ਸਾਹਮਣੇ ਲਿਆਂਦੇ ਗਏ ਹਨ। ਸਾਇੰਸਦਾਨਾਂ ਦਾ ਮਤ ਹੈ ਕਿ ਵਿਸ਼ੇਸ਼ ਕਰਕੇ ਸਿਰ ਦੇ ਕੇਸ ਕੜਕਵੀਂ ਧੁਪ, ਨਿਮ੍ਹੇ ਮਾਹੌਲ ਅਤੇ ਪਰਦੂਸ਼ਤ ਵਾਤਾਵਰਨ ਵਿਚ ਆਪਣਾ ਕਾਫੀ ਕਾਰਜੀ ਬਲ ਖੋਹ ਦੇਂਦੇ ਹਨ ਇਸ ਲਈ ਕੇਸਾਂ ਦੀ ਸੰਭਾਲ ਲਈ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਇਹ ਵਧੇਰੇ ਉਚਿਤ ਹੋਵੇਗਾ ਕਿ ਕੇਸਾਂ ਨੂੰ ਢੱਕ ਕੇ ਰਖਿਆ ਜਾਵੇ ਤਾਂ ਜੋ ਕੇਸ ਧੂੜ ਧਪੇ ਅਤੇ ਉਕਤ ਪ੍ਰਸਥਿਤੀਆਂ ਦੇ ਨੁਕਸਾਨ ਤੋਂ ਬਚੇ ਰਹਿ ਕੇ ਆਪਣੀ ਕਿਰਿਆ, ਪੂਰਨ ਬਲ-ਪੂਰਵਕ ਢੰਗ ਨਾਲ ਕਰ ਸਕਣ। ਉਕਤ ਤੋਂ ਇਲਾਵਾ ਖੋਜ ਤੇ ਅਧਾਰਿਤ ਇਹ ਸਿਟਾ ਵੀ ਕਢਿਆ ਗਿਆ ਹੈ ਕਿ ਜੇਕਰ ਕੇਸਾਂ ਨੂੰ ਢੱਕ ਕੇ ਰਖਿਆ ਜਾਵੇ ਤਾਂ ਉਹ ਥੋੜ੍ਹੇ ਸਮੇਂ ਵਿਚ ਦੂਣੀ ਤੇਜ਼ ਕਿਰਿਆ ਨਾਲ ਕੰਮ ਕਰਨ ਲਗ ਜਾਂਦੇ ਹਨ। ਇਹ ਵੀ ਸਾਬਤ ਹੋ ਚੁਕਾ ਹੈ ਕਿ ਢੱਕੇ ਹੋਏ ਕੇਸ ਨੰਗੇ ਕੇਸਾਂ ਨਾਲੋਂ ਬਹੁਤ ਜਲਦੀ ਵਧਦੇ ਹਨ। ਬਹੁਤ ਧਰਮਾਂ ਵਿਚ ਇਹ ਰਿਵਾਜ ਹੈ ਕਿ ਜਦ ਕੋਈ ਵਿਅਕਤੀ ਧਾਰਮਿਕ ਅਸਥਾਨ ਵਿਚ ਜਾਂਦਾ ਹੈ ਤਾਂ ਉਹ ਸਿਰ ਢੱਕ ਕੇ ਹੀ ਜਾਂਦਾ ਹੈ। ਜਦ ਅਸੀਂ ਪਾਠ-ਪੂਜਾ ਕਰਨੀ ਹੁੰਦੀ ਹੈ ਤਾਂ ਵੀ ਅਸੀਂ ਸਿਰ ਢੱਕ ਕੇ ਬੈਠਦੇ ਹਾਂ। ਇਸ ਦਾ ਪਰਮੁਖ ਕਾਰਨ ਇਹ ਹੈ ਕਿ ਸਿਰ ਦੇ ਢੱਕੇ ਹੋਏ ਹੋਣ ਨਾਲ ਕੇਸ ਸਾਡੇ ਦਿਮਾਗ ਵਿਚ ਵਧੇਰੇ ਸ਼ਕਤੀ ਦੀ ਸਿਰਜਣਾ ਕਰ ਰਹੇ ਹੁੰਦੇ ਹਨ।

ਜਦ ਅਸੀਂ ਭਗਤੀ ਵਿਚ ਲੀਨ ਹੋਣ ਕਾਰਨ ਲੋੜ ਨਾਲੋਂ ਵਧ ਸ਼ਕਤੀ ਨੂੰ ਖਰਚ ਕਰ ਰਹੇ ਹੁੰਦੇ ਹਾਂ ਤਾਂ ਢੱਕੇ ਹੋਏ ਕੇਸ ਸਾਡੀ ਵਾਧੂ ਲੋੜ ਨੂੰ ਪੂਰਿਆਂ ਕਰਨ ਵਿਚ ਜੁਟੇ ਹੋਏ ਹੁੰਦੇ ਹਨ। ਪਰ ਕਿਤਨੇ ਅਫਸੋਸ ਦੀ ਗਲ ਹੈ ਕਿ ਅਜ ਕਲ ਇਤਨੀ ਮਹਤਵਪੂਰਣ ਗਲ ਨੂੰ ਅਣਗੌਲਿਆਂ ਸੁਟ ਕੇ ਅਸੀਂ ਰਿਵਾਜੀ ਤੌਰ ਤੇ ਹੀ ਕੇਸਾਂ ਨੂੰ ਕੱਜ ਕੇ ਧਾਰਮਿਕ ਅਸਥਾਨਾਂ ਵਿਚ ਜਾਂਦੇ ਹਾਂ। ਨਤੀਜਾ ਇਹ ਵੀ ਕਢਿਆ ਗਿਆ ਹੈ ਕਿ ਜੇਕਰ ਕੇਸ ਕਿਸੇ ਸੂਤੀ ਕਪੜੇ ਨਾਲ ਕਜੇ ਜਾਣ ਤਾਂ ਸੌ ਫੀਸਦੀ ਸੂਰਜੀ ਸ਼ਕਤੀ ਉਸ ਸੂਤੀ ਕਪੜੇ ਵਿਚੋਂ ਨਿਕਲ ਕੇ ਕੇਸਾਂ ਤਕ ਪਹੁੰਚ ਕੇ ਆਪਣਾ ਅਮਲ ਜਾਰੀ ਰਖਦੀ ਹੈ ਅਤੇ ਹੋਰ ਕਿਸੇ ਪ੍ਰਕਾਰ ਦਾ ਕਪੜਾ ਅਜਿਹੇ ਗੁਣ ਨਹੀਂ ਰਖਦਾ। ਸਰਦੀਆਂ ਵਿਚ ਕਾਲੇ ਸੂਤੀ ਕਪੜੇ ਨਾਲ ਕੇਸ ਢਕਣ ਨਾਲ ਵਧੇਰੇ ਗਰਮੀ ਸਿਰ ਵਿਚ ਪਹੁੰਚਦੀ ਹੈ ਤੇ ਗਰਮੀਆਂ ਵਿਚ ਸਫੇਦ ਕਪੜੇ ਦੇ ਪ੍ਰਯੋਗ ਨਾਲ ਘਟ ਗਰਮੀ ਸਿਰ ਨੂੰ ਲਗਦੀ ਹੈ। ਇਕ ਗਲ ਹੋਰ ਵੀ ਸਾਹਮਣੇ ਆਈ ਹੈ ਕਿ ਕੇਸ ਸਾਫ ਸੁਥਰੇ ਹੋਣ ਦੀ ਸੂਰਤ ਵਿਚ ਆਪਣੇ ਕਾਰਜ ਵਧੇਰੇ ਸੁਗਮਤਾ ਨਾਲ ਕਰ ਸਕਦੇ ਹਨ। ਇਸੇ ਕਾਰਨ ਹੀ ਸ਼ਾਇਦ ਕੁੜੀਆਂ ਨੂੰ ਨੰਗੇ ਸਿਰ ਝਾੜੂ ਦੇਣ ਤੋਂ ਅਤੇ ਸਿਰ ਉਤੇ ਟੋਕਰੀ ਚੁਕਣ ਤੋਂ ਵਰਜਿਆ ਜਾਂਦਾ ਹੈ ਤਾਂ ਜੋ ਉਹਨਾਂ ਦੇ ਕੇਸਾਂ ਦੀ ਕਾਰਜ ਕੁਸ਼ਲਤਾ ਵਿਚ ਮਿਟੀ ਘਟੇ ਕਾਰਨ ਵਿਘਨ ਨਾ ਪੈ ਸਕੇ। ਸ਼ਾਇਦ ਇਸੇ ਕਾਰਨ ਨੂੰ ਮੁਖ ਰਖ ਕੇ ਹੀ ਲੜਕੀਆਂ ਦੇ ਨੰਗੇ ਸਿਰ ਨਾਲ ਉਕਤ ਕਾਰਜ ਕਰਨ ਨੂੰ ਲੋਕੀ ਬਦਸ਼ਗਣੀ ਕਹਿ ਕੇ ਅਜਿਹਾ ਕਰਨ ਤੋਂ ਉਨ੍ਹਾਂ ਨੂੰ ਰੋਕਦੇ ਹਨ। ਭੋਲੇ ਭਾਲੇ ਲੋਕੀ ਦਲੀਲ ਨਾਲੋਂ ਵਹਿਮ ਨੂੰ ਜਲਦੀ ਗ੍ਰਹਿਣ ਕਰਦੇ ਹਨ। ਚਲੋ ਇਸ ਕੇਸ ਵਿਚ ਉਨ੍ਹਾਂ ਦਾ ਵਹਿਮ ਵੀ ਉਨ੍ਹਾਂ ਨੂੰ ਲਾਭਦਾਇਕ ਸਥਿਤੀ ਪ੍ਰਦਾਨ ਕਰਦਾ ਹੈ।

ਪਲਾਸਟਿਕ ਦੇ ਕੰਘੇ ਨਾਲ ਕੇਸ ਵਾਹੁਣਾ ਕੇਸਾਂ ਲਈ ਖਤਰਨਾਕ ਹੋ ਸਕਦਾ ਹੈ ਕਿਉਂਕਿ ਅਜਿਹਾ ਕੰਘਾ ਕੇਸਾਂ ਵਿਚ ਅਚੱਲ ਬਿਜਲੀ ਪੈਦਾ ਕਰਦਾ ਹੈ ਜਿਹੜੀ ਕੇਸਾਂ



Sri Satguru Jagjit Singh Ji eLibrary NamdhariElibrary@gmail.com

ਦੇ ਮੂਲ ਸੋਮੇ (ਜਿਸ ਨੂੰ ਪਪਿਲਾ ਕਹਿੰਦੇ ਹਨ) ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਹ ਪਪਿਲਾ ਕੇਸਾਂ ਨੂੰ ਪੋਸ਼ਟਕ ਤਤ ਪਹੁੰਚਾਣ ਦੀ ਕਿਰਿਆ ਕਰਦਾ ਹੈ ਅਤੇ ਜਦ ਕੋਈ ਵਾਲ ਆਪਣੀ ਕਾਰਜ ਅਵੱਧੀ ਪੂਰੀ ਕਰਨ ਉਪਰੰਤ ਗਿਰਦਾ ਹੈ ਤਾਂ ਇਹ ਪਪਿਲਾ ਆਪਣੇ ਵਿਚ ਇਕੱਠੀ ਕੀਤੀ ਤਾਕਤ ਦੇ ਸਦਕੇ ਉਥੇ ਹੋਰ ਨਵਾਂ ਰੋਮ ਉਤਪੰਨ ਕਰਨ ਦਾ ਅਮਲ ਫੌਰਨ ਪ੍ਰਾਰੰਭ ਕਰ ਦੇਂਦਾ ਹੈ। ਨਵੀਂ ਖੋਜ ਅਨੁਸਾਰ ਕੇਸ ਲਕੜ ਦੇ ਕੰਘੇ ਨਾਲ ਵਾਹੁਣੇ ਚਾਹੀਦੇ ਹਨ ਜਿਹੜਾ ਕੇਸਾਂ ਨੂੰ ਹਰ ਲਿਹਾਜ਼ ਨਾਲ ਸਵਛਤਾ ਤੇ ਸੁਰਖਿਆ ਪ੍ਰਦਾਨ ਕਰਦਾ ਹੈ। ਪਰ ਇਤਨਾ ਖਿਆਲ ਜ਼ਰੂਰ ਰਖਿਆ ਜਾਣਾ ਚਾਹੀਦਾ ਹੈ ਕਿ ਕੰਘਾ ਕਰਨ ਲਗਿਆਂ ਵਾਲ ਗਿਲੇ ਨਹੀਂ ਹੋਣੇ ਚਾਹੀਦੇ ਕਿਉਂਕਿ ਇਵੇਂ ਕਰਨ ਨਾਲ ਕੇਸ ਜਾਂ ਤਾਂ ਟੁਟ ਜਾਂਦੇ ਹਨ ਜਾਂ ਫਿਰ ਇਹਨਾਂ ਦੀਆਂ ਜੜ੍ਹਾਂ ਕਮਜ਼ੋਰ ਹੋ ਕੇ ਹਿਲ ਜਾਂਦੀਆਂ ਹਨ ਜਿਹਨਾਂ ਕਰਕੇ ਕੇਸਾਂ ਦੀ ਕਰਮਸ਼ੀਲਤਾ ਅਤੇ ਉਮਰ ਉਤੇ ਮਾਰੂ ਅਸਰ ਪੈਂਦਾ ਹੈ।

ਉਕਤ ਗਲਾਂ ਅਜ ਸਾਇੰਸੀ ਯੁਗ ਦੀ ਖੋਜ ਸਦਕਾ ਸਾਨੂੰ ਪਤਾ ਲਗ ਸਕੀਆਂ ਹਨ ਪਰ ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹਨਾਂ ਨੇ ਅਜ ਤੋਂ ਤਿੰਨ ਸੌ ਸਾਲ ਪਹਿਲਾਂ ਇਹਨਾਂ ਬਾਰੇ ਸਾਨੂੰ ਸੁਚੇਤ ਕਰਦਿਆਂ ਹਦਾਇਤ ਕੀਤੀ ਸੀ ਕਿ ਕੇਸਾਂ ਦੇ ਵਾਹੁਣ ਲਈ ਕੇਵਲ ਲਕੜੀ ਦੇ ਕੰਘੇ ਦਾ ਹੀ ਪ੍ਰਯੋਗ ਕਰਨਾ ਹੈ ਅਤੇ ਕੇਸਾਂ ਨੂੰ ਢੱਕਣ ਲਈ ਸੂਤੀ ਕਪੜੇ ਦੀ ਬਣੀ ਦਸਤਾਰ ਹੀ ਸਜਾਉਣੀ ਹੈ। **ਕੇਸ ਰਖ ਕੇ ਤੇ ਉਨ੍ਹਾਂ ਦੀ ਯੋਗ ਸੰਭਾਲ ਕਰਕੇ ਹਰ ਸਿੱਖ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਨਜ਼ਰਾਂ ਵਿਚ ਪਰਵਾਨ ਚੜ੍ਹਦਾ ਹੋਇਆ ਉਨ੍ਹਾਂ ਦੀਆਂ ਅਸੀਸਾਂ, ਮਿਹਰਾਂ ਤੇ ਬਖਸ਼ਸ਼ਾਂ ਦਾ ਪਾਤਰ ਬਣਦਾ ਹੈ। ਸਿਖ ਲਈ ਕੇਸ ਅਜਿਹੀ ਵਡੀ ਮਹਤਤਾ ਰਖਦੇ ਹਨ। ਗੁਰੂ ਸਾਹਿਬ ਨੇ ਕੇਸਾਂ ਵਿਚ ਅੰਮ੍ਰਿਤ ਦੇ ਛਿਟੇ ਮਾਰ ਕੇ ਇਨ੍ਹਾਂ ਨੂੰ ਵੀ ਅਮਰ ਕਰ ਦਿਤਾ ਹੈ ਅਤੇ ਇਨ੍ਹਾਂ ਨਾਲ ਆਪਣੀਆਂ ਯਾਦਾਂ ਤੇ ਵਰਦਾਨਾਂ ਦਾ ਮਾਣਜਨਕ ਇਤਿਹਾਸ ਜੋੜ ਦਿਤਾ ਹੈ। ਉਨ੍ਹਾਂ ਦੀ ਇਸ ਕਿਰਪਾ ਦਰਿਸ਼ਟੀ ਨਾਲ ਕੇਸ ਸਿੰਘਾਂ ਲਈ ਉਹ ਤਾਜ ਬਣ ਗਏ ਹਨ ਜੋ ਸਤਿਗੁਰਾਂ ਨੇ ਇਨ੍ਹਾਂ ਦੇ ਸੀਸਾਂ ਤੇ ਆਪ ਸ਼ੋਭਨੀਕ ਕੀਤੇ ਹਨ। ਸਾਨੂੰ ਇਸ ਮਾਣ ਜਨਕ ਸਥਿਤੀ ਤਕ ਲਿਆਉਣ ਲਈ ਗੁਰੂ ਸਾਹਿਬ ਨੇ ਆਪਣਾ ਸਰਬੰਸ ਤਕ ਵੀ ਹਸ ਹਸ ਕੇ ਨਿਛਾਵਰ ਕਰ ਦਿਤਾ।** ਇਸ ਲਈ ਸਾਨੂੰ ਇਨ੍ਹਾਂ ਕੇਸ ਰੂਪ ਤਾਜਾਂ ਨਾਲ ਜੁੜੀਆਂ ਭਾਵਨਾਵਾਂ ਤੇ ਸਤਿਕਾਰਾਂ ਦੇ ਯੋਗ ਵਾਰਸ ਹੋਣ ਲਈ ਕੇਸਾਂ ਦਾ ਭਰਵਾਂ ਸਤਿਕਾਰ ਕਰਨਾ ਬਣਦਾ ਹੈ। ਪ੍ਰਸਿਧ ਵਿਦਵਾਨ ਪ੍ਰੋ· ਪੂਰਨ ਸਿੰਘ ਕੇਸਾਂ ਅਤੇ ਕੇਸਾਂ ਤੋਂ ਸਿਰਜੇ ਜੂੜੇ ਨੂੰ ਦੇਖ ਕੇ ਬਹੁਤ ਭਾਵਕ ਹੋ ਕੇ ਕੇਸਾਂ ਦੇ ਸਤਿਕਾਰ ਵਿਚ ਜੋ ਕੁਝ ਸੋਚਦੇ ਤੇ ਲਿਖਦੇ ਹਨ ਉਸ ਨੂੰ ਅਗਲੀਆਂ ਕੁਝ ਲਾਈਨਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਉਹ ਲਿਖਦੇ ਹਨ: ਕੀ ਤੁਸੀਂ ਇਹ ਨਹੀਂ ਜਾਣਦੇ ਕਿ ਸਾਡੇ ਕੇਸ ਭਰਮ ਦੇ ਸਾਗਰ ਦੀਆਂ ਝੁਮਕੜ ਲਹਿਰਾਂ ਹਨ? ਗੁਰੂ ਗੋਬਿੰਦ ਸਿੰਘ ਜੀ ਨੇ ਚੇਤਨਾ ਦੇ ਸਾਗਰ ਵਿਚੋਂ ਲਹਿਰਾਂ ਇਵੇਂ ਇਕਠੀਆਂ ਕੀਤੀਆਂ ਹਨ ਜਿਵੇਂ ਕੋਈ ਮਾਂ ਆਪਣੇ ਬਚੇ ਦੇ ਕੇਸ ਇਕਠੇ ਕਰ ਕੇ ਗੁੰਦਦੀ ਸੰਵਾਰਦੀ ਹੈ। ਗੁਰੂ ਸਾਹਿਬ ਨੇ ਉਨ੍ਹਾਂ ਲਹਿਰਾਂ ਰੂਪੀ ਕੇਸਾਂ ਨੂੰ ਧੋਤਾ, ਉਨ੍ਹਾਂ ਵਿਚ ਕੰਘਾ ਵਾਹਿਆ ਅਤੇ ਉਨ੍ਹਾਂ ਨੂੰ ਇਕ ਜੂੜੇ ਦੀ ਸ਼ਕਲ ਦਿਤੀ ਜੋ ਕਿ ਭਵਿਖੀ ਮਾਨਵਤਾ ਲਈ ਇਕ ਪ੍ਰਤਿਗਿਆ ਦਾ ਰੂਪ ਹੋਵੇ। ਇਹ ਜੂੜਾ ਮਨੁੱਖ ਵਿਚ ਕਿਸੇ ਜ਼ਾਤ ਪਾਤ, ਭੇਦ ਭਾਵ ਨੂੰ ਸਵੀਕਾਰ ਨਾ ਕਰਨ ਦਾ ਪ੍ਰਤੀਕ ਵੀ ਹੈ ਜਿਹੜਾ ਆਤਮਿਕ ਭਾਈਚਾਰੇ ਲਈ ਸ਼ਾਂਤੀ ਤੇ ਮਿਤਰਤਾ ਲਈ


Sri Satguru Jagjit Singh Ji eLibrary NamdhariElibrary@gmail.com

ਕਰਮਸ਼ੀਲ ਰਹਿੰਦਾ ਹੈ ਤੇ ਸਦਾ ਰਹੇਗਾ। ਜਿਹੜਾ ਵਿਅਕਤੀ ਵਾਹਿਗੁਰੂ ਦੇ ਇਸ ਜੂੜੇ ਦਾ ਧਾਰਨੀ ਹੋਵੇਗਾ ਉਹ ਸਾਰੇ ਮਨੁੱਖਾਂ ਦਾ ਭਰਾ ਹੋਵੇਗਾ ਅਤੇ ਖੁਦਗਰਜ਼ੀ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ ਹੋਵੇਗਾ। ਉਹ ਵਖਰੇਵੇਂ ਪੰਨ ਤੋਂ ਵੀ ਪਰੇ ਰਹੇਗਾ ਅਤੇ ਹਰ ਪਰਕਾਰ ਦੀ ਲੁੱਟ ਮਾਰ ਤੋਂ ਕਿਨਾਰਾ ਕਸ਼ੀ ਕਰੇਗਾ ਅਤੇ ਕਿਸੇ ਤੇ ਜ਼ੁਲਮ ਕਰਨ ਜਾਂ ਕਿਸੇ ਨੂੰ ਨੀਵਾਂ ਦਖਾਉਣ ਵਿਚ ਵਿਸ਼ਵਾਸ ਨਹੀਂ ਰਖੇਗਾ।

ਉਹ ਸਜਣ ਜਿਹੜੇ ਹਾਲੇਂ ਪ੍ਰੇਮ ਦਾ ਕਾਨੂੰਨ ਨਹੀਂ ਜਾਣਦੇ ਉਹ ਇਸ ਪਵਿਤਰ ਜੂੜੇ ਦੇ ਯੋਗ ਧਾਰਨੀ ਨਹੀਂ ਹੋ ਸਕਦੇ ਇਸ ਲਈ ਉਨ੍ਹਾਂ ਨੂੰ ਆਪਣੇ ਸਵਾਮੀ ਗੁਰੂ ਦਾ ਬਖਸ਼ਿਆ ਇਹ ਜੂੜਾ ਧਾਰਨ ਕਰਨਾ ਨਹੀਂ ਸ਼ੋਭਦਾ ਪਰ ਜਿਹੜੇ ਇਸ ਜੂੜੇ ਨੂੰ ਅੰਗੀਕਾਰ ਕਰਦੇ ਹਨ ਉਨ੍ਹਾਂ ਨੂੰ ਇਹ ਇਸ ਨਿਸ਼ਾਨੀ ਵਜੋਂ ਰਖਣਾ ਚਾਹੀਦਾ ਹੈ ਕਿ ਉਹ ਆਮ ਲੋਕਾਂ ਨਾਲੋਂ ਆਤਮਿਕ ਤੌਰ ਤੇ ਵਖਰੇਵੇਂ ਦੀ ਸਥਿਤੀ ਦੇ ਪ੍ਰਗਟਾਵੇ ਕਰਕੇ ਰਖ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਜਿਹਾ ਹੀ ਹੁਕਮ ਕੀਤਾ ਹੈ ਅਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਨਾ ਹੀ ਜ਼ਿੰਦਗੀ ਹੈ, ਜੀਵਨ ਹੈ। ਇਸ ਮਹਾਨ ਪਿਆਰ ਤੋਂ ਬਾਹਰ ਇਕ ਸਿਖ ਦੇ ਆਦਰਸ਼ ਪੂਰਣ ਜੀਵਨ ਦੀ ਗੁੰਜਾਇਸ਼ ਹੀ ਨਹੀਂ ਹੋ ਸਕਦੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਪਰਦਾਨ ਕੀਤੇ ਕੇਸਾਂ ਵਾਲੇ ਜੂੜੇ ਧਾਰਨ ਕਰਨ ਵਾਲੇ ਸਾਰੇ ਭੈਣ ਭਰਾਵਾਂ ਦਾ ਉਦੇਸ਼ ਨਿਰਾਲਾ ਹੈ, ਦਿਸ਼ਾਵਾਂ ਅਨੋਖੀਆਂ ਹਨ ਅਤੇ ਪਰੇਰਨਾਵਾਂ ਵਖਰੀਆਂ ਹਨ।

ਅਸੀਂ ਇਸ ਗਲ ਨੂੰ ਕੋਈ ਮਹਤਤਾ ਨਹੀਂ ਦੇਂਦੇ ਕਿ ਜ਼ਿੰਦਗੀ ਕਿਨ੍ਹਾਂ ਹਾਲਤਾਂ ਵਿਚ ਲੰਘ ਰਹੀ ਹੈ। ਪਿਆਰੇ ਪ੍ਰਮਾਤਮਾ ਨੂੰ ਆਪਣੇ ਜੀਵਨ ਦੇ ਸਵਾਸਾਂ ਨਾਲ ਜੋੜ ਕੇ ਰਖਣਾ, ਉਸ ਦੀ ਰਜ਼ਾ ਵਿਚ ਜੀਣਾ ਸਾਡੇ ਲਈ ਮਹਤਵਪੂਰਣ ਹੈ। ਇਸ ਲਈ ਅਸੀਂ ਕੰਡਿਆਲੀਆਂ ਸੇਜਾਂ ਤੇ ਵੀ ਹਸਦੇ ਫੁਲਾਂ ਵਾਂਗ ਹੁੰਦੇ ਹਾਂ ਅਤੇ ਮਖਮਲੀ ਵਸਤਰਾਂ ਤੇ ਵੀ ਸਾਡੀ ਖੁਸ਼ੀ ਇਕ ਸਮਾਨ ਹੀ ਹੁੰਦੀ ਹੈ। ਉਹ ਸਾਰੇ ਲੋਕੀ ਜੋ ਗੁਰੂ ਗੋਬਿੰਦ ਸਿੰਘ ਵਲੋਂ ਪ੍ਰਦਾਨ ਕੀਤੇ ਕੇਸਾਂ ਦੇ ਜੂੜੇ ਦੇ ਭਰਾਤਰੀ ਭਾਵ ਦੀ ਸਾਂਝ ਵਿਚ ਬਝਣਾ ਚਾਹੁੰਦੇ ਹਨ, ਉਹ ਖੁਸ਼ੀ ਨਾਲ ਸ਼ਾਮਲ ਹੋ ਕੇ ਅਜਿਹਾ ਕਰ ਸਕਦੇ ਹਨ। ਇਹ ਪ੍ਰੇਮ ਦਾ ਜੀਵਨ ਹੈ। ਕਿਸੇ ਹੋਰ ਸਚ ਦਾ ਨਹੀਂ। ਬਾਕੀ ਸਾਰੇ ਸਚ ਸਾਡੇ ਨਾਲ ਸਬੰਧ ਨਹੀਂ ਰਖਦੇ। ਅਸੀਂ ਹੁਣ ਗੁਰੂ ਗੋਬਿੰਦ ਸਿੰਘ ਦੇ ਦਿਤੇ ਕੇਸ ਜੂੜੇ ਦਾ ਸੰਘ ਹਾਂ। ('The spirit born people', page 44, Prof. Puran Singh)

ਕਿਉਂਕਿ ਕੇਸਾਂ ਬਾਰੇ ਵੱਖ ਵੱਖ ਪਹਿਲੂਆਂ ਤੇ ਹੋਈ ਖੋਜ ਦੀ ਸਰਸਰੀ ਜਹੀ ਗਲ ਚਲ ਰਹੀ ਹੈ ਇਸ ਲਈ ਇਹ ਲਿਖਣਾ ਵੀ ਬਜਾ ਹੋਵੇਗਾ ਕਿ ਜਦ ਅਸੀਂ ਭਗਤੀ ਜਾਂ ਪਾਠ ਪੂਜਾ ਵਿਚ ਪੂਰੀ ਤਰ੍ਹਾਂ ਲੀਨ ਹੁੰਦੇ ਹਾਂ ਤਾਂ ਸਾਡੇ ਸਰੀਰ ਵਿਚ ਕੰਮ ਕਰ ਰਿਹਾ ਮਿਕਨਾਤੀਸੀ ਖੇਤਰ ਬਹੁਤ ਸਰਗਰਮ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਹੈ। ਜਿਉਂ ਜਿਉਂ ਮਨੁਖ ਭਗਤੀ ਵਿਚ ਜ਼ਿਆਦਾ ਲਗਨਸ਼ੀਲ ਹੁੰਦਾ ਹੈ ਤਿਉਂ ਤਿਉਂ ਇਹ ਮਿਕਨਾਤੀਸੀ ਖੇਤਰ ਆਪਣੇ ਸਰਬ ਵਿਆਪੀ ਮਿਕਨਾਤੀਸੀ ਖੇਤਰ ਵਿਚੋਂ ਵਧੇਰੇ ਸ਼ਕਤੀ ਖਿਚਦਾ ਹੈ। ਇਸ ਤਰ੍ਹਾਂ ਦਿਮਾਗ ਵਿਚ ਇਕ ਖਾਸ ਕਿਸਮ ਦੀ ਆਵਾਜ਼ ਉਤਪੰਨ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਨੂੰ ਅਸੀਂ ਅਨਾਦੀ ਧੁਨ ਦਾ ਨਾਂ ਦਿੰਦੇ ਹਾਂ। ਇਹ ਕਾਰਜ ਢਕੇ ਹੋਏ ਸਾਫ ਸੁਥਰੇ ਸਵਛ ਲੰਬੇ ਕੇਸਾਂ ਕਰਕੇ ਜ਼ਿਆਦਾ ਤੇਜ਼ੀ ਨਾਲ ਅਮਲ ਵਿਚ ਆਉਂਦਾ ਹੈ।

**ਇਹ ਠੀਕ ਹੈ ਬਹੁਤ ਮਨੁਖ ਹਾਲੇ ਵੀ ਕੇਸਾਂ ਦੇ ਬਹੁਪਖੀ ਗੁਣਾਂ ਤੋਂ**



Sri Satguru Jagjit Singh Ji eLibrary NamdhariElibrary@gmail.com

ਅਣਜਾਣ ਹਨ ਪਰ ਇਸ ਦੇ ਉਲਟ ਕੁਝ ਲੋਕੀ ਤਾਂ ਕੇਸਾਂ ਨੂੰ ਰਬੀ ਸ਼ਕਤੀ ਅਤੇ ਬਾਣੀ ਗ੍ਰਹਿਣ ਕਰਨ ਲਈ ਏਰੀਅਲ ਦਾ ਦਰਜਾ ਵੀ ਦਿੰਦੇ ਹਨ ਜੋ ਕਿ ਬਹੁਤ ਹਦ ਤਕ ਸਹੀ ਗੱਲ ਹੈ। ਪਰ ਜਿਥੇ ਤਕ ਸਿੱਖਾਂ ਦਾ ਸਬੰਧ ਹੈ ਉਹ ਤਾਂ ਕੇਸਾਂ ਨੂੰ ਸਿੱਖੀ ਦਾ ਪਹਿਰਾਵਾ ਸਮਝਦੇ ਹਨ ਜਿਸ ਨਾਲ ਸਿੱਖੀ ਸ਼ੋਭਨੀਕ ਪਰਤੀਤ ਹੁੰਦੀ ਹੈ ਅਤੇ ਸਿੱਖ ਸੂਰਬੀਰ ਯੋਧਾ ਜਾਪਦਾ ਹੈ। ਕੇਸਾਂ ਦੀ ਇਹ ਵਿਲੱਖਣ ਮਹਤਤਾ ਸਿੱਖ ਗੁਰੂ ਸਾਹਿਬਨ ਦੀ ਦੇਣ ਹੈ ਤੇ ਹਰ ਸਿਖ ਨੂੰ ਇਸ ਨੂੰ ਸਤਿਕਾਰੀ ਭਾਵਨਾ ਨਾਲ ਆਪਣੀ ਹਸਤੀ ਨਾਲ ਸਜਾਈ ਰਖਣਾ ਚਾਹੀਦਾ ਹੈ। ਕੇਸ ਰਖਣਾ ਅਕਾਲਪੁਰਖ ਦੀ ਇਛਾ ਹੈ ਤੇ ਗੁਰੂ ਦੀ ਖ਼ੁਸ਼ੀ। ਸਾਨੂੰ ਇਹ ਦੋਨੋਂ ਵਰਦਾਨ ਸਤਿਕਾਰਨ ਵਿਚ ਹੀ ਖ਼ੁਸ਼ੀ ਮਹਿਸੂਸ ਕਰਨੀ ਸ਼ੋਭਦੀ ਹੈ।

## ਕੇਸ ਰਖਣ/ਕਟਣ ਬਾਰੇ ਮਨੋਵਿਗਿਆਨੀਆਂ ਦੀ ਦਲੀਲ

ਮਨੋਵਿਗਿਆਨਿਕ ਖੋਜੀਆਂ ਨੇ ਕੇਸ ਕਟਵਾਉਣ ਦੀ ਪ੍ਰਵਿਰਤੀ ਬਾਰੇ ਘੋਖ ਕਰਦਿਆਂ ਇਕ ਅਨੁਮਾਨ ਲਗਾਇਆ ਹੈ ਕਿ ਮਨੁੱਖ ਦੇ ਧੁਰ ਅੰਦਰਲੇ ਮਨ ਅੰਦਰ ਇਕ ਅਜਿਹਾ ਸੰਘਰਸ਼ ਚਲ ਰਿਹਾ ਹੈ ਜਿਸ ਰਾਹੀਂ ਆਦਮੀ ਆਪਣੇ ਸਰੂਪ ਤੋਂ ਛੁਟਕਾਰਾ ਪਾ ਕੇ ਇਸਤਰੀ ਰੂਪ ਧਾਰਨ ਕਰਨਾ ਚਾਹੁੰਦਾ ਹੈ ਅਤੇ ਇਸ ਦੇ ਉਲਟ ਇਸਤਰੀ, ਮਰਦ ਦੀ ਸ਼ਕਲ ਪ੍ਰਾਪਤ ਕਰਨ ਵਿਚ ਪ੍ਰਸੰਨਤਾ ਲੋਚਦੀ ਹੈ। ਇਸ ਲਈ ਇਹ ਉਕਤ ਵਚਿਤਰ ਕਿਸਮ ਦੀ ਜੰਗ ਜੋ ਮਨੁੱਖ ਦੇ ਅਚੇਤ ਮਨ ਵਿਚ ਚਲ ਰਹੀ ਹੈ, ਕੇਸਾਂ ਉਤੇ ਜਾਣੇ ਅਣਜਾਣੇ ਰੂਪ ਵਿਚ ਬੜਾ ਮਾਰੂ ਅਸਰ ਪਾ ਰਹੀ ਹੈ। ਇਥੇ ਆ ਕੇ ਇਕ ਸਿੱਖ ਦਾ ਸਿਰ ਆਪਣੇ ਗੁਰੂਆਂ ਅਤੇ ਵਿਸ਼ੇਸ਼ ਕਰ ਕੇ ਗੁਰੂ ਗੋਬਿੰਦ ਸਿੰਘ ਅਗੇ ਝੁਕ ਜਾਂਦਾ ਹੈ ਜਿਨ੍ਹਾਂ ਸਾਨੂੰ ਕੇਸ ਰਖਣ ਦੀ ਪੂਰੀ ਪੂਰੀ ਤਾਕੀਦ ਕਰ ਕੇ ਇਸ ਬੇਲੋੜੀ ਤੇ ਕੁਵੱਲੀ ਜੰਗ ਦੀ ਪਕੜ ਵਿਚੋਂ ਸਦਾ ਸਦਾ ਲਈ ਕੱਢ ਦਿਤਾ ਹੈ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਪਖੋਂ ਵੀ ਦੇਣਾ ਨਹੀਂ ਦੇ ਸਕਦੇ ਜਿਨ੍ਹਾਂ ਨੇ ਸਾਨੂੰ ਹਦਾਇਤ ਕੀਤੀ ਹੈ ਕਿ ਅਸੀਂ ਅਕਾਲਪੁਰਖ ਵਲੋਂ ਦਿਤੇ ਸਰੂਪ ਨੂੰ ਬਰਕਰਾਰ ਰਖੀਏ। ਅਜਿਹਾ ਕਰਨ ਨਾਲ ਸਾਡੇ ਮਨ ਦੀਆਂ ਡੂੰਘਾਈਆਂ ਵਿਚ ਚਲ ਰਹੀ ਇਹ ਜੰਗ ਹਮੇਸ਼ਾ ਹਮੇਸ਼ਾ ਲਈ ਨਿਰ-ਅਸਰ ਹੋ ਜਾਵੇਗੀ ਤੇ ਸਾਡੇ ਚੰਚਲ ਮਨ ਨੂੰ ਟਿਕਾ ਵੀ ਮਿਲੇਗਾ। ਇਹ ਸਾਰਾ ਕੁਝ ਕੇਸਾਂ ਨੂੰ ਸਵੀਕਾਰ ਕਰਨ ਦੇ ਸਿਟੇ ਵਜੋਂ ਹੀ ਪ੍ਰਾਪਤ ਹੋ ਸਕਦਾ ਹੈ ਕਿਉਂਕਿ ਇਨ੍ਹਾਂ ਨੂੰ ਰੱਖ ਕੇ ਅਸੀਂ ਸਾਬਤ ਸੂਰਤ ਰਹਿ ਸਕਦੇ ਹਾਂ (ਭਾਵ ਮਰਦ ਮਰਦ, ਤੇ ਔਰਤ ਔਰਤ)।

ਕੀ ਇਸ ਗਲ ਦੀ ਆਸ ਕੌਮ ਤੋਂ ਰਖੀ ਜਾ ਸਕਦੀ ਹੈ ਕਿ ਉਹ ਅਜਿਹੇ ਉਪਰਾਲੇ ਜੁਟਾਵੇਗੀ ਜਿਨ੍ਹਾਂ ਨਾਲ ਇਹ 'ਸਾਬਤ ਸੂਰਤ' ਦਾ ਸੰਕਲਪ ਸਾਰੀ ਦੁਨੀਆ ਵਿਚ ਪਸਰ ਕੇ ਮਨੁੱਖ ਨੂੰ ਅਹਿਸਾਸ ਦਵਾ ਸਕੇਗਾ ਕਿ ਉਸ ਨੂੰ ਫੈਸ਼ਨ ਪ੍ਰਸਤੀ ਨੂੰ ਤਿਆਗ ਕੇ ਕੁਦਰਤ ਦੀ ਅਸਲੀਅਤ ਗ੍ਰਹਿਣ ਕਰਨ ਵਲ ਵਧਣਾ ਚਾਹੀਦਾ ਹੈ। ਇਸ ਉਤਸ਼ਾਹੀ ਉਮੀਦ ਦੀ ਰੌਸ਼ਨੀ ਵਿਚ ਅਰਦਾਸ ਕਰਦੇ ਹਾਂ:

***ਸਾਰੇ ਜਗ ਵਿਚ ਗੂੰਜੇਗਾ ਮੇਰੇ ਸਾਹਿਬ ਦਾ ਫਰਮਾਨ,***
***'ਸਾਬਤ ਸੂਰਤ ਰਬ ਦੀ ਭੰਨੇ ਬੇਈਮਾਨ'।।***

ਸਿਆਣੇ ਮਨੁਖਾਂ ਵਿਚ ਇੱਕ ਧਾਰਨਾ ਇਹ ਵੀ ਬਣੀ ਹੋਈ ਹੈ ਕਿ ਕੇਸ ਕਟਵਾਣਾ ਮਨੁਖ ਦੇ ਮਨੁੱਖੀ ਸਟੇਟਸ ਨੂੰ ਨੀਂਵਾਂ ਕਰਨ ਦੀ ਕਾਰਵਾਈ ਹੈ ਤੇ ਕੇਸ



Sri Satguru Jagjit Singh Ji eLibrary NamdhariElibrary@gmail.com

ਕਟਿਆ ਮਨੁੱਖ ਬਸ ਇਕ ਕਟਿਆ ਵਢਿਆ ਬਚਾ ਹੀ ਸਮਝਿਆ ਜਾ ਸਕਦਾ ਹੈ ਤੇ ਇਸ ਤੋਂ ਵਧ ਉਸ ਦੀ ਹਸਤੀ ਨੂੰ ਸਵੀਕਾਰਿਆ ਹੀ ਨਹੀਂ ਜਾ ਸਕਦਾ। T.R.Alley ਇਸ ਨੁਕਤੇ ਨੂੰ ਸਪੱਸ਼ਟ ਕਰਦਿਆਂ ਤਾਂ ਇਥੇ ਤਕ ਲਿਖਦਾ ਹੈ ਕਿ ਕੇਸ ਦਾਹੜੀ ਹੀਨ ਮਨੁੱਖ ਦਾ ਸਟੇਟਸ ਅਧੂਰਾ ਜਾਪਣ ਕਾਰਨ ਉਹ ਮਰਦਾਨਗੀ ਭਰੇ ਗੁਣਾਂ ਦੀ ਨੁਮਾਇੰਦਗੀ ਕਰਨ ਦੀ ਥਾਂ ਔਰਤਾਂ ਦੇ ਗੁਣਾਂ ਵਰਗਾ ਬਣ ਜਾਂਦਾ ਹੈ ਤੇ ਰੋਜ਼ ਦਾਹੜੀ ਦੀ ਸਫਾਈ ਕਰਨ ਦੀ ਕਾਰਵਾਈ ਉਸ ਨੂੰ ਔਰਤਾਂ ਵਾਲੇ ਸੁਭਾਅ ਦੀ ਪਰਪੱਕਤਾ ਦਾ ਅਹਿਸਾਸ ਕਰਵਾਉਂਦੀ ਰਹਿੰਦੀ ਹੈ (ਹਵਾਲਾ 'Social and applied aspects of perceiving faces' authored by T.R. Alley).

ਜਿਨ੍ਹਾਂ ਕੇਸਾਂ ਨੂੰ ਰਖਣ ਲਈ ਇਤਨਾ ਗੌਰਵਮਈ ਤੇ ਕਟਵਾਣ ਨਾਲ ਇਤਨਾ ਕਮਜ਼ੋਰੀ ਭਰਿਆ ਇਤਿਹਾਸ ਜੁੜਿਆ ਹੋਵੇ ਉਨ੍ਹਾਂ ਨੂੰ ਫੈਸ਼ਨ ਪ੍ਰਸਤੀ ਵਿਚ ਆ ਕੇ ਕਟਵਾਣਾ ਕਿਤਨੀ ਕੁ ਸਿਆਣਪ ਹੋ ਸਕਦੀ ਹੈ? ਜੇ ਜ਼ਰਾ ਵੀ ਧਿਆਨ ਨਾਲ ਸੋਚੀਏ ਤਾਂ ਇਹ ਪ੍ਰਤੱਖ ਦਿਸੇਗਾ ਕਿ ਜਿਹੜਾ ਪੁਰਸ਼ ਦਾਹੜੀ ਕੇਸ ਕਟਵਾਂਦਾ ਹੈ ਅਤੇ ਜਿਹੜੀ ਔਰਤ ਆਪਣੇ ਕੇਸ ਕਟਵਾਂਦੀ ਹੈ ਉਨ੍ਹਾਂ ਦੀ ਸ਼ਕਲ ਉਸ ਕਿਸਮ ਦੀ ਲਗਦੀ ਹੈ ਜਿਸ ਕਿਸਮ ਦੀ ਨਵ ਜਨਮੇ ਬੱਚੇ ਦੀ ਹੁੰਦੀ ਹੈ। ਇਸ ਲਈ ਅਸੀਂ ਅਜਿਹੇ ਵਿਅਕਤੀਆਂ ਨੂੰ ਪੂਰਨ ਮਨੁੱਖ ਜਾਂ ਪੂਰਨ ਔਰਤਾਂ ਕਹਿਣ ਦੀ ਥਾਂ ਵਡੇ ਬੱਚੇ ਜਾਂ ਵਡੇ ਨਿਆਣੇ ਕਹਿ ਸਕਦੇ ਹਾਂ। ਦੂਜੇ ਪਾਸੇ ਇਹ ਵੀ ਗ਼ਲਤ ਨਹੀਂ ਜਾਪਦਾ ਕਿ ਪੂਰਨ ਕੇਸਾ ਧਾਰੀ ਮਨੁੱਖ ਉਨ੍ਹਾਂ ਦੇ ਮੁਕਾਬਲੇ ਵਿਚ ਪੂਰਨ ਜਵਾਨ ਤੇ ਜਾਹੋ-ਜਲਾਲ ਵਾਲਾ ਮਰਦ ਦਿਸਦਾ ਹੈ। ਸਾਡੇ ਗੁਰੂਆਂ ਨੇ ਸਾਨੂੰ ਸੂਰਮੇ ਮਰਦ ਬਣਾਇਆ ਹੈ ਤੇ ਇਸੇ ਸੂਰਤ ਵਿਚ ਰਹਿ ਕੇ ਸਾਨੂੰ ਵਡਾ ਮਾਣ ਤੇ ਯੋਗ ਫਖਰ ਹੋਣਾ ਚਾਹੀਦਾ ਹੈ। ਇਸ ਕੁਦਰਤੀ ਸਰੂਪ ਵਾਲੀ ਸ਼ਕਲ ਦੇ ਧਾਰਨੀ ਹੋ ਕੇ ਅਸੀਂ ਮਾਨਵਤਾ ਦੇ ਗੌਰਵਮਈ ਇਤਿਹਾਸ ਦੇ ਸੁਤੇ ਸਿਧ ਤੇ ਇਕੋ ਇਕ ਵਾਰਸ ਅਖਵਾ ਸਕਦੇ ਹਾਂ। ਜਦ ਕੇਸਾਂ ਦੀ ਬਹੁ ਪਖੀ ਮਹਤਤਾ ਦਾ ਨਿਰਪਖ ਇਤਿਹਾਸ ਲਿਖਿਆ ਗਿਆ ਤਾਂ ਸਿੱਖ ਹੀ ਆਪਣੇ ਪੂਰਨ ਕੇਸਾ ਧਾਰੀ ਸਰੂਪ ਸਦਕਾ ਮਨੁਖਤਾ ਦੇ ਸਰਬਰਾਹ ਹੋਣ ਗੇ ਤੇ ਦੁਨੀਆ ਦਾ ਹਰ ਮਨੁੱਖ ਇਨ੍ਹਾਂ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖ ਕੇ ਇਨ੍ਹਾਂ ਜਿਹਾ ਹੋਣ ਦੀ ਜ਼ਰੂਰ ਰੀਸ ਕਰੇਗਾ। ਉਹ ਦਿਨ ਹੁਣ ਬਹੁਤੇ ਦੂਰ ਨਹੀਂ। ਇਸ ਲਈ ਸਾਨੂੰ ਆਪਣੇ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਕੇਸਾਂ ਦੀ ਦਾਤ ਬਖਸ਼ ਕੇ ਤੇ ਇਸ ਨਾਲ ਆਪਣਾ ਪਿਆਰ ਸਤਿਕਾਰ ਜੋੜ ਕੇ ਸਾਨੂੰ ਮਾਣ ਭਰਿਆ ਸਰੂਪ ਧਾਰਨ ਦੀ ਹਦਾਇਤ ਕਰ ਕੇ ਨਿਵਾਜਿਆ ਹੈ।

ਕੁਝ ਸਮਾਜ ਸ਼ਾਸਤਰੀਆਂ ਤੇ ਉੱਘੇ ਲੇਖਕਾਂ ਨੇ ਕੇਸਾਂ ਦੇ ਕਈ ਪਖਾਂ ਦਾ ਅਧਿਐਨ ਕਰਕੇ ਇਨ੍ਹਾਂ ਪ੍ਰਤੀ ਆਪਣੇ ਕੁਝ ਵਿਚਾਰ ਪ੍ਰਗਟਾਏ ਹਨ। ਸਰਸਰੀ ਜਹੀ ਝਲਕ ਮਾਤਰ ਕੁਝ ਟੂਕਾਂ ਇਥੇ ਅੰਕਤ ਕਰਨ ਦੀ ਖੁਸ਼ੀ ਲੈਂਦੇ ਹਾਂ ਤਾਂ ਕਿ ਹੋਰ ਪਰਪੱਕ ਹੋ ਸਕੇ ਕਿ ਗੁਰੂ ਦੀ ਦਾਤ ਇਹ ਕੇਸ ਇਨਸਾਨੀ ਜੀਵਨ ਵਿਚ ਕੀ ਮਹਤਤਾ ਰਖਦੇ ਹਨ।

## ਲੇਡੀ ਮੈਕਮਿਲਨ

ਕੇਸਾਧਾਰੀ ਖਾਲਸਾ ਸਜੀ ਅੰਗਰੇਜ਼ ਲੇਡੀ ਮੈਕਮਿਲਨ ਸਿੱਖਾਂ ਦੀ ਇਕ ਇਕਤਰਤਾ ਵਿਚ ਭਾਸ਼ਨ ਕਰਦੀ ਕੇਸਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਗਿਆਂ ਕਹਿੰਦੀ ਹੈ:


Sri Satguru Jagjit Singh Ji eLibrary NamdhariElibrary@gmail.com

'ਮੇਰੇ ਪਿਆਰੇ ਸਿੱਖ ਵੀਰੋ, ਤੁਹਾਡੇ ਸਿਰਾਂ ਤੇ ਸ਼ਸ਼ੋਭਤ ਕੇਸਾਂ ਨੂੰ ਤੁਸੀਂ ਸਿਰਫ ਵਾਲ ਹੀ ਨਾ ਸਮਝੋ ਇਹ ਤਾਂ ਉਹ ਬਿਜਲੀ ਦੀਆਂ ਤਾਰਾਂ ਹਨ ਜਿਹੜੀਆਂ ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਕਤੀਸ਼ਾਲੀ ਬਿਜਲੀ ਘਰ ਨਾਲ ਜੋੜਦੀਆਂ ਹਨ। ਤੁਹਾਨੂੰ ਇਨ੍ਹਾਂ ਕੇਸਾਂ ਨੂੰ ਭਾਰਤ ਮਾਤਾ ਦੇ ਸਤਿਕਾਰਯੋਗ ਸੀਸ ਉਤੇ ਸਭਿਆਚਾਰਕ ਤਾਜ ਦੀ ਨਿਆਈਂ ਤਸੱਵਰ ਕਰਨਾ ਚਾਹੀਦਾ ਹੈ'। ਇਹ ਹੈਰਾਨਗੀ ਦੀ ਗਲ ਨਹੀਂ ਕਿ ਇਕ ਬਦੇਸ਼ੀ ਮਹਿਲਾ ਸਾਨੂੰ ਸਮਝਾਂਦੀ ਹੈ ਕਿ ਇਕ ਸਿਖ ਲਈ ਕੇਸ ਕੀ ਮਹਤਤਾ ਰਖਦੇ ਹਨ।

## ਐਮ· ਏ· ਸਟੀਲ

ਮਿਸਿਜ਼ ਐਮ·ਏ· ਸਟੀਲ ਨੇ ਔਰਤਾਂ ਬਾਰੇ ਆਪਣੀ ਲਿਖੀ ਕਿਤਾਬ ਵਿਚ ਸਿਖਾਂ ਦੇ ਕੇਸਾਂ ਦੀ ਮਹਤਤਾ ਦਰਸਾਉਂਦਿਆਂ ਲਿਖਿਆ ਹੈ ਕਿ 'ਤੁਸੀਂ ਵੇਖਿਆ ਹੋਣਾ ਹੈ ਕਿ ਸਿੱਖ ਲੋਕਾਂ ਦੇ ਸਿਰਾਂ ਉਤੇ ਕੇਸ ਸੁੰਦਰ ਤੇ ਸੁਹਣੇ ਲਗਦੇ ਹਨ ਤੇ ਕਿਤਨੇ ਸ਼ੋਭਨੀਕ ਵੀ। ਕੇਸ ਸੁਹਣੇ ਤੇ ਸ਼ੋਭਨੀਕ ਕਿਉਂ ਨਾ ਹੋਣ ਕਿਉਂਕਿ ਇਹ ਮਨੁੱਖ ਨੂੰ ਰਬ ਵਲੋਂ ਬਖਸ਼ੀ ਪੋਸ਼ਾਕ ਹਨ, ਖੂਬਸੂਰਤੀ ਦਾ ਅਨਮੋਲ ਖਜ਼ਾਨਾ ਹਨ ਤੇ ਪਰਤਾਪੀ ਤਾਜ ਦੀ ਨਿਆਈਂ ਹਨ। ਉਂਜ ਵੀ ਜੇ ਨਿਰਪੱਖ ਹੋ ਕੇ ਵੇਖਿਆ ਜਾਵੇ ਤਾਂ ਕੇਸਾਂ, ਦਾਹੜੀ, ਮੁਛਾਂ ਵਾਲਾ ਮਨੁੱਖ ਵਧੇਰੇ ਮਰਦਾਊ ਲਗਦਾ ਹੈ ਅਤੇ ਇਹ ਮਰਦਾਊਪੁਣਾ ਮਰਦ ਦੀ ਸ਼ਾਨ ਹੈ, ਚੜ੍ਹਤ ਹੈ, ਰੋਹਬ ਦਾਬ ਦਾ ਸੂਚਕ ਹੈ ਜਿਸ ਨੂੰ ਕੋਈ ਵੀ ਅਣਖ ਵਾਲਾ ਮਰਦ ਗਵਾਉਣਾ ਨਹੀਂ ਚਾਹੁੰਦਾ'। ਮਿਸਿਜ਼ ਸਟੀਲ ਦੀ ਇਹ ਗਲ ਵਿਸ਼ਵ ਭਰ ਦੇ ਲੋਕਾਂ ਦਾ ਗੰਭੀਰ ਧਿਆਨ ਮੰਗਦੀ ਹੈ।

## ਚਾਰਲਸ ਗਫ ਦੇ ਕੇਸਾਂ ਬਾਰੇ ਵਿਚਾਰ

ਜਨਰਲ ਸਰ ਚਾਰਲਸ ਗਫ ਆਪਣੀ ਪੁਸਤਕ 'ਦੀ ਸਿਖਸ' ਵਿਚ ਸਿਖਾਂ ਲਈ ਕੇਸਾਂ ਦੀ ਮਹਤਤਾ ਦਰਸਾਉਂਦਿਆਂ ਹੋਇਆਂ ਲਿਖਦਾ ਹੈ ਕਿ ਕਿਸੇ ਵੀ ਹਾਲਤ ਵਿਚ ਜਾਂ ਕਿਸੇ ਵੀ ਮਜਬੂਰੀ ਦੇ ਤਾਬੇ ਸਿੱਖ ਆਪਣੇ ਕੇਸ ਕਟਵਾਣਾ ਪ੍ਰਵਾਨ ਨਹੀਂ ਕਰਦੇ ਭਾਵੇਂ ਇਸ ਕਰਕੇ ਉਹਨਾਂ ਦੀ ਜਾਨ ਹੀ ਕਿਉਂ ਨਾ ਚਲੀ ਜਾਵੇ। ਗੁਰੂ ਗੋਬਿੰਦ ਸਿੰਘ ਸਾਹਿਬ ਅਨੁਸਾਰ ਕੇਸ ਹੀ ਕਿਸੇ ਸਿੱਖ ਦੇ 'ਸਿੰਘ' ਹੋਣ ਦੀ ਪਹਿਚਾਣ ਹਨ। ਇਸ ਲਈ ਕਿਹੜਾ ਸਿੱਖ ਇਸ ਬਹਾਦਰੀ ਭਰੀ ਪਹਿਚਾਣ ਨੂੰ ਗੰਵਾ ਕੇ ਖੁਸ਼ ਰਹਿ ਸਕਦਾ ਹੈ ਜਿਹੜੀ ਉਸਨੂੰ ਸ਼ਹਾਨਾ ਸ਼ਕਤੀ ਨਾਲ ਜੋੜਦੀ ਹੋਵੇ? ਪਿਆਰੇ ਵੀਰੋ ਇਸ ਸਚਾਈ ਨੂੰ ਪਹਿਚਾਣੋ ਜਿਹੜੀ ਸਾਨੂੰ ਦੂਜੇ ਸਮਝਾਣ ਦੀ ਕੋਸ਼ਿਸ਼ ਕਰ ਰਹੇ ਹਨ।

*ਮੇਰਾ ਸਿਰ ਜਾਏ ਤਾਂ ਜਾਏ,*
*ਮੇਰਾ ਸਿਖੀ ਸਿਦਕ ਨਾ ਜਾਏ।*

## ਸ੍ਰੀ ਰਵਿੰਦਰ ਨਾਥ ਟੈਗੋਰ ਤੇ ਕੇਸ

ਵੀਹਵੀਂ ਸਦੀ ਦੇ ਨਾਮਵਰ ਮਨੁੱਖ ਸ੍ਰੀ ਰਾਬਿੰਦਰ ਨਾਥ ਟੈਗੋਰ ਨੂੰ ਜਦ ਅਧਿਆਤਮਿਕ ਚੇਤਨਾ ਅਨੁਭਵ ਹੋਈ ਤਾਂ ਉਸ ਸਮੇਂ ਉਹ ਇਕ ਸਮੁੰਦਰੀ ਜਹਾਜ਼ ਵਿਚ ਸਫਰ ਕਰ ਰਹੇ ਸਨ। ਪਰਮਾਤਮਾ ਦੀ ਪ੍ਰਭੁਤਾ ਅਗੇ ਆਪਣੀ ਅਧੀਨਗੀ ਦੀ ਪ੍ਰਦਰਸ਼ਨੀ ਵਜੋਂ ਉਹਨਾਂ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਆਪਣੇ ਉਸਤਰੇ ਅਤੇ ਵਾਲ ਕਟਣ ਵਾਲੇ ਹੋਰ ਸਾਜ਼ ਸਮਾਨ ਨੂੰ ਚੁਕ ਕੇ ਸਮੁੰਦਰ ਵਿਚ ਸੁਟ ਦਿਤਾ ਤੇ ਕੇਸਾਂ ਦੀ ਮਹਤਤਾ ਬਾਰੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸਭ ਤੋਂ ਉਤਮ ਮਨੁੱਖ ਦੀ ਸਭ ਨਾਲੋਂ ਸਰੇਸ਼ਠ ਸ਼ਕਲ, ਕੇਸਾਧਾਰੀ ਸੂਰਤ ਹੀ ਹੈ। 'This (with Keshas) is the



Sri Satguru Jagjit Singh Ji eLibrary NamdhariElibrary@gmail.com

best form of the best man' ਇਸ ਘਟਨਾ ਤੋਂ ਮਗਰੋਂ ਉਨ੍ਹਾਂ ਨੇ ਸਰੀਰ ਦੇ ਸਾਰੇ ਰੋਮਾਂ ਦਾ ਪੂਰਾ ਪੂਰਾ ਸਤਿਕਾਰ ਕਰਨਾ ਸ਼ੁਰੂ ਕਰ ਦਿਤਾ ਜਿਸ ਨਾਲ ਉਨ੍ਹਾਂ ਦੀ ਹਸਤੀ ਇਸ ਤਰ੍ਹਾਂ ਦੀ ਦਿਸਣ ਲਗ ਪਈ ਜਿਵੇਂ ਕਿਸੇ ਸੰਤ ਆਤਮਾ ਦੀ ਹੁੰਦੀ ਹੋਵੇ। ਕੇਸਾਂ ਦਾਹੜੀ ਕਾਰਨ ਉਹ ਨਰੋਲ ਸੰਤ ਲਗਦੇ ਸਨ ਤੇ ਹਰ ਕੋਈ ਉਨ੍ਹਾਂ ਦਾ ਇਸ ਸਰੂਪ ਕਾਰਨ ਸਤਿਕਾਰ ਕਰਦਾ ਸੀ ਅਤੇ ਗੁਰੂ ਰਵਿੰਦਰ ਟੈਗੋਰ ਕਹਿ ਕੇ ਬੁਲਾਂਦਾ ਸੀ। ਇਸ ਦੇ ਬਾਵਜੂਦ ਇਕ ਸਜਣ ਨੇ ਉਨ੍ਹਾਂ ਤੇ ਇਹ ਸਵਾਲ ਕਰ ਹੀ ਦਿਤਾ ਕਿ ਉਹ ਪੂਰਨ ਕੇਸਾਧਾਰੀ ਕਿਉਂ ਹਨ? ਉਤਰ ਵਿਚ ਉਨ੍ਹਾਂ ਕਿਹਾ ਕਿ ਕੇਸ ਮੈਂ ਆਪ ਨਹੀਂ ਰਖੇ ਸਗੋਂ ਈਸ਼ਵਰ ਵਲੋਂ ਸਰੀਰ ਦੇ ਨਾਲ ਹੀ ਮੈਨੂੰ ਪ੍ਰਾਪਤ ਹੋਏ ਹਨ ਅਤੇ ਮੈਂ ਪਿਆਰ ਸਤਿਕਾਰ ਨਾਲ ਇਨ੍ਹਾਂ ਦੀ ਸੰਭਾਲ ਹੀ ਕਰਦਾ ਹਾਂ। ਇਸ ਲਈ ਇਹ ਸਵਾਲ ਬਿਲਕੁਲ ਗਲਤ ਤੇ ਬੇਲੋੜਾ ਹੈ। ਕਈ ਬੰਗਾਲੀ ਵੀਰ ਤਾਂ ਇਹ ਮੰਨਦੇ ਹੀ ਨਹੀਂ ਕਿ ਟੈਗੋਰ ਨੇ ਆਪਣੀ ਜ਼ਿੰਦਗੀ ਵਿਚ ਕਦੇ ਵੀ ਕੇਸ ਕਟੇ ਹੋਣਗੇ। ਜੇ ਅਸੀਂ ਖ਼ਿਆਲੀ ਤੌਰ ਤੇ ਟੈਗੋਰ ਦੇ ਕੇਸ ਕੱਟ ਕੇ ਉਨ੍ਹਾਂ ਦੀ ਤਸਵੀਰ ਆਪਣੇ ਮਨ ਵਿਚ ਬਣਾਈਏ ਤਾਂ ਅਵੱਸ਼ ਹੀ ਉਹ ਸਾਨੂੰ ਇਕ ਸਾਧਾਰਨ ਮਨੁਖ ਤੋਂ ਵਧ ਕੁਝ ਨਹੀਂ ਦਿਸਣਗੇ।

## ਸੈਨਹੋਜ਼ੇ ਯੂਨੀਵਰਸਿਟੀ ਦੀ ਖੋਜ ਅਨੁਸਾਰ ਕੇਸ

ਅਮਰੀਕਾ ਦੇਸ਼ ਦੀ ਕੈਲੀਫੋਰਨੀਆ ਰਾਜ ਦੀ ਸੈਨਹੋਜ਼ੇ ਯੂਨੀਵਰਸਿਟੀ ਨੇ ਕੇਸਾਂ ਬਾਰੇ ਭਰਪੂਰ ਖੋਜ ਕਰਨ ਉਪਰੰਤ ਜੋ ਸਿਟਾ ਕਢਿਆ ਹੈ ਉਸ ਦਾ ਸੰਖੇਪ ਸਾਰ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਆਪਣੀ ਇਕ ਪੁਸਤਕ ਸੌ ਸਵਾਲ (92 ਐਡੀਸ਼ਨ) ਦੇ ਪੰਨਾ 91-92 ਤੇ ਇਵੇਂ ਦਿਤਾ ਹੈ: 'ਸਾਬਤ ਸੂਰਤ ਵਾਲਾ ਅਸਲ ਮਰਦ' ਰਸ ਭਰਿਆ, ਭਰਵਾਂ, ਸੰਪੂਰਨ, ਸੁਹਣਾ, ਇਰਾਦੇ ਦਾ ਪੱਕਾ, ਦਲੇਰ, ਉਦਾਰਚਿਤ, ਲੰਮੀ ਨਦਰ ਅਤੇ ਚੌੜੀ ਦਰਿਸ਼ਟੀ ਵਾਲਾ ਹੈ। ਜੇ (1) ਕੰਘਾ : ਸੰਵਾਰੀ, ਸੁਚੀ ਸ਼ਖਸ਼ੀਅਤ ਦਾ (2) ਕਿਰਪਾਨ : ਕਿਰਪਾ ਤੇ ਆਨ ਦੀ (3) ਕੜਾ : ਦਰਿੜ-ਚਿਤਤਾ ਦਾ (4) ਕਛਹਿਰਾ : ਮਰਯਾਦਾ, ਸੁਸ਼ੀਲਤਾ ਤੇ ਪਵਿਤਰਤਾ ਦੇ ਸੂਚਕ ਹਨ ਤਾਂ (5) ਕੇਸ : ਅਵੱਸ਼ ਹੀ ਜੀਅ ਦਾਨ, ਭਗਤੀ ਤੇ ਪਰ-ਉਪਕਾਰਤਾ ਦੇ ਲਖਾਇਕ ਹੋਣ ਕਾਰਨ ਖੂਬਸੂਰਤੀ ਤੇ ਰੂਹਾਨੀਅਤ ਦਾ ਮੂਲ ਆਧਾਰ ਹਨ। (Hair are the ultimate sense of beauty and spirituality)।

## ਭਾਈ ਤਾਰੂ ਸਿੰਘ, ਪ੍ਰੀਤਮ ਸਿੰਘ ਦੀ ਕੇਸਾਂ ਪ੍ਰਤੀ ਸ਼ਰਧਾ

ਸਿੱਖ ਇਤਿਹਾਸ ਵਿਚ ਆਉਂਦਾ ਹੈ ਕਿ ਜਦ ਸ਼ਰਧਾਲੂ ਸਿੱਖ ਭਾਈ ਤਾਰੂ ਸਿੰਘ ਜੀ ਦੇ ਕੇਸ ਮੁਗ਼ਲਾਂ ਦੁਆਰਾ ਕਟੇ ਜਾਣ ਲਗੇ ਤਾਂ ਭਾਈ ਸਾਹਿਬ ਨੂੰ ਇਹ ਗਲ ਬਹੁਤ ਦੁਖਦਾਈ ਲਗੀ ਤੇ ਚਾਰਾਜੋਈ ਲਈ ਉਹਨਾਂ ਵਾਹਿਗੁਰੂ ਅਗੇ ਅਰਦਾਸ ਕੀਤੀ ਕਿ ਕਿਰਪਾ ਨਿਧਾਨ ਜੀਓ ਆਪਣੇ ਸੇਵਕ ਤੇ ਮਿਹਰ ਕਰਨੀ ਤੇ ਜਰਵਾਣਿਆਂ ਪਾਸੋਂ ਆਪਣੇ ਸੇਵਕ ਦੇ ਕੇਸਾਂ ਦੀ ਬੇਅਦਬੀ ਨਾ ਹੋਣ ਦੇਣਾ ਕਿਉਂਕਿ ਇਹ ਕੇਸ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪਵਿੱਤਰ ਦਾਤ ਹਨ, ਉਹਨਾਂ ਦੀ ਮੋਹਰ ਹਨ ਇਸ ਲਈ ਮੇਰੇ ਵਾਸਤੇ ਬਹੁਤ ਹੀ ਮਹਤਵਪੂਰਣ ਹਨ। ਮੇਰੀ ਜਾਨ ਬੇਸ਼ਕ ਚਲੀ ਜਾਵੇ ਪਰ ਮੇਰੇ ਜੀਂਦੇ ਜੀ ਮੇਰੇ ਗੁਰੂ ਦੀ ਅਮਾਨਤ ਕੇਸਾਂ ਦੀ ਬੇਅਦਬੀ ਨਾ ਹੋਵੇ। ਮੈਂ ਸਿਖੀ ਨੂੰ ਸਵਾਸ ਸਵਾਸ ਕੇਸਾਂ ਨਾਲ ਨਿਭਾਉਣਾ ਚਾਹੁੰਦਾ ਹਾਂ। ਦੂਜੇ ਪਾਸੇ ਹੁਕਮਰਾਨ ਟੋਲਾ ਭਾਈ ਸਾਹਿਬ ਨੂੰ ਇਹ ਸਲਾਹ ਦੇਂਦਾ ਹੈ ਕਿ ਜਾਨ ਬਖਸ਼ੀ ਲਈ ਜਾਂ ਤਾਂ ਇਸਲਾਮ ਕਬੂਲ



Sri Satguru Jagjit Singh Ji eLibrary NamdhariElibrary@gmail.com

ਕਰ ਲਵੋ ਜਾਂ ਫਿਰ ਆਪਣਾ ਜੂੜਾ ਸਾਨੂੰ ਦੇ ਦੇਵੋ ਭਾਵ ਕੇਸ ਕਟਵਾਣਾ ਕਬੂਲ ਕਰ ਲੋ। ਭਾਈ ਸਾਹਿਬ ਨੇ ਨਿੱਝਕ ਹੋ ਕੇ ਉਤਰ ਦਿਤਾ ਕਿ ਇਸਲਾਮ ਮੈਂ ਇਸ ਲਈ ਕਬੂਲ ਨਹੀਂ ਕਰਨਾ ਕਿਉਂਕਿ ਮੈਂ ਕਲਗੀਆਂ ਵਾਲੇ ਪਾਤਸ਼ਾਹ ਦਾ 'ਸਿੰਘ' ਹਾਂ ਅਤੇ ਆਪਣਾ ਆਪ ਉਨ੍ਹਾਂ ਨੂੰ ਸਮਰਪਤ ਕਰ ਚੁਕਾ ਹਾਂ ਪਰ ਜਿਥੇ ਤਕ ਜੂੜੇ ਤੇ ਕੇਸਾਂ ਦਾ ਸਬੰਧ ਹੈ ਉਸ ਬਾਰੇ ਮੈਂ ਇਹੀ ਕਹਿੰਦਾ ਹਾਂ ਕਿ ਤੁਸੀਂ ਮੇਰਾ ਸਾਬਤ ਜੂੜਾ ਇਕੱਲਾ ਨਹੀਂ, ਖੋਪਰੀ ਸਮੇਤ ਲੈ ਸਕਦੇ ਹੋ। ਭਾਈ ਸਾਹਿਬ ਦੇ ਇਹ ਦਲੇਰੀ ਭਰੇ ਅਤੇ ਗੁਰਸਿਖੀ ਸ਼ਰਧਾ ਵਿਚ ਭਿਜੇ ਬਚਨ ਸੁਣ ਕੇ ਜਰਵਾਣਿਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਇਸ ਤਰ੍ਹਾਂ ਬੇਸ਼ਕ ਭਾਈ ਤਾਰੂ ਸਿੰਘ ਜੀ ਨੇ ਜਾਨ ਤਾਂ ਵਾਰ ਦਿਤੀ ਪਰ ਕੇਸਾਂ ਨੂੰ ਆਂਚ ਨਹੀਂ ਆਉਣ ਦਿਤੀ ਅਤੇ ਆਪਣੇ ਦੁਸ਼ਮਣ ਨੂੰ ਵੀ ਨਿਹਾਲ ਕਰ ਦਿਤਾ, ਕੇਸ ਤਾਂ ਦਿਤੇ ਪਰ ਖੋਪਰੀ ਸਮੇਤ ਹੀ ਦਿਤੇ। ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਸੇਵਕ ਦੀ ਅਰਦਾਸ ਵਾਹਿਗੁਰੂ ਦੇ ਦਰਬਾਰ ਵਿਚ ਪਰਵਾਨ ਹੋਈ। ਨਤੀਜੇ ਵਜੋਂ ਵਾਹਿਗੁਰੂ ਨੇ ਉਹਨਾਂ ਨੂੰ ਇਤਨੀ ਸ਼ਕਤੀ ਬਖਸ਼ੀ ਕਿ ਪੂਰਾ ਜ਼ੋਰ ਲਾਉਣ ਤੇ ਵੀ ਦੁਸ਼ਮਣਾਂ ਤੋਂ ਭਾਈ ਤਾਰੂ ਸਿੰਘ ਜੀ ਦੇ ਕੇਸ ਨਾ ਕਟੇ ਗਏ ਤਾਂ ਹੀ ਮਜਬੂਰਨ ਉਹਨਾਂ ਨੂੰ ਭਾਈ ਸਾਹਿਬ ਦੀ ਖੋਪਰੀ ਉਤਾਰਨੀ ਪਈ ਜਿਹੜੀ ਉਨ੍ਹਾਂ ਨੇ ਹਸ ਕੇ ਲੁਹਾਈ ਤੇ ਇਸ ਰਬੀ ਮਿਹਰ ਕਾਰਨ ਉਨ੍ਹਾਂ ਅਕਾਲਪੁਰਖ ਦਾ ਸ਼ੁਕਰਾਨਾ ਅਦਾ ਕੀਤਾ। ਸੂਬਾ ਲਾਹੌਰ ਇਹ ਸਾਰਾ ਕੌਤਕ ਵੇਖ ਕੇ ਬਹੁਤ ਹੈਰਾਨ ਹੋਇਆ ਤੇ ਚਾਈਂ ਚਾਈਂ ਖੋਪਰੀ ਲਵਾਂਦੇ ਭਾਈ ਤਾਰੂ ਸਿੰਘ ਤੋਂ ਪੁਛ ਬੈਠਾ ਕਿ ਇਤਨੀ ਤਕਲੀਫ ਵਿਚ ਵੀ ਇਤਨਾ ਖੁਸ਼ ਕਿਉਂ ਜਾਪ ਰਿਹਾ ਏਂ? ਤਾਂ ਉਤਰ ਵਿਚ ਭਾਈ ਸਾਹਿਬ ਨੇ ਫਰਮਾਇਆ:

*ਸਿਖੀ ਕੇਸ ਅਮੋਲਕ ਯਾ ਹੈਂ,*
*ਬਡੇ ਨਸੀਬਾਂ ਤੇ ਹਥ ਆ ਹੈਂ।*

ਭਾਵ ਇਹ ਕਿ ਸਿਖੀ ਅਤੇ ਕੇਸ ਬੜੀਆਂ ਅਮੋਲਕ ਦਾਤਾਂ ਹਨ ਜਿਹੜੀਆਂ ਵਡੇ ਭਾਗਾਂ ਨਾਲ ਹਥ ਆਉਂਦੀਆਂ ਹਨ। ਇਨ੍ਹਾਂ ਨੂੰ ਮੈਂ ਜੀਂਦੇ ਜੀ ਕਿਵੇਂ ਤਲਾਂਜਲੀ ਦੇ ਸਕਦਾ ਹਾਂ। ਜਰਵਾਣੇ ਭਾਈ ਸਾਹਿਬ ਦਾ ਸਿਦਕ ਦਿਲੀ ਨਾਲ ਭਰਿਆ ਉਤਰ ਸੁਣ ਕੇ ਹੈਰਾਨ ਰਹਿ ਗਏ।

ਨੌਜਵਾਨ ਕਵੀ ਹਰੀ ਸਿੰਘ ਜਾਚਕ ਭਾਈ ਤਾਰੂ ਸਿੰਘ ਦੀ ਇਸ ਅਦੁਤੀ ਸੋਚ ਤੇ ਲਾਮਿਸਾਲ ਕੁਰਬਾਨੀ ਨੂੰ ਕਵਿਤਾ ਵਿਚ ਇਵੇਂ ਕਲਮ ਬੰਦ ਕਰਦਾ ਹੈ:

*ਭਾਈ ਤਾਰੂ ਸਿੰਘ ਨੂੰ ਜ਼ਕਰੀਏ ਆਖਿਆ ਸੀ*
*ਕਹਿਣਾ ਮੰਨ ਤੂੰ ਹੋ ਸੁਚੇਤ ਮੇਰਾ*

*ਸਿਖੀ ਸਰੂਪ ਤਿਆਗ ਦੇ ਸਦਾ ਲਈ*
*ਏਸੇ ਵਿਚ ਏ ਤੇਰਾ ਤੇ ਹੇਤ ਮੇਰਾ*

*ਕਿਹਾ ਸਿੰਘ ਨੇ ਅਗੋਂ ਸੀ ਕੜਕ ਕੇ ਤੇ*
*ਤੂੰ ਨਹੀਂ ਜਾਣ ਸਕਦਾ ਸਿਖੀ ਭੇਤ ਮੇਰਾ*

*ਇਕੱਲੇ ਕੇਸ ਨਹੀਂ ਕਤਲ ਇਹ ਹੋ ਸਕਣੇ*
*ਲਾਹ ਲੈ ਖੋਪਰ ਤੂੰ ਕੇਸਾਂ ਸਮੇਤ ਮੇਰਾ*



Sri Satguru Jagjit Singh Ji eLibrary NamdhariElibrary@gmail.com

*ਸਿਖ ਜਦੋਂ ਵੀ ਕਿਤੇ ਅਰਦਾਸ ਕਰਦੈ*
*ਆਪਣੇ ਮੁਖ ਚੋਂ ਸਿਖੀ ਦਾ ਦਾਨ ਮੰਗਦੈ*

*ਸਮੇਂ ਸਮੇਂ ਉਤੇ ਔਖੀ ਘੜੀ ਅੰਦਰ*
*ਚੜ੍ਹਦੀ ਕਲਾ ਤੇ ਸਿਖੀ ਦੀ ਸ਼ਾਨ ਮੰਗਦੈ*

*ਆਏ ਆਂਚ ਨਾ ਸਿਖੀ ਸਰੂਪ ਉਤੇ*
*ਸਿੰਘ ਸਦਾ ਇਮਤਿਹਾਨ ਦੌਰਾਨ ਮੰਗਦੈ*

*ਸਿਖੀ ਕੇਸਾਂ ਸਵਾਸਾਂ ਦੇ ਨਾਲ ਨਿਭੇ*
*'ਜਾਚਕ' ਗੁਰੂ ਤੋਂ ਇਹ ਵਰਦਾਨ ਮੰਗਦੈ*

ਸੰਖੇਪ ਵਿਚ ਨਚੋੜ ਰੂਪ ਵਿਚ ਇਹੀ ਕਿਹਾ ਜਾ ਸਕਦਾ ਹੈ ਅਤੇ ਉਹ ਕਹਿਣਾ ਹੈ ਵੀ ਬਿਲਕੁਲ ਠੀਕ ਕਿ ਹਰ ਸਿੱਖ, ਭਾਈ ਤਾਰੂ ਸਿੰਘ ਜੀ ਵਲੋਂ ਕੇਸਾਂ ਦੇ ਸਨਮਾਨ ਵਿਚ ਹਸ ਹਸਕੇ ਦਿਤੀ ਸ਼ਹੀਦੀ ਉਤੇ ਗੌਰਵਮਈ ਮਾਣ ਕਰਨ ਦਾ ਯੋਗ ਹੱਕਦਾਰ ਹੈ।

ਭਾਈ ਤਾਰੂ ਸਿੰਘ ਜੀ ਦੀ ਉਕਤ ਘਟਨਾ ਵਰਗੀ ਹੀ ਇਕ ਹੋਰ ਘਟਨਾ ਇਕ ਸਿਦਕੀ ਸਿੱਖ ਭਾਈ ਪ੍ਰੀਤਮ ਸਿੰਘ ਨਿਵਾਸੀ ਪਿੰਡ ਅੰਬੋ ਮਾਜਰਾ ਨਜ਼ਦੀਕ ਸਰਹੰਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਬੀਤੀ ਜਿਸ ਦਾ ਹਵਾਲਾ ਦੇਣਾ ਉਸੇ ਤਥ ਨੂੰ ਦੁਹਰਾਉਣਾ ਹੈ ਜਿਹੜਾ ਕਲ੍ਹ ਦੇ ਇਤਿਹਾਸ ਵਿਚ ਭਾਈ ਤਾਰੂ ਸਿੰਘ ਜੀ ਨਾਲ ਵਾਪਰਿਆ।

ਭਾਈ ਪ੍ਰੀਤਮ ਸਿੰਘ ਭਰਪੂਰ ਗੁਰਸਿਖੀ ਜੀਵਨ ਵਾਲਾ ਜੀਵ ਸੀ ਜਿਸ ਨੂੰ 1955 ਵਿਚ ਕਰਤਾਰਪੁਰ (ਪਾਕਿਸਤਾਨ) ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦੀ ਇਤਨੀ ਖਿਚ ਪਈ ਕਿ ਉਹ ਸਰਹਦ ਪਾਰ ਕਰਕੇ ਰਾਤ ਦੇ ਹਨੇਰੇ ਵਿਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜਾ ਪੁਜਾ। ਉਥੇ ਜਾ ਕੇ ਰਜ ਕੇ ਦਰਸ਼ਨ ਕੀਤੇ, ਪਾਠ ਕੀਤਾ ਅਕਾਲਪੁਰਖ ਦਾ ਸ਼ੁਕਰਾਨਾ ਅਦਾ ਕੀਤਾ ਕਿ ਮਨ ਦੀ ਲੋਚਾ ਪੂਰੀ ਹੋ ਗਈ ਅਤੇ ਅਰਦਾਸ ਕਰਨ ਉਪਰੰਤ ਜਦ ਜੈਕਾਰਾ ਗਜਾਇਆ ਤਾਂ ਪਾਕਿਸਤਾਨੀ ਹੈਰਾਨ ਰਹਿ ਗਏ ਕਿ ਇਥੇ ਜੈਕਾਰਾ ਲਗਾਣ ਵਾਲਾ ਕੌਣ ਆ ਗਿਆ ਹੈ। ਭਾਈ ਸਾਹਿਬ ਨੂੰ ਜਾਸੂਸ ਜਾਂ ਸਮਗਲਰ ਸਮਝ ਕੇ ਗ੍ਰਿਫਤਾਰ ਕਰ ਲਿਆ ਗਿਆ ਅਤੇ ਕੁਝ ਮਨਚਲਿਆਂ ਨੇ ਉਨ੍ਹਾਂ ਦੇ ਕੇਸਾਂ ਦੀ ਬੇਅਦਬੀ ਕਰਨੀ ਚਾਹੀ ਪਰ ਪੂਰਨ ਯਤਨਾਂ ਪਿਛੋਂ ਵੀ ਉਹ ਅਸਫਲ ਰਹੇ ਅਤੇ ਭਾਈ ਪ੍ਰੀਤਮ ਸਿੰਘ ਜੀ ਦੀ ਪ੍ਰਮਾਤਮਾ ਅਗੇ ਕੀਤੀ ਅਰਦਾਸ ਨੇ ਉਨ੍ਹਾਂ ਦੇ ਕੇਸਾਂ ਦੀ ਰਖਿਆ ਕੀਤੀ। ਉਨ੍ਹਾਂ ਨੂੰ ਕੁਝ ਦੇਰ ਨਜ਼ਰਬੰਦ ਵੀ ਕੀਤਾ ਗਿਆ ਪਰ ਉਹ ਬਾਹਰੋਂ ਅਡੋਲ ਤੇ ਵਿਚੋਂ ਗਦ ਗਦ ਸਨ ਕਿ ਗੁਰੂ ਨੇ ਨਿਮਾਣੇ ਸਿੱਖ ਦੀ ਪੈਜ ਰਖ ਲਈ ਹੈ। ਅੰਤ ਕੁਝ ਦੇਰ ਮਗਰੋਂ ਭਾਈ ਰਣਧੀਰ ਸਿੰਘ ਦੇ ਯਤਨਾਂ ਸਦਕਾ ਉਨ੍ਹਾਂ ਨੂੰ ਰਿਹਾ ਕਰਵਾ ਕੇ ਭਾਰਤ ਲਿਆਂਦਾ ਗਿਆ। ਆਪਣੇ ਭਗਤਾਂ ਦੀ ਪੈਜ ਵਾਹਿਗੁਰੂ ਆਪ ਰਖਦਾ ਆਇਆ ਹੈ ਕਿਉਂਕਿ ਭਗਤ ਉਸ ਦੇ ਸਭ ਤੋਂ ਵਧ ਆਗਿਆਕਾਰ ਤੇ ਸ਼ਰਧਾਵਾਨ ਪੁਤਰ ਹਨ।

## ਸ਼ਹੀਦੇ-ਆਜ਼ਮ ਭਗਤ ਸਿੰਘ ਤੇ ਕੇਸ

ਸ਼ਹੀਦੇ-ਆਜ਼ਮ ਭਗਤ ਸਿੰਘ ਬਾਰੇ ਹਰ ਭਾਰਤੀ ਜਾਣਦਾ ਹੈ ਕਿ ਉਸ ਨੇ ਆਪਣੀ ਦਲੇਰੀ ਨਾਲ ਅੰਗਰੇਜ਼ੀ ਰਾਜ ਨੂੰ ਹਿਲਾ ਕੇ ਰਖ ਦਿਤਾ ਸੀ ਅਤੇ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਫਾਂਸੀ ਦੀ ਸਜ਼ਾ ਹੋਈ। ਆਪਣੀ ਇਨਕਲਾਬੀ ਜਦੋ-ਜਹਿਦ ਦੌਰਾਨ ਉਸ ਨੂੰ ਆਪਣੇ ਕੇਸ ਕਟਵਾਣੇ ਪਏ। ਜਦ ਉਹ ਲਾਹੌਰ ਜੇਲ੍ਹ ਵਿਚ ਫਾਂਸੀ ਦੀ ਉਡੀਕ ਕਰ ਰਿਹਾ ਸੀ ਤਾਂ ਉਸ ਦੀ ਮੁਲਾਕਾਤ ਭਾਈ ਰਣਧੀਰ ਸਿੰਘ ਨਾਲ ਹੋਈ ਜੋ ਉਸੇ ਜੇਲ੍ਹ ਵਿਚ ਸਨ। ਭਾਈ ਸਾਹਿਬ ਨੇ ਭਗਤ ਸਿੰਘ ਨੂੰ ਸਮਝਾਇਆ ਕਿ ਉਸ ਦਾ ਸ਼ਹੀਦ ਹੋਣਾ ਠੀਕ ਹੈ ਦੇਸ਼ ਵਾਸੀਆਂ ਲਈ ਬੜੇ ਮਾਣ ਦਾ ਕਾਰਨ ਬਣੇਗਾ ਪਰ ਕੇਸ ਕਟਵਾ ਕੇ ਸ਼ਹੀਦ ਹੋਣਾ ਗੁਰੂ ਦੇ ਘਰ ਵਿਚ ਉਸ ਲਈ ਮਾਣ ਜਨਕ ਨਹੀਂ ਹੋਵੇਗਾ। ਭਾਈ ਸਾਹਿਬ ਦੀਆਂ ਦਲੀਲਾਂ ਦਾ ਭਗਤ ਸਿੰਘ ਤੇ ਇਤਨਾ ਅਸਰ ਹੋਇਆ ਕਿ ਉਸ ਨੇ ਅਰਦਾਸਾ ਸੋਧ ਕੇ ਜੇਲ੍ਹ ਵਿਚ ਕੇਸ ਧਾਰਨ ਕਰਨੇ ਸ਼ੁਰੂ ਕਰ ਦਿਤੇ ਤੇ ਬੜੀ ਚੜ੍ਹਦੀ ਕਲਾ ਵਿਚ ਹੋ ਗਿਆ। ਸ· ਪ੍ਰੀਤਮ ਸਿੰਘ ਨੇ ਭਾਈ ਰਣਧੀਰ ਸਿੰਘ ਬਨਾਮ ਸ਼ਹੀਦ ਭਗਤ ਦੇ ਸਿਰਲੇਖ ਹੇਠ ਪੰਜਾਬੀ ਟ੍ਰਿਬਿਊਨ ਮਿਤੀ 27-3-1994 ਵਿਚ ਛਪੇ ਆਪਣੇ ਲੇਖ ਵਿਚ ਲਿਖਿਆ ਹੈ ਕਿ ਇਸ ਘਟਨਾ ਤੇ ਪਰੇਰਨਾ ਮਗਰੋਂ ਭਗਤ ਸਿੰਘ ਨੇ ਰੋਮਾਂ ਦਾ ਪੂਰਾ ਸਤਿਕਾਰ ਕੀਤਾ ਅਤੇ ਜਿਸ ਵਕਤ ਇਸ ਅਜ਼ੀਮ ਸ਼ਹੀਦ ਨੂੰ 23-3-1931 ਨੂੰ ਫਾਂਸੀ ਲਗੀ ਤਾਂ ਉਸ ਸਮੇਂ ਉਸ ਦੇ ਸਿਰ ਦੇ ਕੇਸ ਛੇ-ਛੇ ਇੰਚ ਲੰਮੇ ਤੇ ਦਾਹੜੀ ਮੁਛਾਂ ਦੇ ਰੋਮ ਕਾਇਮ ਸਨ। ਸ· ਪ੍ਰੀਤਮ ਸਿੰਘ ਅਨੁਸਾਰ ਇਸ ਗਲ ਦੀ ਪੁਸ਼ਟੀ ਕਸੂਰ ਦੇ ਗ੍ਰੰਥੀ ਭਾਈ ਨਥਾ ਸਿੰਘ ਨੇ ਕੀਤੀ ਜਿਸ ਨੇ ਸਸਕਾਰ ਸਮੇਂ ਦੀਆਂ ਅੰਤਮ ਰਸਮਾਂ ਨਿਭਾਈਆਂ ਸਨ ਅਤੇਂ ਭਗਤ ਸਿੰਘ ਦਾ ਅਰਦਾਸਾ ਸੋਧਿਆ ਸੀ।

***ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ***
***ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ***

ਜਾਮੇ ਸ਼ਹਾਦਤ ਪੀ ਕੇ ਸ· ਭਗਤ ਸਿੰਘ ਸਦਾ ਲਈ ਅਮਰ ਹੋ ਗਿਆ ਤੇ ਨਿਮਨ ਸ਼ਿਅਰ ਨੂੰ ਵੀ ਸਚ ਕਰ ਗਿਆ:

***ਸ਼ਹੀਦੋਂ ਕੀ ਚਿਤਾਓਂ ਪਰ ਲਗੇਂ ਗੇ ਹਰ ਬਰਸ ਮੇਲੇ***
***ਵਤਨ ਪੈ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ'***

## ਰੋਮਾਂ ਦੇ ਸਤਿਕਾਰ ਦੀ ਇਕ ਹੋਰ ਤਾਜ਼ਾ ਅਦੁਤੀ ਮਿਸਾਲ

ਨਾਮਧਾਰੀ ਵਰਗ ਦੇ ਪਰਮੁਖ ਬਾਬਾ ਜਗਜੀਤ ਸਿੰਘ ਦਾ 16 ਜੁਲਾਈ 1991 ਨੂੰ ਅਸਟਰੇਲੀਆ ਦੇਸ਼ ਦੇ ਐਡੀਲੇਡ ਸ਼ਹਿਰ ਵਿਚ ਬਾਈ ਪਾਸ ਸਰਜਰੀ ਦਾ ਓਪਰੇਸ਼ਨ ਹੋਇਆ ਜਿਸ ਬਾਰੇ ਕਈ ਮਹੱਤਵਪੂਰਣ ਤਥ ਅਸਟਰੇਲੀਆ ਤੇ ਭਾਰਤ ਦੀਆਂ ਉਘੀਆਂ ਅਖ਼ਬਾਰਾਂ ਵਿਚ ਛਪੇ ਜਿਨ੍ਹਾਂ ਦਾ ਅੰਸ਼ਕ ਜ਼ਿਕਰ ਕਰਨਾ ਇਥੇ ਅਢੁਕਵਾਂ ਨਹੀਂ ਹੋਵੇਗਾ। ਉਸ ਸਮੇਂ 73 ਸਾਲਾ ਬਾਬਾ ਜੀ ਨੂੰ ਹਿਰਦੇ ਰੋਗ ਕਾਰਨ ਡਾਕਟਰਾਂ ਨੇ ਓਪਰੇਸ਼ਨ ਕਰਵਾਣ ਦੀ ਸਲਾਹ ਦਿਤੀ ਅਤੇ ਉਹ ਕੁਝ ਸ਼ਰਤਾਂ ਤੇ ਇਹ ਓਪਰੇਸ਼ਨ ਕਰਵਾਣ ਲਈ ਸਹਿਮਤ ਹੋ ਗਏ। ਪਰਮੁਖ ਸ਼ਰਤਾਂ ਇਹ ਸਨ ਕਿ ਉਹ ਚੀਰ ਫਾੜ ਸਮੇਂ ਆਪਣੀ ਛਾਤੀ ਦੇ ਰੋਮਾਂ ਨੂੰ ਕਦਾਚਿਤ ਨਹੀਂ ਕਟਵਾਉਣਗੇ ਅਤੇ ਓਪਰੇਸ਼ਨ ਸਮੇਂ ਉਨ੍ਹਾਂ ਦੀ ਦਸਤਾਰ ਹਰ ਹਾਲਤ ਵਿਚ ਉਨ੍ਹਾਂ ਦੇ ਕੇਸਾਂ ਨੂੰ ਢੱਕੀ ਰਖਣ ਲਈ ਸਿਰ ਤੇ ਬਝੀ ਰਹੇਗੀ। ਓਪਰੇਸ਼ਨ ਸਮੇਂ ਉਨ੍ਹਾਂ ਨੂੰ ਸ਼ਰਾਬ ਵਰਗਾ ਨਸ਼ਾ ਪੈਦਾ ਕਰਨ ਵਾਲੀ ਅਲਕੋਹਲ ਮਿਲੀ ਦਵਾਈ ਵੀ ਨਹੀਂ ਦਿਤੀ ਜਾਵੇਗੀ ਤੇ ਨਾ ਹੀ ਉਨ੍ਹਾਂ ਦੇ ਜ਼ਖ਼ਮਾਂ ਤੇ ਲਗਾਈ ਜਾਵੇਗੀ। ਇਨ੍ਹਾਂ ਸਖਤ ਸ਼ਰਤਾਂ ਦੀ ਹਦਬੰਦੀ ਵਿਚ ਰਹਿੰਦਿਆਂ ਹੋਇਆਂ ਓਪਰੇਸ਼ਨ ਕਰਨ ਲਈ ਕਈ ਦੇਸ਼ਾਂ ਦੇ ਉਘੇ ਸਰਜਨਾਂ ਨਾਲ ਸੰਪਰਕ ਸਥਾਪਿਤ ਕੀਤਾ



Sri Satguru Jagjit Singh Ji eLibrary NamdhariElibrary@gmail.com

ਗਿਆ। ਅਸਟਰੇਲੀਆ ਦੇ ਰਾਇਲ ਐਲਿਡੇਲ ਹਸਪਤਾਲ ਦੇ ਸਰਜਨ ਡਾ. ਰਾਸ ਨੇ ਇਨ੍ਹਾਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਕੇ ਓਪਰੇਸ਼ਨ ਕਰਨ ਲਈ ਆਪਣੀ ਸਹਿਮਤੀ ਪ੍ਰਗਟ ਕੀਤੀ। ਨਤੀਜੇ ਵਜੋਂ 16 ਜੁਲਾਈ 1991 ਨੂੰ ਓਪਰੇਸ਼ਨ ਹੋਇਆ ਜੋ ਕਿ ਸਫਲ ਹੋਇਆ। ਅਸਟਰੇਲੀਆ ਦੀਆਂ ਅਖ਼ਬਾਰਾਂ 'ਟੈਲੀਗਰਾਫ ਮਿਰਰ' ਅਤੇ 'ਦੀ ਨਿਊਜ਼' ਅਨੁਸਾਰ ਦੁਨੀਆ ਦੇ ਬਹੁਤ ਸਾਰੇ ਨਾਮਾਨਗਰਾਂ ਨੇ ਬਾਬਾ ਜਗਜੀਤ ਸਿੰਘ ਤੋਂ ਪੁਛਿਆ ਕਿ ਇਨ੍ਹਾਂ ਸਖਤ ਸ਼ਰਤਾਂ ਕਾਰਨ ਉਨ੍ਹਾਂ ਦੇ ਬਚਣ ਦੇ ਚਾਂਸਿਜ਼ ਬਹੁਤ ਘਟ ਗਏ ਸਨ, ਕੀ ਉਨ੍ਹਾਂ ਨੂੰ ਇਸ ਗਲ ਨਾਲ ਕੋਈ ਪਰੇਸ਼ਾਨੀ ਨਹੀਂ ਹੋਈ? ਤਾਂ ਉਨ੍ਹਾਂ ਸ਼ਾਂਤ ਚਿਤਤਾ ਵਾਲੇ ਲਹਿਜੇ ਵਿਚ ਉਤਰ ਦਿਤਾ ਕਿ **ਗੁਰੂ ਦੇ ਸਿੱਖ ਨੂੰ ਆਪਣੀ ਜਾਨ ਨਾਲੋਂ ਅਸੂਲ ਵਧੇਰੇ ਪਿਆਰੇ ਹੁੰਦੇ ਹਨ ਤੇ ਗੁਰੂ ਦੇ ਹਰ ਸਿੱਖ ਨੂੰ ਇਸ ਗਲ ਦਾ ਪੂਰਾ ਪੂਰਾ ਅਹਿਸਾਸ ਹੋਣਾ ਚਾਹੀਦਾ ਹੈ।** ਰੋਮਾਂ ਦੀ ਬੇਅਦਬੀ ਨਾ ਹੋਣ ਦੇਣ ਕਾਰਨ ਇਤਨੀ ਬਜ਼ੁਰਗ ਸ਼ਖਸੀਅਤ ਵਲੋਂ ਆਪਣੀ ਜਾਨ ਨੂੰ ਇਤਨੇ ਭਾਰੇ ਖਤਰੇ ਵਿਚ ਪਾ ਲੈਣਾ ਇਕ ਲਾਮਿਸਾਲੀ ਕਰਮ ਹੈ ਜੋ ਅਜੋਕੇ ਸਮੇਂ ਵਿਚ ਰੋਮਾਂ ਦੇ ਸਤਿਕਾਰ ਦੀ ਅਦੁਤੀ ਮਿਸਾਲ ਵਜੋਂ ਇਤਿਹਾਸ ਦੇ ਪੰਨਿਆਂ ਵਿਚ ਅੰਕਿਤ ਹੋਇਆ ਹੈ ਤੇ ਜਿਸ ਨੇ ਕੇਸਾਂ ਦੇ ਸਤਿਕਾਰ ਲਈ ਵਡੀ ਸ਼ਰਧਾ ਉਜਾਗਰ ਕਰ ਕੇ ਉਨ੍ਹਾਂ ਆਪ-ਹੁਦਰੇ ਤੇ ਗੁਮਰਾਹ ਹੋਏ ਨੌਜਵਾਨਾਂ ਨੂੰ ਅਮਲੀ ਰੂਪ ਵਿਚ ਸਬਕ ਦਿਤਾ ਹੈ ਕਿ ਕੇਸ ਸਿਖ ਲਈ ਜਾਨ ਨਾਲੋਂ ਕਿਤੇ ਵਧ ਪਿਆਰੇ ਹਨ ਅਤੇ ਫੈਸ਼ਨ ਜਾਂ ਆਧੁਨਿਕਤਾ ਦੀ ਰੌ ਵਿਚ ਵਹਿ ਕੇ ਇਸ ਅਣਮੋਲ ਦਾਤ ਨੂੰ ਨਸ਼ਟ ਕਰ ਕੇ ਗੁਰੂ ਤੋਂ ਬੇਮੁਖ ਹੋਣਾ ਬਹੁਤ ਹੀ ਘਾਟੇ ਵਾਲੀ ਗਲ ਹੈ ਜੋ ਕਿਸੇ ਵੀ ਸਿੱਖ ਨੂੰ ਪਰਵਾਨ ਨਹੀਂ ਕਰਨੀ ਚਾਹੀਦੀ। **ਕੇਸ ਗੁਰੂ ਦੀ ਅਮਾਨਤ ਹਨ ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਇਸ ਅਮਾਨਤ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰਖੀਏ, ਇਸ ਵਿਚ ਖਿਆਨਤ ਕਰਨਾ ਸਾਡੇ ਕਿਰਦਾਰ ਨੂੰ ਇਕ ਤਰ੍ਹਾਂ ਦੀ ਊਝ ਲਗਾਉਂਦਾ ਹੈ ਅਤੇ ਇਕ ਚੰਗਾ ਮਨੁਖ ਆਪਣੇ ਇਖਲਾਕ, ਆਪਣੇ ਕਿਰਦਾਰ ਨੂੰ ਕਿਸੇ ਵੀ ਹਾਲਤ ਵਿਚ ਦਾਗ਼ਦਾਰ ਨਹੀਂ ਹੋਣ ਦੇਂਦਾ। ਕੇਸਾਂ ਦੀ ਸੰਭਾਲ ਕਰ ਕੇ ਅਸੀਂ ਆਪਣੇ ਇਖਲਾਕ ਨੂੰ ਗੁਰੂ ਦੀ ਨਜ਼ਰ ਵਿਚ ਅਵੱਸ਼ ਹੀ ਉਜਲਾ ਰਖ ਸਕਦੇ ਹਾਂ। ਜੇ ਸਾਨੂੰ ਗੁਰੂ ਪਿਆਰਾ ਹੈ ਤਾਂ ਸਾਨੂੰ ਕੇਸਾਂ ਨਾਲ ਵੀ ਪਿਆਰ ਕਰਨਾ ਚਾਹੀਦਾ ਹੈ ਕਿਉਂਕਿ ਇਹ ਕੇਸ ਉਸ ਦੀ ਅਨਮੋਲ ਦਾਤ ਹਨ ਅਤੇ ਸਾਡੇ ਉਤੇ ਉਸ ਦੀ ਮਿਹਰ ਦੇ ਸੂਚਕ ਹਨ। ਇਹ ਕੇਸ ਉਸ ਬੇਦਾਰੀ ਤੇ ਕਰਾਂਤੀ ਨੂੰ ਵੀ ਸ਼ਕਤੀ ਪ੍ਰਦਾਨ ਕਰਦੇ ਹਨ ਜਿਹੜੀ ਸਾਡੇ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਕੌਮ ਨੂੰ ਸ਼ਕਤੀ ਬਖਸ਼ ਕੇ ਜ਼ੁਲਮ ਦੇ ਨਾਸ ਕਰਨ ਹਿਤ ਪ੍ਰਾਰੰਭੀ ਸੀ।** ਇਸ ਕਰ ਕੇ ਵੀ ਉਸ ਨਿਸ਼ਕਾਮ ਰੂਪ ਵਿਚ ਚਲਾਏ ਇਨਕਲਾਬ ਦੇ ਮਜ਼ਬੂਤ ਅੰਗ ਅਖਵਾਣ ਲਈ ਵੀ ਸਾਨੂੰ ਖ਼ੁਸ਼ੀ ਖ਼ੁਸ਼ੀ ਤੇ ਸ਼ਹਾਨਾ ਰੂਪ ਵਿਚ ਆਪਣੇ ਕੇਸਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਨਾਲ ਗੁਰੂ ਪ੍ਰਸੰਨ ਹੁੰਦੇ ਹਨ ਤੇ ਅਸੀਂ ਉਨ੍ਹਾਂ ਦੀ ਕਿਰਪਾ, ਮਿਹਰ, ਬਖਸ਼ ਦੇ ਪਾਤਰ ਬਣਦੇ ਹਾਂ **ਵਿਗਿਆਨਕ ਦ੍ਰਿਸ਼ਟੀ ਕੋਨ ਤੋਂ ਇਹ ਸਾਬਤ ਹੋ ਗਿਆ ਹੈ ਕਿ ਕੇਸ ਸਾਡੇ ਸਰੀਰ ਦਾ ਇਕ ਲਾਜ਼ਮੀ ਤੇ ਲਾਹੇਵੰਦਾ ਅੰਗ ਹਨ। ਸ਼ਰਧਾ ਭਾਵਨਾ ਪਖੋਂ ਇਹ ਸਾਡੀ ਜਿੰਦ ਜਾਨ ਹਨ। ਸਰੀਰਕ ਵਿਗਿਆਨ ਦੇ ਨੁਕਤਾ ਨਿਗਾਹ ਅਨੁਸਾਹ ਇਹ ਸਾਡੀ ਸੁੰਦਰਤਾ ਤੇ ਮਰਦਾਊਪੁਣੇ ਦੀ ਤਰਜਮਾਨੀ ਕਰਦੇ ਹਨ। ਭਾਵਾਤਮਿਕ ਪਹਿਲੂ ਤੋਂ ਦੇਖਦਿਆਂ ਹੋਇਆਂ ਇਹ ਸਾਡੇ ਉਤਸ਼ਾਹ ਤੇ ਚੜ੍ਹਦੀ ਕਲਾ ਨੂੰ ਬਲ ਪ੍ਰਦਾਨ ਕਰਦੇ**


Sri Satguru Jagjit Singh Ji eLibrary NamdhariElibrary@gmail.com

ਹਨ। ਸਮਾਜਿਕ ਪਖੋਂ ਇਹ ਇਜ਼ਤ ਮਾਣ ਦੇ ਪ੍ਰਤੀਕ ਹਨ। ਸਾਂਸਕ੍ਰਿਤਕ ਤੇ ਸਭਿਆਚਾਰਕ ਨਜ਼ਰੀਏ ਤੋਂ ਇਹ ਸਾਡੇ ਪੁਰਾਤਨ ਗੌਰਵ ਦੀ ਤਰਜਮਾਨੀ ਕਰਦੇ ਹਨ ਅਤੇ ਅਮਲੀ ਤੌਰ ਤੇ ਇਹ ਸਾਡਾ ਵਕਾਰ ਤੇ ਸਾਡੀ ਛਵੀ ਵਧਾਉਣ ਵਿਚ ਲਾਮਿਸਾਲ ਭੂਮਿਕਾ ਨਿਭਾਉਂਦੇ ਹੋਏ ਸਾਨੂੰ ਸੰਪੂਰਨ ਮਨੁੱਖ ਹੋਣ ਦਾ ਦਰਜਾ ਦਵਾਂਦੇ ਹਨ। ਆਪਣੇ ਇਨ੍ਹਾਂ ਤੇ ਹੋਰ ਬੇਸ਼ੁਮਾਰ ਗੁਣਾਂ ਕਾਰਨ, ਕੇਸ ਹਰ ਇਕ ਇਨਸਾਨ ਦਾ ਗੰਭੀਰ ਧਿਆਨ ਆਪਣੇ ਵਲ ਖਿਚਦੇ ਹਨ। ਇਸ ਲਈ ਇਨ੍ਹਾਂ ਪ੍ਰਤੀ ਅਵੇਸਲਾਪਨ ਦਿਖਲਾਉਣਾ 21ਵੀਂ ਸਦੀ ਦੇ ਸੁਘੜ ਮਨੁੱਖ ਨੂੰ ਨਹੀਂ ਜਚਦਾ ਕਿਉਂਕਿ ਉਹ ਆਪਣੇ ਹਰ ਪ੍ਰਕਾਰ ਦੇ ਨਫੇ ਨੁਕਸਾਨ ਤੋਂ ਭਲੀ ਭਾਂਤੀ ਸੁਚੇਤ ਹੈ।

## ਕੇਸਾਂ ਦੀ ਮਹਤਤਾ ਵਿਦੇਸ਼ੀ ਇਤਿਹਾਸ ਦੇ ਝਰੋਖੇ ਤੋਂ

## ਸੈਮਸਨ ਨਾਲ ਜੁੜੀ ਕੇਸਾਂ ਦੀ ਸਾਖੀ

ਵਿਦੇਸ਼ੀ ਇਤਿਹਾਸ ਵਿਚ ਜਰਹ ਨਿਵਾਸੀ ਸੈਮਸਨ ਇਕ ਅਜਿਹਾ ਸੂਰਬੀਰ ਯੋਧਾ ਹੋਇਆ ਦਸਿਆ ਜਾਂਦਾ ਹੈ ਜਿਹੜਾ ਆਪਣੀ ਸ਼ਕਤੀ ਨਾਲ ਪੂਰੇ ਹਜੂਮ ਨੂੰ ਕੁਟ ਸੁਟਦਾ ਸੀ ਅਤੇ ਕੋਈ ਬੰਦਾ ਸੈਮਸਨ ਨਾਲ ਦੋ ਹਥ ਕਰਨ ਦਾ ਹੀਆ ਨਹੀਂ ਸੀ ਕਰਦਾ। ਉਸ ਦੀ ਸ਼ਕਤੀ ਦਾ ਅੰਦਾਜ਼ਾ ਇਸ ਗਲ ਤੋਂ ਬਖੂਬੀ ਹੋ ਜਾਂਦਾ ਹੈ ਕਿ ਉਸ ਨੇ ਸ਼ੇਰ ਨੂੰ ਬਿਨਾਂ ਹਥਿਆਰ ਤੇ ਸ਼ਸਤਰਾਂ ਦੇ ਮਾਰ ਸੁਟਿਆ ਸੀ ਅਤੇ ਆਪਣੇ ਮੁਕਾਬਲੇ ਵਿਚ ਆਏ 1000 ਵਿਰੋਧੀਆਂ ਨੂੰ ਖੋਤੇ ਦੀ ਹਡੀ ਨਾਲ ਕੁਟ ਕੁਟ ਕੇ ਮਾਰ ਭਜਾਇਆ ਸੀ। ਬਾਈਬਲ ਵਿਚ ਅੰਕਿਤ ਹੈ ਕਿ ਦੂਜੇ ਪਾਸੇ ਫਿਲਸਤੀਨੀ ਉਸ ਨੂੰ ਆਪਣਾ ਵਡਾ ਦੁਸ਼ਮਣ ਸਮਝਦੇ ਹੋਏ ਖਤਮ ਵੀ ਜ਼ਰੂਰ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਇਕ ਲੜਕੀ ਜਿਸ ਦਾ ਨਾਂ 'ਡਲੇਲਾ' ਸੀ, ਨੂੰ ਸੈਮਸਨ ਦੇ ਨੇੜੇ ਕੀਤਾ ਜਿਸ ਨੇ ਉਸ ਨਾਲ ਪਿਆਰ ਸਾਂਝ ਪਾ ਕੇ ਸੈਮਸਨ ਦੀ ਸ਼ਕਤੀ ਦਾ ਕਾਰਨ ਜਾਨਣ ਦੀ ਯੋਜਨਾ ਬਣਾਈ।

ਇਹ ਠੀਕ ਹੈ ਕਿ ਸੈਮਸਨ ਨੇ ਆਪਣੀ ਪ੍ਰੇਮਿਕਾ ਡਲੈਲਾ ਨੂੰ ਆਪਣੇ ਕੇਸਾਂ ਵਿਚ ਬੇਪਨਾਹ ਸ਼ਕਤੀ ਹੋਣ ਦਾ ਭੇਦ ਦੇ ਕੇ ਹੀ ਆਪਣੀ ਜਵਾਨੀ ਤੇ ਜਾਨ ਗਵਾਈ ਪਰ ਉਸ ਨੇ ਡਲੈਲਾ ਨੂੰ ਤੁਰਤ ਫੁਰਤ ਪਹਿਲੀ ਬੇਨਤੀ ਤੇ ਹੀ ਇਸ ਅਗੰਮੀ ਭੇਦ ਬਾਰੇ ਸਹੀ ਸਹੀ ਕੁਝ ਵੀ ਨਹੀਂ ਸੀ ਦਸਿਆ। ਸਭ ਤੋਂ ਪਹਿਲਾਂ ਜਦ ਪਿਆਰ ਵਧਾ ਕੇ ਡਲੈਲਾ ਨੇ ਸੈਮਸਨ ਨੂੰ ਉਸ ਦੀ ਸ਼ਕਤੀ ਦਾ ਕਾਰਨ ਪੁਛਿਆ ਤਾਂ ਉਸ ਨੇ ਡਲੈਲਾ ਨੂੰ ਟਾਲਦਿਆਂ ਹੋਇਆਂ ਕਿਹਾ ਕਿ ਉਸਦੀ ਸ਼ਕਤੀ ਉਸ ਦੇ ਗਲ ਵਿਚ ਪਈ ਹੋਈ ਮਾਲਾ ਵਿਚ ਵਿਦਮਾਨ ਹੈ। ਇਹ ਜਾਣ ਕੇ ਡਲੈਲਾ ਨੇ ਸੁਤੇ ਪਏ ਸੈਮਸਨ ਦੀ ਮਾਲਾ ਤੋੜ ਦਿਤੀ ਤੇ ਫਲਿਸਤੀਨੀਆਂ ਨੂੰ ਕਿਹਾ ਕਿ ਹੁਣ ਤੁਸੀਂ ਸੈਮਸਨ ਤੇ ਟੁਟ ਪਵੋ ਕਿਉਂਕਿ ਉਸ ਨੇ ਸੈਮਸਨ ਦਾ ਗੁਪਤ ਸ਼ਕਤੀ ਸਰੋਤ ਨਸ਼ਟ ਕਰ ਦਿਤਾ ਹੈ। ਜਦ ਡਲੈਲਾ ਦੇ ਕਹੇ ਤੇ ਫਲਿਸਤੀਨੀਆਂ ਨੇ ਸੈਮਸਨ ਤੇ ਹਮਲਾ ਕੀਤਾ ਤਾਂ ਉਹ ਸੁਚੇਤ ਹੋ ਗਿਆ ਤੇ ਉਸ ਨੇ ਸਾਰੇ ਫਲਿਸਤੀਨੀ ਹਮਲਾਵਰਾਂ ਨੂੰ ਆਪਣੀ ਸ਼ਕਤੀ ਨਾਲ ਮਾਰ ਸੁਟਿਆ। ਉਸ ਨੇ ਡਲੈਲਾ ਨੂੰ ਵੀ ਬਹੁਤ ਬੁਰਾ ਭਲਾ ਕਿਹਾ ਕਿ ਉਸਨੇ ਉਸਦਾ ਭੇਤ ਪਤਾ ਕਰ ਕੇ ਉਸ ਨੂੰ ਮਰਵਾਣਾ ਚਾਹਿਆ ਹੈ। ਸੈਮਸਨ ਨੇ ਡਲੈਲਾ ਨੂੰ ਕਰੋਧ ਵਿਚ ਆ ਕੇ ਇਹ ਵੀ ਕਿਹਾ ਕਿ ਉਸਨੇ ਉਸਨੂੰ ਆਪਣੀ ਤਾਕਤ ਦੀ ਅਸਲੀਅਤ ਬਾਰੇ ਜੋ ਕੁਝ ਵੀ ਦਸਿਆ ਸੀ ਉਹ ਝੂਠ ਸੀ। ਡਲੈਲਾ ਵੀ ਕਿਹੜਾ ਘਟ ਚਤਰ ਸੀ।

ਉਸ ਨੇ ਦੋਬਾਰਾ ਆਪਣੇ ਉਚੇ ਸੁਚੇ ਪਿਆਰ ਦਾ ਵਾਸਤਾ ਪਾ ਕੇ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਆਪਣੇ ਸ਼ਕਤੀ ਸਰੋਤ ਦੀ ਅਸਲੀਅਤ ਨੂੰ ਠੀਕ ਠੀਕ ਦਸਣ ਲਈ ਜ਼ਿੱਦ ਕੀਤੀ। 'Ten Commandments' ਵਿਚ ਦਿਤੀ ਇਸ ਕਹਾਣੀ ਅਨੁਸਾਰ ਇਕ ਵਾਰੀ ਫਿਰ ਸੈਮਸਨ ਨੇ ਡਲੈਲਾ ਨੂੰ ਆਪਣੇ ਸ਼ਕਤੀ ਸਰੋਤ ਬਾਰੇ ਝੂਠ ਬੋਲਿਆ ਤੇ ਇਵੇਂ ਉਹੀ ਵਾਕਿਆ ਫਿਰ ਉਵੇਂ ਹੀ ਦੁਹਰਾਇਆ ਗਿਆ ਜਿਸ ਤਰ੍ਹਾਂ ਦਾ ਜ਼ਿਕਰ ਉਤੇ ਕੀਤਾ ਗਿਆ ਹੈ। ਹੁਣ ਡਲੈਲਾ, ਸੈਮਸਨ ਨਾਲ ਬਹੁਤ ਗੁੱਸੇ ਹੋਈ ਤੇ ਉਸ ਨੂੰ ਤਾਹਨੇ ਦੇਣ ਲਗ ਪਈ ਕਿ ਉਹ ਤਾਂ ਸੈਮਸਨ ਤੋਂ ਜਾਨ ਤਕ ਨਿਛਾਵਰ ਕਰਨ ਲਈ ਤਿਆਰ ਹੈ ਪਰ ਉਸ ਦਾ ਅਖੌਤੀ ਪ੍ਰੇਮੀ ਸੈਮਸਨ ਉਸ ਨਾਲ ਰੱਤੀ ਭਰ ਵੀ ਸੱਚਾ ਪਿਆਰ ਨਹੀਂ ਕਰਦਾ ਅਤੇ ਨਾ ਹੀ ਵਿਸ਼ਵਾਸ਼ ਕਰਦਾ ਹੈ। ਇਸ ਲਈ ਉਹ ਬੇਵਫ਼ਾ ਹੈ, ਝੂਠਾ ਹੈ, ਦੰਭੀ ਹੈ, ਫਰੇਬੀ ਹੈ ਤੇ ਪਤਾ ਨਹੀਂ ਹੋਰ ਕੀ ਕੀ ਕੁਝ ਉਸ ਨੇ ਉਸ ਨੂੰ ਕਹਿ ਦਿੱਤਾ। ਇਤਨਾ ਕੁਝ ਸੁਣ ਕੇ ਸੈਮਸਨ ਦਾ ਦਿਲ ਪਸੀਜ ਗਿਆ ਤੇ ਉਸ ਨੇ ਇਸ ਦਫਾ ਡਲੈਲਾ ਨੂੰ ਅਸਲੀਅਤ ਦਸ ਦਿਤੀ ਕਿ ਉਸ ਦੀ ਸਾਰੀ ਸ਼ਕਤੀ ਉਸ ਦੇ ਕੇਸਾਂ ਵਿਚ ਲੁਪਤ ਹੈ। ਡਲੈਲਾ ਨੇ ਇਹ ਸੁਣ ਕੇ ਸੈਮਸਨ ਨੂੰ ਪਿਆਰ ਵਿਚ ਲਿਆ ਕੇ ਆਪਣੀ ਝੋਲੀ ਵਿਚ ਸਵਾ ਕੇ ਉਸ ਦੇ ਕੇਸ ਕਟ ਦਿਤੇ ਤੇ ਉਹ ਸਚ ਮੁਚ ਸ਼ਕਤੀਹੀਨ ਹੋ ਗਿਆ। ਉਸ ਨੂੰ ਜ਼ੰਜੀਰਾਂ ਵਿਚ ਜਕੜ ਲਿਆ ਗਿਆ ਤੇ ਫਲਿਸਤੀਨੀਆਂ ਨੇ ਉਸ ਨੂੰ ਜਾਨੋਂ ਮਾਰਨ ਦੀ ਥਾਂ ਤਸੀਹੇ ਦੇ ਕੇ ਮਾਰਨ ਦੀ ਠਾਨੀ ਤੇ ਉਸ ਦੀਆਂ ਦੋਵੇਂ ਅਖਾਂ ਕੱਢ ਕੇ ਉਸ ਨੂੰ ਆਪਣੀ ਇਕ ਜੇਲ੍ਹ ਵਿਚ ਡਕ ਦਿੱਤਾ।

ਸੈਮਸਨ ਬੜਾ ਪਛਤਾਇਆ ਕਿ ਉਸ ਨੇ ਡਲੈਲਾ ਦੇ ਪਿਆਰ ਮੋਹ ਵਿਚ ਆ ਕੇ ਆਪਣਾ ਸਭ ਕੁਝ ਗੰਵਾ ਲਿਆ ਹੈ ਪਰ ਹੁਣ ਕੀ ਹੋ ਸਕਦਾ ਸੀ। ਪੀੜਾ ਅਤੇ ਪਛਤਾਵੇ ਨਾਲ ਉਹ ਆਪਣੇ ਦਿਨ ਜੇਲ੍ਹ ਵਿਚ ਕਟਣ ਲਗ ਪਿਆ। ਕੁਝ ਦੇਰ ਮਗਰੋਂ ਉਸ ਦੇ ਕੇਸ ਦੋਬਾਰਾ ਉੱਘ ਆਏ। ਉਸ ਨੇ ਮਹਿਸੂਸ ਕੀਤਾ ਕਿ ਉਸ ਵਿਚ ਦੋਬਾਰਾ ਅਗੰਮੀ ਸ਼ਕਤੀ ਪਰਵੇਸ਼ ਕਰ ਗਈ ਹੈ ਪਰ ਉਸ ਦੇ ਨੇਤਰ ਠੀਕ ਨਾ ਹੋਏ ਤੇ ਉਹ ਅੰਨ੍ਹਾ ਹੀ ਰਿਹਾ। ਉਹ ਕਿਸੇ ਮੌਕੇ ਦੀ ਤਾੜ ਵਿਚ ਚੁਪ ਕਰ ਕੇ ਜੇਲ੍ਹ ਵਿਚ ਦਿਨ ਕਟੀ ਕਰਦਾ ਰਿਹਾ। ਆਖਿਰ ਇਕ ਦਿਨ ਜੇਲ੍ਹ ਵਿਚ ਇਕ ਐਸੀ ਘੜੀ ਆ ਹੀ ਗਈ ਜਦ ਸੈਮਸਨ ਧੋਖੇ ਨਾਲ ਹੋਈ ਆਪਣੀ ਹਾਰ ਦਾ ਬਦਲਾ ਲੈ ਸਕਦਾ ਸੀ। ਫਲਿਸਤੀਨੀਆਂ ਨੇ ਕੋਈ ਬਹੁਤ ਹੀ ਗੁਪਤ ਮੀਟਿੰਗ ਕਰਨੀ ਸੀ ਇਸ ਲਈ ਉਨ੍ਹਾਂ ਨੇ ਉਹ ਮੀਟਿੰਗ ਉਸੇ ਜੇਲ੍ਹ ਦੇ ਵਡੇ ਬਰਾਂਡੇ ਵਿਚ ਰੱਖ ਲਈ ਜਿਥੇ ਸੈਮਸਨ ਡਕਿਆ ਹੋਇਆ ਸੀ। ਇਹ ਸੁਣ ਕੇ ਸੈਮਸਨ ਖ਼ੁਸ਼ ਹੋ ਗਿਆ ਪਰ ਚੁਪ ਰਿਹਾ। ਜਦ ਮੀਟਿੰਗ ਸ਼ੁਰੂ ਹੋਈ ਤਾਂ ਮੀਟਿੰਗ ਵਾਲੇ ਬਰਾਂਡੇ ਵਿਚ ਸਾਰੇ ਉੱਘੇ ਉੱਘੇ ਫਲਿਸਤੀਨੀ ਬੈਠੇ ਹੋਏ ਸਨ। ਸੈਮਸਨ ਤੋਂ ਉਹ ਹੁਣ ਡਰਦੇ ਨਹੀਂ ਸਨ ਕਿਉਂਕਿ ਉਹ ਤਾਂ ਉਨ੍ਹਾਂ ਦਾ ਇਕ ਨਿਮਾਣਾ ਜਿਹਾ ਕੈਦੀ ਸੀ ਤੇ ਉਸ ਦੀਆਂ ਅੱਖਾਂ ਵੀ ਨਹੀਂ ਸਨ। ਸੈਮਸਨ ਨੇ ਇਹ ਸਾਰੀ ਸਥਿਤੀ ਆਪਣੇ ਲਈ ਬਹੁਤ ਅਨੁਕੂਲ ਸਮਝੀ ਤੇ ਉਸ ਨੇ ਦੋਬਾਰਾ ਵਧੇ ਕੇਸਾਂ ਕਰ ਕੇ ਪੈਦਾ ਹੋਈ ਆਪਣੀ ਬੇਪਨਾਹ ਸ਼ਕਤੀ ਨਾਲ ਉਸ ਬਿਲਡਿੰਗ ਨੂੰ ਉਸ ਦੇ ਇਕ ਥੰਮ ਦੁਆਰਾ ਉਤਾਂਹ ਚੁਕ ਕੇ ਜ਼ੋਰ ਦਾ ਥਲੇ ਪਟਾਕ ਮਾਰਿਆ। ਨਤੀਜਾ ਇਹ ਹੋਇਆ ਕਿ ਸੈਮਸਨ ਸਮੇਤ ਸਾਰੇ ਫਲਿਸਤੀਨੀ, ਜੋ ਉਥੇ ਜੇਲ੍ਹ ਵਿਚ ਗੁਪਤ ਮੀਟਿੰਗ ਲਈ ਆਏ ਹੋਏ ਸਨ, ਮਾਰੇ ਗਏ। ਸੈਮਸਨ ਦਰਅਸਲ ਇਵੇਂ ਮਰਿਆ।

ਉਕਤ ਸਾਰੀ ਗਲ ਬਾਤ ਤੋਂ ਇਹ ਧਾਰਨਾ ਹੋਰ ਸੁਦ੍ਰਿੜ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ ਕਿ ਜਦ ਤਕ ਵੀ ਸੈਮਸਨ ਦੇ ਸਿਰ ਉਤੇ ਕੇਸ ਸਨ, ਉਨ੍ਹਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਬਹੁਤ ਵੱਡੀ ਭਾਰੀ ਸ਼ਕਤੀ ਦਾ ਪਰਵੇਸ਼ ਸੀ ਜਾਂ ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਉਸ ਦੀ ਸਾਰੀ ਸ਼ਕਤੀ ਹਮੇਸ਼ਾ ਹੀ ਕੇਸਾਂ ਵਿਚ ਹੀ ਲੁਪਤ ਸੀ। ਅਜਿਹੀ ਹਾਲਤ ਵਿਚ ਕੇਸਾਂ ਨੂੰ ਇਕ ਸਾਧਾਰਨ ਵਸਤੂ ਸਮਝਣਾ ਸਾਡੀ ਨਾਦਾਨੀ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੋ ਸਕਦਾ।

## ਪ੍ਰੋਫੈਸਰ ਗੰਗਾ ਸਿੰਘ ਤੇ ਕੇਸ

ਉਕਤ ਘਟਨਾਵਾਂ ਦੇ ਉਲਟ ਇਕ ਗਲ ਸਿੱਖ ਖੇਤਰ ਵਿਚ ਵੀ ਇਕ ਵਖਰੇ ਰੂਪ ਵਿਚ ਪ੍ਰਚਲਿਤ ਹੈ। ਕਹਿੰਦੇ ਹਨ ਪ੍ਰੋਫੈਸਰ ਗੰਗਾ ਸਿੰਘ ਜਿਹੜਾ ਸਿਖ ਇਤਿਹਾਸ ਦਾ ਬੜਾ ਗਿਆਤਾ ਅਤੇ ਬੇਨਜ਼ੀਰ ਬੁਲਾਰਾ ਸੀ, ਜਦ ਅਮਰੀਕਾ ਗਿਆ ਤਾਂ ਇਕ ਗੋਰੀ ਉਸਨੂੰ ਬਹੁਤ ਪਿਆਰ ਕਰਨ ਲਗ ਪਈ। ਗੋਰੀ ਨੂੰ ਵਧੇਰੇ ਖੁਸ਼ ਕਰਨ ਲਈ ਉਸ ਨੇ ਆਪਣੇ ਕੇਸ ਤਕ ਕਤਲ ਕਰਵਾ ਦਿਤੇ। ਅਗਲੇ ਦਿਨ ਗੋਰੀ ਨੇ ਜਦ ਪ੍ਰੋਫੈਸਰ ਨੂੰ ਸਿਰ ਮੂੰਹ ਮੁੰਨਿਆ ਵੇਖਿਆ ਤਾਂ ਹੈਰਾਨ ਰਹਿ ਗਈ ਤੇ ਚੁਪ ਚਪੀਤੇ ਉਥੋਂ ਤੁਰ ਗਈ ਤੇ ਫਿਰ ਕਦੇ ਉਸਦੇ ਨੇੜੇ ਨਾ ਆਈ। ਇਕ ਦਿਨ ਪ੍ਰੋ· ਗੰਗਾ ਸਿੰਘ ਵਿਸ਼ੇਸ਼ ਤੌਰ ਤੇ ਉਸ ਨੂੰ ਮਿਲਣ ਉਸ ਦੇ ਘਰ ਗਿਆ ਪਰ ਗੋਰੀ ਨੇ ਉਸ ਵਲ ਕੋਈ ਦਿਲਚਸਪੀ ਨਾ ਦਿਖਾਈ। ਪ੍ਰੋਫੈਸਰ ਨੇ ਇਸਦਾ ਕਾਰਨ ਪੁਛਿਆ ਤਾਂ ਗੋਰੀ ਨੇ ਕਿਹਾ ਕਿ **ਤੇਰੇ ਕੇਸ ਦਾਹੜ੍ਹੀ ਵਾਲੇ ਸਰੂਪ ਵਿਚ ਮੈਨੂੰ ਮੇਰੇ ਇਸ਼ਟ ਭਾਵ ਈਸਾ ਦੇ ਦਰਸ਼ਨ ਹੁੰਦੇ ਸਨ ਜਿਸ ਕਰਕੇ ਮੈਂ ਤੈਨੂੰ ਬੇਹਦ ਪਿਆਰ ਕਰਦੀ ਸੀ ਪਰ ਕੇਸ ਕਟਵਾਉਣ ਮਗਰੋਂ ਤੇਰੇ ਵਿਚੋਂ ਈਸਾ ਅਲੋਪ ਹੋ ਗਿਆ ਹੈ। ਮੇਰਾ ਇਸ਼ਕ ਈਸਾ ਨਾਲ ਸੀ ਤੇ ਕੇਸ ਕਟਵਾਣ ਕਾਰਨ ਉਹ ਹੁਣ ਤੇਰੇ ਵਿਚੋਂ ਮੈਨੂੰ ਨਹੀਂ ਦਿਸ ਰਿਹਾ ਇਸ ਲਈ ਤੂੰ ਮੇਰੇ ਲਈ ਕੋਈ ਖਿਚ ਨਹੀਂ ਰਖਦਾ।** ਨਤੀਜੇ ਵਜੋਂ ਮੈਂ ਤੇਰੀ ਸੰਗਤ ਵਿਚ ਆਪਣਾ ਹੋਰ ਸਮਾਂ ਨਸ਼ਟ ਨਹੀਂ ਕਰ ਸਕਦੀ। ਗਲ ਕੁਝ ਇਵੇਂ ਹੋਈ ਲਗਦੀ ਹੈ ਜਿਵੇਂ ਨਿਮਨ ਸ਼ੇਅਰ ਵਿਚ ਲਿਖਿਆ ਹੋਇਆ ਹੈ:

***ਉਸ ਸ਼ੋਖ ਕੀ ਖਾਤਿਰ ਹਮ ਮੁਸਲਿਮ ਸੇ ਹੂਏ ਹਿੰਦੂ,***
***ਔਰ ਜ਼ਾਲਮ ਕੋ ਮੇਰੀ ਜ਼ਿਦ ਪਰ, ਇਸਲਾਮ ਪਸੰਦ ਆਇਆ।***

ਜਦ ਗੰਗਾ ਸਿੰਘ ਸਿਰ ਗੁੰਮ ਹਾਲਤ ਵਿਚ ਆਪਣੀ ਬੀਵੀ ਦੇ ਸਨਮੁਖ ਹੋਇਆ ਤਾਂ ਉਸਨੇ ਵੀ ਸ਼ਰਮਸਾਰੀ ਦੀ ਹਾਲਤ ਵਿਚ ਉਸਨੂੰ ਕਬੂਲਣ ਤੋਂ ਨਾ ਕਰ ਦਿਤੀ। ਇਸ ਤਰ੍ਹਾਂ ਕਿਸਮਤ ਦੇ ਮਾਰੇ ਵਿਚਾਰੇ ਗੰਗਾ ਸਿੰਘ ਨੂੰ,

***ਨਾ ਖੁਦਾ ਹੀ ਮਿਲਾ ਨਾ ਵਸਾਲੇ ਸਨਮ***
***ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।***

ਅੰਗਰੇਜ਼ ਔਰਤ ਅਤੇ ਆਪਣੀ ਬੀਵੀ ਨਾਲ ਗੰਗਾ ਸਿੰਘ ਦੀ ਹੋਈ ਗਲ ਵਿਚ ਕਿਤਨੀ ਕੁ ਸੁਚਾਈ ਹੈ ਇਹ ਤਾਂ ਪ੍ਰੋਫੈਸਰ ਗੰਗਾ ਸਿੰਘ ਹੀ ਸਹੀ ਜਾਣਦਾ ਹੋਵੇਗਾ ਪਰ ਉਪਰੋਕਤ ਵਾਰਤਾਲਾਪ ਵਿਚੋਂ ਆਮ ਮਨੁਖ ਨੂੰ ਕੇਸਾਂ ਦੀ ਮਹੱਤਤਾ ਤੇ ਸੁਹੱਪਣ ਦੇ ਸੁਚੇ ਦਰਸ਼ਨ ਜ਼ਰੂਰ ਹੁੰਦੇ ਹਨ। ਬਲਿਹਾਰੇ ਈਸਾ ਦੀ ਭਗਤਣੀ ਦੇ ਜਿਸ ਨੇ ਭਟਕ ਗਏ ਨੂੰ ਰਾਹ ਦਿਖਾਇਆ ਅਤੇ ਆਪਣੇ ਅੰਦਰ ਵਸੇ ਕੇਸਾਂ ਦੇ ਸਤਿਕਾਰ ਨੂੰ ਉਜਾਗਰ ਕਰਕੇ ਕੇਸਾਂ ਦੀ ਸ਼ਾਨ ਵਧਾਈ।

## ਦਾਹੜੀਆਂ ਬਾਰੇ ਕਥਨ

ਪੈਲੀਗਰੀਨੀ, ਦਾਹੜੀਆਂ ਦੀ ਮਹਤਤਾ ਬਾਰੇ ਰੋਸ਼ਨੀ ਪਾਉਂਦਿਆਂ ਲਿਖਦਾ ਹੈ


Sri Satguru Jagjit Singh Ji eLibrary NamdhariElibrary@gmail.com

ਕਿ ਦਾਹੜੀਆਂ ਰਖਣ ਵਾਲੇ ਵਿਅਕਤੀ ਵਧੇਰੇ ਪ੍ਰੌੜ, ਪਰਪੱਕ, ਸਿਆਣੇ, ਸਵੈ-ਭਰੋਸੇ ਵਾਲੇ, ਖੁਲ-ਦਿਲੇ ਅਤੇ ਮਿਹਨਤੀ ਲਗਦੇ ਹਨ। ਖੋਜ ਨੇ ਇਸ ਗਲ ਦਾ ਵੀ ਪ੍ਰਗਟਾਵਾ ਕੀਤਾ ਹੈ ਕਿ ਔਰਤਾਂ ਦਾਹੜੀ ਵਾਲੇ ਪੁਰਸ਼ਾਂ ਨੂੰ ਵਧੇਰੇ ਆਕਰਸ਼ਕ ਸਮਝਦੀਆਂ ਹਨ ਅਤੇ ਆਮ ਲੋਕ ਵੀ ਉਨ੍ਹਾਂ ਨੂੰ ਉਚੇ ਸਟੇਟਸ ਤੇ ਮਾਣ ਸਤਿਕਾਰ ਦੇ ਮਾਲਕ ਸਮਝਦੇ ਹਨ (ਹਵਾਲਾ Freedman ਦੀ ਲਿਖਤ 'The survival value of the beard' 1969)। ਇਸ ਨੁਕਤੇ ਤੇ ਕੀਤੀ ਗਈ ਹੋਰ ਖੋਜ ਇਸ ਤਥ ਨੂੰ ਸਵੀਕਾਰ ਕਰਦੀ ਹੈ ਕਿ ਦਾਹੜੀਆਂ ਰਖਣ ਵਾਲੇ ਨੌਜਵਾਨ ਤੇ ਅਧਖੜ ਉਮਰ ਦੇ ਮਨੁੱਖ ਆਪਣੀ ਉਮਰ ਦੇ ਗ਼ੈਰ-ਦਾਹੜੀ ਮੁੱਛਾਂ ਵਾਲਿਆਂ ਦੇ ਮੁਕਾਬਲੇ ਵਿਚ ਵਧੇਰੇ ਸੁਹਣੇ ਲਗਦੇ ਤੇ ਜਚਦੇ ਫਬਦੇ ਹਨ (ਹਵਾਲਾ Hatfield ਤੇ Sprecher ਦੀ ਰਪੋਟ)। ਇਸੇ ਕਿਸਮ ਦੇ ਵਿਚਾਰ Kenny ਤੇ Fletcher ਵੀ 'Effects of beardedness on person's perception' (1973) ਵਿਚ ਪ੍ਰਗਟਾਂਦੇ ਹੋਏ ਦਾਹੜੀਆਂ ਵਾਲੇ ਮਨੁੱਖਾਂ ਨੂੰ ਵਧੇਰੇ ਹੌਸਲੇ ਵਾਲੇ, ਮਰਦਾਊ ਤੇ ਸ਼ਕਤੀ ਭਰਪੂਰ ਦਰਸਾਉਂਦੇ ਹਨ। ਜੇਕਰ ਇਨ੍ਹਾਂ ਖੋਜਾਂ ਨੂੰ ਧਿਆਨ ਵਿਚ ਨਾ ਵੀ ਰਖੀਏ ਤਾਂ ਵੀ ਇਸ ਗਲ਼ ਵਿਚ ਕੋਈ ਅਤ ਕਥਨੀ ਨਹੀਂ ਕਿ ਸੰਪੂਰਣ ਦਾਹੜੀ ਵਾਲਾ ਗੁਰ ਸਿਖ ਸਜਣ ਕਿਤਨੀ ਸਦਾਚਾਰਕ ਦ੍ਰਿਸ਼ਟੀ ਦਾ ਮਾਲਕ ਜਾਪਦਾ ਹੈ।

## ਟਾਲਸਟਾਏ ਤੇ ਕੇਸ

ਰੂਸ ਦੇਸ਼ ਦਾ ਵਿਸ਼ਵ ਪ੍ਰਸਿਧ ਲਿਖਾਰੀ ਸ੍ਰੀ ਟਾਲਸਟਾਏ ਆਪਣੇ ਕੇਸਾਂ ਦਾਹੜੀ ਦਾ ਬਹੁਤ ਖਿਆਲ ਰਖਦਾ ਸੀ। ਜਦ ਉਸ ਤੋਂ ਪੁਛਿਆ ਗਿਆ ਕਿ ਉਹ ਅਜਿਹਾ ਕਿਉਂ ਕਰਦਾ ਹੈ ਤਾਂ ਉਸ ਨੇ ਕੇਸਾਂ ਨੂੰ ਕੁਦਰਤ ਦੇ ਨੇੜੇ ਹੋਣ ਦਾ ਸਾਧਨ ਦਸਿਆ ਅਤੇ ਕਿਹਾ ਕਿ ਮਨੁੱਖ ਦੇ ਸਰੀਰ ਲਈ ਰੋਮ ਇਵੇਂ ਹੀ ਹਨ ਜਿਵੇਂ ਧਰਤੀ ਲਈ ਬਨਸਪਤੀ। ਇਸ ਦਾ ਭਾਵ ਇਹ ਹੋਇਆ ਕਿ ਜਿਵੇਂ ਬਨਸਪਤੀ ਤੋਂ ਬਿਨਾਂ ਧਰਤੀ ਵੀਰਾਨ ਹੈ, ਬੰਜਰ ਹੈ, ਕਰੂਪ ਹੈ, ਇਵੇਂ ਕੇਸਾਂ ਤੋਂ ਬਿਨਾਂ ਮਨੁੱਖੀ ਸਰੀਰ ਵੀ ਵੀਰਾਨ ਹੈ ਕਿਉਂਕਿ ਕੇਸ ਜਾਂ ਸਰੀਰ ਦੇ ਸਾਰੇ ਰੋਮ ਮਨੁੱਖ ਦਾ ਸੁਹੱਪਣ ਹਨ, ਖ਼ੂਬਸੂਰਤੀ ਹਨ, ਸ਼ਾਨ ਸ਼ੌਕਤ ਹਨ ਅਤੇ ਔਰਤ ਲਈ ਤਾਂ ਇਹ ਬਣਾਓ ਸ਼ਿੰਗਾਰ ਤੋਂ ਇਲਾਵਾ ਉਸ ਦੇ ਗਰਭ ਸਮੇਂ ਲਈ ਬੜੇ ਉਪਯੋਗੀ ਵੀ ਹਨ। ਇਸੇ ਕਾਰਨ ਕਰਕੇ ਗਰਭ ਦੇ ਦੌਰਾਨ ਕੁਦਰਤੀ ਰੂਪ ਵਿਚ ਔਰਤਾਂ ਦੇ ਵਾਲ ਘਣੇ, ਸੰਘਣੇ ਤੇ ਲੰਮੇਰੇ ਹੋਣ ਲਗ ਜਾਂਦੇ ਹਨ ਕਿਉਂਕਿ ਇਨ੍ਹਾਂ ਨੇ ਗਰਭ ਵਿਚ ਪਲ ਰਹੇ ਬਚੇ ਨੂੰ ਪੂਰਨ ਇਨਸਾਨ ਬਣਾਉਣ ਲਈ ਕਾਫ਼ੀ ਕੁਝ ਦੇਣਾ ਹੁੰਦਾ ਹੈ। ਕਮਾਲ ਦੀ ਗੱਲ ਹੈ ਕਿ ਪਰਸੂਤ ਤੋਂ ਮਗਰੋਂ ਇਹ ਵਾਲ ਫਿਰ ਘਟ ਕੇ ਹਲਕੇ ਹੋ ਜਾਂਦੇ ਹਨ।

ਉਕਤ ਦਿੱਤੇ ਹਵਾਲਿਆਂ ਤੋਂ ਇਹੀ ਗਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਹਰ ਖੇਤਰ ਦੇ ਮਹਾਨ ਮਨੁੱਖਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਕੇਸਾਂ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਹੋਇਆਂ ਇਨ੍ਹਾਂ ਦਾ ਸਤਿਕਾਰ ਕੀਤਾ ਹੈ। ਪਰ ਸਿਖ ਤਾਂ ਇਨ੍ਹਾਂ ਨੂੰ ਆਪਣੇ ਗੁਰੂ ਦੀ ਦਾਤ ਸਮਝਦੇ ਹੋਏ ਜਿੰਦ ਜਾਨ ਨਾਲੋਂ ਵੀ ਵਧ ਜਾਣਦੇ ਹਨ।

## ਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੇਸਾਂ ਬਾਰੇ ਫਰਮਾਨ

ਕੇਸਾਂ ਦੀ ਵਡਮੁਲੀ ਦਾਤ ਦੀ ਕਦਰ-ਸ਼ਨਾਸੀ ਇਸ ਗਲ ਤੋਂ ਵੀ ਹੁੰਦੀ ਹੈ ਕਿ ਅੰਮ੍ਰਿਤ ਪਾਨ ਕਰਵਾਉਣ ਸਮੇਂ ਗੁਰੂ ਸਾਹਿਬ ਨੇ ਆਪਣੇ ਖਾਲਸੇ ਨੂੰ ਜੋ ਪੰਜ ਕਕਾਰ


Sri Satguru Jagjit Singh Ji eLibrary NamdhariElibrary@gmail.com

ਬਖਸ਼ਸ਼ ਕੀਤੇ ਹਨ ਉਹਨਾਂ ਵਿਚੋਂ ਪ੍ਰਥਮ ਕਕਾਰ ਕੇਸ ਮੰਨੇ ਗਏ ਹਨ ਕਿਉਂਕਿ ਕੇਸਾਂ ਕਰਕੇ ਹੀ ਖਾਲਸੇ ਦੀ ਵਿਲਖਣਤਾ ਬਣਦੀ ਹੈ ਤੇ ਉਹ ਲਖਾਂ ਵਿਚ ਖਲੋਤਾ ਪਛਾਣਿਆ ਜਾਂਦਾ ਹੈ। **'ਸਵਾ ਲਾਖ ਸੇ ਏਕ ਲੜਾਊਂ'** ਦੀ ਭਾਵਨਾ ਵਾਲਾ ਮਨੁਖ ਬਾਕੀਆਂ ਨਾਲੋਂ ਵਿਲਖਣ ਹੋਣਾ ਅਤੀ ਅਵਸ਼ਕ ਵੀ ਹੈ ਅਤੇ ਕੇਸ ਇਸ ਨੂੰ ਵਿਲਖਣਤਾ ਪ੍ਰਦਾਨ ਕਰਦੇ ਹੋਏ ਇਸ ਲਈ ਸ਼ਕਤੀ ਸੂਚਕ ਵੀ ਹਨ। ਕੇਸਗੜ੍ਹ ਸਾਹਿਬ ਦੇ ਪਵਿੱਤਰ ਸਥਾਨ ਵਲੋਂ ਗ੍ਰਹਿਣ ਕੀਤੀ ਇਸ ਨਵੀਂ ਮਹਤਤਾ ਕਾਰਨ ਕੇਸਗੜ੍ਹ ਕੇਸਾਂ ਦੇ ਸਨਮਾਨ ਦਾ ਗੜ੍ਹ ਬਣ ਗਿਆ ਜਿਸ ਦੀ ਸੁਰੱਖਿਆ ਕਰਨਾ ਸਾਡਾ ਪਹਿਲਾ ਕਰਤਵ ਹੈ। ਕੇਸਗੜ੍ਹ ਦੇ ਕਮਜ਼ੋਰ ਹੋਣ ਨਾਲ ਸਿਖ ਰਹੁ-ਰੀਤੀ ਨੂੰ ਆਂਚ ਆ ਸਕਦੀ ਹੈ, ਕੌਮ ਦਾ ਮਾਨਸਿਕ ਬਲ ਗਿਰ ਸਕਦਾ ਹੈ ਇਸ ਲਈ ਕੇਸਗੜ੍ਹ ਦੀਆਂ ਪਰੰਪਰਾਵਾਂ ਦੀ ਸੰਭਾਲ ਵਿਚ ਹੀ ਖਾਲਸਈ ਤੇ ਭਾਰਤੀ ਸ਼ਾਨ ਬਹਾਲ ਰਹਿ ਸਕਦੀ ਹੈ ਨਹੀਂ ਤਾਂ ਸਿਖੀ ਦਾ ਭੌਤਿਕ ਸਰੂਪ ਹੀ ਖਤਮ ਹੋ ਜਾਣ ਦਾ ਡਰ ਹੈ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਦੀ ਸਥਾਪਨਾ ਮਗਰੋਂ ਕੇਸਾਂ ਦੀ ਮਹਤਤਾ ਬਾਰੇ ਬਹੁਤ ਕੁਝ ਹਦਾਇਤਾਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਨ। ਇਥੇ ਹੀ ਬਸ ਨਹੀਂ, ਉਨ੍ਹਾਂ ਨੇ ਆਪਣੀ ਕਾਬਲ ਦੀ ਸੰਗਤ ਨੂੰ ਭੇਜੇ ਹੁਕਮਨਾਮੇ ਵਿਚ ਕੇਸਾਂ ਨੂੰ ਆਪਣੀ ਮੋਹਰ ਕਿਹਾ ਹੈ ਅਤੇ ਹਰ ਸਿੱਖ ਤੇ ਇਹ ਬੰਦਸ਼ ਲਗਾਈ ਹੈ ਕਿ ਉਹ ਆਪਣੇ ਸਿਰ ਤੇ ਕੇਸ ਰਖੇ। 26 ਜੇਠ ਸੰਮਤ 1756 ਬਿਕਰਮੀ ਅਥਵਾ 24 ਮਈ 1699 ਈ: ਨੂੰ ਇਹ ਹੁਕਮਨਾਮਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹਸਤਾਖਰਾਂ ਹੇਠ ਜਾਰੀ ਹੋਇਆ। ਇਸ ਦੇ ਕੁਝ ਮੂਲ ਅੰਸ਼ ਪਾਠਕਾਂ ਦੀ ਨਜ਼ਰ ਹਨ। ੧ੴ ਸਤਿਗੁਰ ਜੀ ਸਹਾਇ। ਸਰਬੱਤ ਸੰਗਤ ਕਾਬਲ ਗੁਰੂ ਰਖੈਗਾ, ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ। **ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ...ਇਹ ਅਸਾਡੀ ਮੋਹਰ ਹੈ।** ਸਰਬ ਲੋਹ ਦਾ ਕੜਾ ਹਥ ਰਖਣਾ, ਦੋਨੋਂ ਵਕਤ ਕੇਸਾਂ ਦੀ ਪਾਲਨਾ ਕਰਨੀ, ਸਰਬੱਤ ਸੰਗਤ ਅਭਾਖਿਆ ਕਾ ਕੁਠਾ ਖਾਵੇ ਨਾਹੀ, ਤਮਾਕੂ ਨਾ ਵਰਤਨਾ।... ਭਾਦਨੀ (ਕੇਸ ਕਟਵਾਣ ਵਾਲੇ) ਤਥਾ ਕੰਨਿਆ ਮਾਰਨ ਵਾਲੇ ਸੇ ਮੇਲ ਨਾ ਰਖੇ। ਮੀਣੇ, ਮਸੰਦੀਏ, ਰਾਮ ਰਾਈਏ ਕੀ ਸੰਗਤ ਨਾ ਬੈਸੇ, ਗੁਰਬਾਣੀ ਪੜਨੀ... ਵਾਹਿਗੁਰੂ ਵਾਹਿਗੁਰੂ ਜਪਨਾ ਗੁਰੂ ਕੀ ਰਹਿਤ ਰਖਣੀ...ਸਰਬੱਤ ਸੰਗਤ ਉਪਰ ਮੇਰੀ ਖੁਸ਼ੀ ਹੈ'। (ਚੀਨੀ ਭਾਸ਼ਾ ਵਿਚ ਹਾਂਗਕਾਂਗ ਤੋਂ ਛਪੀ ਪਵਿੱਤਰ ਨਿਤਨੇਮ ਪੁਸਤਕ 'ਗੁਰੂ ਨਾਨਕ ਦੇਵ ਜੀ' ਦੇ ਪੰਨਾ 95-96 ਵਿਚਕਾਰ ਵਿਸ਼ੇਸ ਤੌਰ ਤੇ ਪੰਜਾਬੀ ਤੇ ਅੰਗਰੇਜ਼ੀ ਵਿਚ ਛਪੇ ਉਕਤ ਹੁਕਮਨਾਮੇ ਵਿਚੋਂ ਇਸ ਟੁਕੜੀ ਨੂੰ ਧੰਨਵਾਦ ਸਹਿਤ ਲਿਆ ਗਿਆ।)

ਕੇਸਾਂ ਨੂੰ ਰਖਣ ਬਾਰੇ ਇਕ ਵਾਰੀ ਦਸਮ ਪਾਤਸ਼ਾਹ ਜੀ ਨੂੰ ਦਾਨ ਸਿੰਘ ਨੇ ਸਵਾਲ ਕੀਤਾ ਜਿਸ ਦੇ ਉਤਰ ਵਿਚ ਗੁਰੂ ਜੀ ਨੇ ਜੋ ਕੁਝ ਫਰਮਾਇਆ ਉਹ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ ਵਿਚ ਇਉਂ ਹੈ:

***ਦਾਨ ਸਿੰਘ ਸੁਣਿ ਕਰਨ ਜਾ ਕੋ ਹੋਰਹਿ ਪਰਿਓ ਨਰਕ ਸਿਖ ਤਾ ਕੋ।***
***ਕੇਸਨ ਤੇ ਹਮ ਲੇਹੁ ਪਛਾਨ ਚਹਿ ਬਚਾਵਨ ਕਸਟ ਮਹਾਨ।***
***ਕੇਸਨ ਤੇ ਗਹਿ ਤੁਰਤ ਨਿਕਾਰਹਿ ਅਪਨੀ ਲਾਗੀ ਛਾਪ ਬਿਚਾਰਹਿ।***

ਭਾਵ ਇਹ ਕਿ ਕੇਸ ਗੁਰੂ ਜੀ ਦੀ ਮੋਹਰ ਹਨ। ਉਹ ਵਡੇ ਤੋਂ ਵਡੇ ਕਸ਼ਟ ਵਿਚੋਂ ਆਪਣੀ ਛਾਪ ਲਗੀ ਹੋਈ ਦੇਖ ਕੇ ਆਪਣੇ ਸਿੱਖ ਨੂੰ ਬਚਾ ਲੈਣ ਗੇ। ਇਵੇਂ ਕੇਸਾ ਧਾਰੀ ਸਿੱਖ ਨੂੰ ਇਹ ਤਾਂ ਅਹਿਸਾਸ ਜ਼ਰੂਰ ਰਹੇ ਗਾ ਕਿ ਉਸ ਦਾ ਵੀ ਪਿਛੇ ਮਾਲਕ ਕਾਇਮ ਹੈ। ਅਜਿਹੀ ਭਾਵਨਾ ਦੇ ਆ ਜਾਣ ਨਾਲ ਹੀ ਮਨੁੱਖ ਆਪਣੇ ਆਪ ਨੂੰ ਵਧੇਰੇ


Sri Satguru Jagjit Singh Ji eLibrary NamdhariElibrary@gmail.com

ਸੁਰਖਿਅਤ ਤੇ ਸ਼ਕਤੀਸ਼ਾਲੀ ਸਮਝਣ ਲਗ ਜਾਂਦਾ ਹੈ। ਗੁਰੂ ਸਾਹਿਬ ਦੇ ਕਥਨ ਅਨੁਸਾਰ ਉਹਨਾਂ ਦਾ ਸਰੀਰ ਪੰਥ ਵਿਚ ਸਮੋਇਆ ਹੋਇਆ ਹੈ ਅਤੇ ਆਤਮਾ ਗਰੰਥ ਵਿਚ ਬਿਰਾਜਮਾਨ ਹੈ। ਇਸ ਲਈ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਆਪਣਾ ਰੂਪ ਸਮਝਦੇ ਹਨ ਤਾਂ ਖਾਲਸੇ ਦਾ ਵੀ ਫਰਜ਼ ਬਣਦਾ ਹੈ ਕਿ ਉਹ ਆਪਣੇ ਗੁਰੂ ਦਾ ਸਰੂਪ ਧਾਰੇ ਤੇ ਕਕਾਰਾਂ ਤੇ ਕੇਸਾਂ ਦੀ ਮਹਤਤਾ ਨੂੰ ਕੰਠ ਕਰੇ ਤਾਂ ਹੀ ਗੁਰੂ ਦੀ ਮਿਹਰ ਅਤੇ ਨਿਕਟਤਾ ਦਾ ਪਾਤਰ ਹੋ ਸਕਦਾ ਹੈ। ਇਹ ਕਕਾਰ ਉਸ ਮਹਾਨ ਗੁਰੂ ਦੀ ਸਾਡੇ ਪਾਸ ਅਮਾਨਤ ਵੀ ਹਨ ਤੇ ਪਹਿਚਾਣ ਵੀ। ਇਨ੍ਹਾਂ ਨਾਲ ਖਾਲਸਾ ਨਿਆਰਾ ਲਗਦਾ ਹੈ ਤੇ ਗੁਰੂ ਦੇ ਰੂਪ ਵਰਗਾ ਜਾਪਦਾ ਹੈ।

**ਜਬ ਲਗ ਖਾਲਸਾ ਰਹੈ ਨਿਆਰਾ, ਤਬ ਲਗ ਤੇਜ ਦੀਓ ਮੈਂ ਸਾਰਾ।**
**ਜਬ ਇਹ ਗਹੈ ਬਿਪਰਨ ਕੀ ਰੀਤ, ਮੈਂ ਨਾ ਕਰੂੰ ਇਨ ਕੀ ਪਰਤੀਤ।**

**(ਗੁਰੂ ਗੋਬਿੰਦ ਸਿੰਘ ਜੀ)**

ਇਸ ਲਈ ਸਾਨੂੰ ਗੁਰੂ ਦੀ ਆਗਿਆ ਵਿਚ ਰਹਿੰਦੇ ਹੋਏ ਕੇਸਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਕ ਹੋਰ ਥਾਂ ਇਹ ਵੀ ਫਰਮਾਨ ਹੈ:

***ਧਰੇ ਕੇਸ ਪਾਹੁਲ ਬਿਨਾਂ ਭੇਖੀ ਮੂਰਖ ਸਿਖ***
***ਮੇਰਾ ਦਰਸਨ ਨਾਹਿ ਤਿਸੁ ਜੋ ਨਾ ਤਿਆਗੈ ਭਿਖ।***

ਤਵਾਰੀਖ ਗੁਰੂ ਖਾਲਸਾ ਭਾਗ 1, ਨੰਬਰ 3, ਪੰਨਾ 1201 ਵਾਰਤਕ ਸੂਰਜ ਪ੍ਰਕਾਸ਼ ਕ੍ਰਿਤ ਭਾਈ ਗਿਆਨ ਸਿੰਘ ਗਿਆਨੀ 61ਵੀਂ ਸਾਖੀ ਵਿਚ ਦਰਜ ਕਥਾ ਸੰਖੇਪ ਰੂਪ ਵਿਚ ਇਥੇ ਦਰਜ ਕਰਨੀ ਉਚਿਤ ਹੋਵੇਗੀ ਜਿਸ ਅਨੁਸਾਰ ਸਿਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪੁਛਿਆ ਕਿ ਸਭ ਧਰਮਾਂ ਦੇ ਰਿਸ਼ੀਆਂ ਮੁਨੀਆਂ ਦੇ ਕੇਸ ਹੋਣ ਦੇ ਬਾਵਜੂਦ ਇਹਨਾਂ ਨੂੰ ਕਟਣ ਦੀ ਭੈੜੀ ਰੀਤੀ ਕਿਵੇਂ ਸ਼ੁਰੂ ਹੋਈ? ਇਸ ਦੇ ਜਵਾਬ ਵਿਚ ਇਹ ਦਸਿਆ ਗਿਆ ਕਿ ਇਕ ਸ਼ੂਦਰ ਰਾਜਾ ਨੰਦ ਚੰਦ ਅਜਿਹਾ ਬਲੀ ਸੀ ਕਿ ਉਸ ਨੇ ਕਈ ਉਚ ਕੋਟੀ ਦੇ ਰਾਜਿਆਂ ਨੂੰ ਭਾਜੜਾਂ ਪਾ ਦਿਤੀਆਂ। ਹਾਰੇ ਹੋਏ ਰਾਜੇ ਬਿਪਰਾਂ (ਬ੍ਰਾਹਮਣਾਂ) ਕੋਲ ਗਏ ਕਿ ਉਹ ਆਪਣੇ ਜਪ ਤਪ ਤੇ ਮੰਤਰਾਂ ਨਾਲ ਰਾਜਾ ਨੰਦ ਚੰਦ ਦਾ ਵਿਨਾਸ਼ ਕਰ ਦੇਣ ਤਾਂ ਜੋ ਉਹ ਸੁਖ ਦਾ ਸਾਹ ਲੈ ਸਕਣ। ਬ੍ਰਾਹਮਣ ਨੰਦ ਚੰਦ ਦੇ ਵਿਰੁਧ ਜਪ ਤਪ ਕਰਨ ਲਗ ਪਏ। ਰਾਜੇ ਨੂੰ ਜਦ ਇਸ ਗਲ ਦਾ ਪਤਾ ਲਗਾ ਤਾਂ ਉਸ ਨੇ ਉਹਨਾਂ ਬ੍ਰਾਹਮਣਾਂ ਨੂੰ ਜਾਨੋਂ ਮਾਰਨ ਦੇ ਆਦੇਸ਼ ਦੇ ਦਿਤੇ ਜਿਹੜੇ ਉਸ ਵਿਰੁਧ ਮੰਤਰ ਪੜ੍ਹਨ ਵਿਚ ਜੁਟੇ ਹੋਏ ਸਨ ਪਰ ਉਸ ਦੇ ਵਜ਼ੀਰ ਨੇ ਉਸ ਨੂੰ ਸਲਾਹ ਦਿਤੀ ਕਿ ਉਹ ਬ੍ਰਾਹਮਣਾਂ ਦੀ ਹਤਿਆ ਦਾ ਪਾਪ ਆਪਣੇ ਸਿਰ ਨਾ ਲਵੇ ਸਗੋਂ ਉਹਨਾਂ ਦੇ ਸਿਰ ਮੁੰਨ ਕੇ ਛਡ ਦੇਵੇ, ਇਵੇਂ ਉਹ ਇਕ ਤਾਂ ਜਪ ਤਪ ਤੋਂ ਵੰਚਿਤ ਹੋ ਜਾਣਗੇ, ਦੂਜਾ ਸਮਾਜ ਵਿਚ ਮੂੰਹ ਦਿਖਾਉਣ ਦੇ ਲਾਇਕ ਨਾ ਰਹਿਣ ਕਾਰਨ ਜ਼ਿਲਤ ਤੇ ਖਵਾਰੀ ਭਰੀ ਜ਼ਿੰਦਗੀ ਜੀਣਗੇ ਜੋ ਮੌਤ ਨਾਲੋਂ ਵੀ ਮਾੜੀ ਹੈ। ਰਾਜੇ ਨੇ ਇਵੇਂ ਹੀ ਕੀਤਾ ਪਰ ਪਤਿਤ ਹੋਏ ਅਜਿਹੇ ਬ੍ਰਾਹਮਣਾਂ ਨੇ ਇਸ ਦੂਖਣ ਨੂੰ ਭੂਖਣ ਕਰਕੇ ਪ੍ਰਕਾਸ਼ਿਤ ਕਰ ਦਿਤਾ ਤੇ ਮੁੰਡਨ ਦੀਆਂ ਕਈ ਸਿਫਤਾਂ ਵਰਨਣ ਕਰਨੀਆਂ ਸ਼ੁਰੂ ਕਰ ਦਿਤੀਆਂ। ਨਤੀਜੇ ਵਜੋਂ ਇਹਨਾਂ ਨੂੰ ਪੜ੍ਹ ਸੁਣ ਕੇ ਅਨਪੜ੍ਹ ਤੇ ਭੋਲੇ ਭਾਲੇ ਲੋਕਾਂ ਨੇ ਬਰਾਹਮਣਾਂ ਦੇ ਪ੍ਰਭਾਵ ਨੂੰ ਮੰਨਦਿਆਂ ਹੋਇਆਂ ਕੇਸਾਂ ਨੂੰ ਕਤਲ ਕਰਨਾ ਅਰੰਭ ਕਰ ਦਿਤਾ ਜਿਸ ਤੋਂ ਮੁੰਡਨ ਦਾ ਰਿਵਾਜ ਚਲ ਪਿਆ।

ਮਲਾਰ ਦੀ ਵਾਰ ਵਿਚ ਇਕ ਥਾਈਂ ਗੁਰੂ ਨਾਨਕ ਦੇਵ ਜੀ ਨੇ ਬਜਾ ਫਰਮਾਇਆ



Sri Satguru Jagjit Singh Ji eLibrary NamdhariElibrary@gmail.com

ਹੈ ਕਿ ਜੋ ਲੋਕ ਕਿਸੇ ਸਿਧਾਂਤ ਤੋਂ ਆਪ ਡਿਗ ਜਾਂਦੇ ਹਨ ਉਹ ਹੋਰਨਾਂ ਨੂੰ ਵੀ ਡੇਗ ਕੇ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹਨਾਂ ਦੀ ਸਮੂਹਿਕ ਅਵਗਿਆ ਇਕ ਰਿਵਾਜ ਬਣ ਕੇ ਲੁਕ ਜਾਵੇ ਤੇ ਉਹ ਜ਼ਿਲਤ ਤੇ ਨਮੋਸ਼ੀ ਤੋਂ ਬਚ ਜਾਣ।

## ਮੁੰਡਨ ਈਸ਼ਵਰ ਵਲੋਂ ਨਹੀਂ, ਇਹ ਕਥਨ ਸਰਾ ਸਰ ਠੀਕ ਹੈ

ਮੁੰਡਨ ਦੀ ਗਲ ਚਲ ਰਹੀ ਹੈ ਤਾਂ ਇਥੇ ਅਸੀਂ ਅੱਜ ਤੋਂ 100 ਸਾਲ ਪਹਿਲੇ 16 ਅਗਸਤ 1901 ਨੂੰ ਲਾਹੌਰ ਦੀ ਇਕ ਅਖ਼ਬਾਰ 'ਖਾਲਸਾ ਅਖ਼ਬਾਰ' ਵਿਚ ਗਿਆਨੀ ਦਿਤ ਸਿੰਘ ਜੀ ਦੇ ਉਕਤ ਸਿਰਲੇਖ ਹੇਠ ਛਪੇ ਆਰਟੀਕਲ ਦਾ ਕੁਝ ਪੋਰਸ਼ਨ ਇਨ ਬਿਨ ਦੇਣ ਦਾ ਯਤਨ ਕਰ ਰਹੇ ਹਾਂ ਤਾਂ ਜੋ ਪਾਠਕਾਂ ਨੂੰ ਪਤਾ ਲਗ ਸਕੇ ਕਿ ਅਜ ਤੋਂ ਤਕਰੀਬਨ ਇਕ ਸੌ ਸਾਲ ਪਹਿਲੇ ਕੇਸਾਂ ਬਾਰੇ ਕਿਹੋ ਜਿਹੀ ਹਵਾ ਚਲ ਰਹੀ ਸੀ।

'ਮੁੰਡਨ ਦੀ ਰਸਮ ਅਜ ਕਲ੍ਹ ਇਤਨੀ ਤਰੱਕੀ ਪਰ ਹੈ ਕਿ ਸ਼ਾਇਦ ਹੀ ਕੋਈ ਹਿੰਦੂ ਵੀਰ ਇਸ ਤੋਂ ਬਚਿਆ ਹੋਵੇਗਾ। ਇਹ ਰਸਮ ਤਕਰੀਬਨ ਰੋਜ਼ ਬਰੋਜ਼ ਉਨਤੀ ਪਰ ਹੀ ਦੇਖੀ ਜਾ ਰਹੀ ਹੈ। ਇਸ ਦਾ ਪਹਿਲਾ ਸਬੂਤ ਇਹ ਹੈ ਕਿ ਬੀਸ ਬਰਸ ਪਹਿਲੇ ਜਿਤਨੇ ਹਿੰਦੂ ਹੁੰਦੇ ਉਹਨਾਂ ਦੇ ਸਿਰਾਂ ਪਰ ਲੰਮੇ-ਲੰਮੇ ਪਟੇ ਅਤੇ ਦਾਹੜੀਆਂ ਹੁੰਦੀਆਂ ਸਨ ਪਰੰਤੂ ਉਹਨਾਂ ਦੇ ਹੀ ਪੁਤਰ ਹੁਣ ਮੂੰਹ ਸਿਰ ਮਨਾਉਂਦੇ ਹਨ ਜਿਸ ਤੇ ਉਹ ਪਟਿਆਂ ਅਤੇ ਦਾਹੜੀ ਦੀ ਰਸਮ ਵੀ ਤਕਰੀਬਨ ਸਮਾਪਤ ਹੋ ਚੁਕੀ ਹੈ।

ਬਹੁਤ ਸਾਰੇ ਭੋਲੇ ਭਾਲੇ ਪੁਰਸ਼ਾਂ ਦਾ ਇਹ ਖ਼ਿਆਲ ਹੈ ਕਿ ਇਹ ਮੁੰਡਨ ਈਸ਼ਵਰ ਦੀ ਆਗਿਆ ਅਨੁਸਾਰ ਹੈ ਤੇ ਈਸ਼ਵਰ ਨੇ ਵੇਦਾਂ ਵਿਚ ਇਸ ਦੇ ਹੱਕ ਵਿਚ ਲਿਖਿਆ ਹੈ ਇਸ ਵਾਸਤੇ ਇਸ ਰਸਮ ਦੀ ਪਾਲਣਾ ਕਰਨਾ ਸਾਡਾ ਪਰਮ ਧਰਮ ਹੈ। ਪਰੰਤੂ ਜਦੋਂ ਵੇਦਾਂ ਵੱਲ ਨਿਗ੍ਹਾ ਕਰਦੇ ਹਾਂ ਤਾਂ ਉਹਨਾਂ ਵਿਚ ਉਸ ਵੇਦਾਂ ਵਾਲੇ ਈਸ਼ਵਰ ਦੀ ਸ਼ਕਲ ਇਵੇਂ ਦਸੀ ਹੋਈ ਹੈ ਯਥਾ:-'ਹ੍ਰਿਣਯ ਮੈ ਕੇਸ਼ ਹ੍ਰਿਣਯ ਸ਼ਮਸ੍ਰੂ' ਅਰਥਾਤ 'ਉਸ ਈਸ਼ਵਰ ਦੇ ਕੇਸ ਸੋਨੇ ਵਰਗੇ ਹਨ ਅਤੇ ਇਸੇ ਤਰ੍ਹਾਂ ਦੀ ਹੀ ਉਸ ਦੀ ਦਾਹੜੀ ਹੈ'। ਹੁਣ ਇਸ ਵੇਦ ਦੇ ਵਿਚਾਰਨ ਤੇ ਇਹ ਸਿਧ ਹੁੰਦਾ ਹੈ ਕਿ ਜਿਸ ਈਸ਼ਵਰ ਦਾ ਵਰਨਣ ਇਹਨਾਂ ਵੇਦਾਂ ਵਿਚ ਹੈ, ਉਹ ਕੇਸਾਂ ਅਤੇ ਦਾੜ੍ਹੀ ਵਾਲਾ ਹੈ। ਫਿਰ ਕੀ ਕਾਰਨ ਹੈ ਕਿ ਉਹੋ ਈਸ਼ਵਰ ਆਪਣੀ ਔਲਾਦ ਨੂੰ ਇਸ ਕੇਸ ਕਟਣ ਦੀ ਰਸਮ ਦੀ ਸਿਖਿਆ ਦੇ ਕੇ ਇਹ ਆਖਦਾ ਹੈ ਕਿ ਮੁੰਡਨ ਤੁਹਾਡਾ ਪਰਮ-ਧਰਮ ਹੈ, ਪਰੰਤੂ ਵਿਚਾਰ ਕਰਨ ਤੋਂ ਮਾਲੂਮ ਹੁੰਦਾ ਹੈ ਕਿ ਇਹ ਈਸ਼ਵਰੀਯ ਹੁਕਮ ਨਹੀਂ ਹੈ ਕਿੰਤੂ ਖ਼ੁਦਗਰਜ਼ ਲੋਕਾਂ ਨੇ ਆਪਣੇ ਮਨੋਰਥ ਦੀ ਸਿੱਧੀ ਵਾਸਤੇ ਇਹ ਢਕਵੰਜ ਚਲਾਏ ਸਨ।

ਜੇ ਇਹ ਮੁੰਡਨ ਈਸ਼ਵਰ ਦੇ ਹੁਕਮ ਅਨੁਸਾਰ ਹੁੰਦਾ ਤਾਂ ਉਸ ਨੂੰ ਮੁੰਡਨ ਬਾਰੇ ਲਿਖਣ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਉਹ ਸਰਬ ਸ਼ਕਤੀਮਾਨ ਹੋਣ ਕਰਕੇ ਖੁਦ ਬਖੁਦ ਇਸ ਰਸਮ ਨੂੰ ਬਿਨਾਂ ਕਿਸੇ ਦੀ ਮਦਦ ਤੋਂ ਪੂਰਾ ਕਰ ਸਕਦਾ ਸੀ। **ਸਧਾਰਨ ਦਲੀਲ ਇਹ ਹੈ ਕਿ ਜੇਕਰ ਸਿਰ ਦੇ ਵਾਲਾਂ ਦਾ ਮੁੰਡਨ ਉਸ ਦੇ ਹੁਕਮ ਅਨੁਸਾਰ ਹੁੰਦਾ ਤਾਂ ਉਸ ਸਰਬ ਸ਼ਕਤੀਮਾਨ ਈਸ਼ਵਰ ਨੂੰ ਨਾਈਆਂ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਉਹ ਆਪਣੀ ਸ਼ਕਤੀ ਨਾਲ ਮਿਆਦ ਮੁਕੱਰਰ ਤੇ ਸਾਰੇ ਜੀਵਾਂ ਦੇ ਮੁੰਡਨ ਕਰ ਸਕਦਾ ਸੀ।**

ਦੂਸਰਾ ਜੋ ਸਿਰ ਅਤੇ ਦਾੜ੍ਹੀ ਮਨਾਉਂਦੇ ਹਨ, ਉਹ ਅਛੀ ਤਰ੍ਹਾਂ ਅਨੁਭਵ ਕਰ



Sri Satguru Jagjit Singh Ji eLibrary NamdhariElibrary@gmail.com

ਚੁਕੇ ਹਨ ਕਿ ਇਨ੍ਹਾਂ ਦਾ ਮਨਾਉਣਾ ਈਸ਼ਵਰ ਦੀ ਆਗਿਆ ਦੇ ਵਿਰੁਧ ਹੈ ਕਿਉਂਕਿ ਇਹ ਮਨਾਉਂਦੇ ਹਨ ਅਰ ਈਸ਼ਵਰ ਰੋਜ਼ ਫਿਰ ਪੈਦਾ ਕਰ ਦੇਂਦਾ ਹੈ। ਜੇ ਉਸ ਨੂੰ ਮਨਜ਼ੂਰ ਹੁੰਦਾ ਤਾਂ ਉਹ ਆਸਾਨੀ ਨਾਲ ਸਿਰ ਨੂੰ ਪਹਿਲੇ ਹੀ ਸਾਫ ਰਖ ਸਕਦਾ ਸੀ। ਜੇ ਕੇਸਾਂ ਦੀ ਮਨੁਖ ਨੂੰ ਲੋੜ ਨਹੀਂ ਤਾਂ ਉਹ ਇਸ ਨੂੰ ਕੇਸ ਨਹੀਂ ਵੀ ਪੈਦਾ ਕਰ ਸਕਦਾ ਸੀ ਪਰ ਅਜਿਹਾ ਉਹ ਨਹੀਂ ਕਰਦਾ। ਇਸ ਤੋਂ ਸਿਟਾ ਇਹੀ ਨਿਕਲਦਾ ਹੈ ਕਿ ਉਹ ਮਨੁਖ ਲਈ ਰੋਮ ਜ਼ਰੂਰੀ ਸਮਝਦਾ ਹੈ ਤੇ ਮੁੰਡਨ ਦੇ ਹਕ ਵਿਚ ਨਹੀਂ।

**ਤੀਜਾ ਜੋ ਉਹ ਦਾੜ੍ਹੀ ਨੂੰ ਹੀ ਬੁਰਾ ਜਾਣਦਾ ਤਾਂ ਕਿਸੇ ਦੇ ਮੂੰਹ ਤੇ ਵੀ ਇਸ ਨੂੰ ਪੈਦਾ ਨਾ ਕਰਦਾ ਕਿਉਂਕਿ ਇਕ ਪਿਤਾ ਅਰ ਮਾਤਾ ਤੋਂ ਪੈਦਾ ਹੋਏ ਪੁਤਰਾਂ ਅਤੇ ਧੀਆਂ ਨੂੰ ਜਦੋਂ ਦੇਖੀਦਾ ਹੈ ਤਾਂ ਉਸ ਦੀ ਇਛਾ ਸਾਫ ਪ੍ਰਗਟ ਹੋ ਜਾਂਦੀ ਹੈ। ਲੜਕੇ ਨੂੰ ਦਾੜ੍ਹੀ ਅਤੇ ਮੁੱਛਾਂ ਆਉਂਦੀਆਂ ਹਨ ਅਰ ਲੜਕੀ ਨੂੰ ਨਹੀਂ ਆਉਂਦੀਆਂ। ਜੇ ਪੁਰਖਾਂ ਵਾਸਤੇ ਭੀ ਉਹ ਇਸ ਦਾਹੜੀ ਨੂੰ ਬੁਰਾ ਸਮਝਦਾ ਤਾਂ ਕਦੇ ਭੀ ਪੈਦਾ ਨਾ ਕਰਦਾ ਸਗੋਂ ਗੰਜੇ ਅਤੇ ਖੋਜੇ ਪੈਦਾ ਕਰ ਸਕਦਾ ਸੀ।** ਇਨ੍ਹਾਂ ਥੋੜ੍ਹੀਆਂ ਜਿਹੀਆਂ ਯੁਕਤੀਆਂ ਤੋਂ ਸਿਧ ਹੁੰਦਾ ਹੈ ਕਿ ਮੁੰਡਨ ਸੰਸਕਾਰ ਅਥਵਾ ਵਾਲਾਂ ਦਾ ਕਟਵਾਉਣਾ ਈਸ਼ਵਰ ਦੀ ਆਗਿਆ ਨਹੀਂ ਸਗੋਂ ਇਹ ਈਸ਼ਵਰ ਦੇ ਨਿਯਮਾਂ ਨੂੰ ਨਾ ਜਾਨਣੇ ਕਰਕੇ ਨਾਸਮਝੀ (ਲਾਇਲਮੀ) ਵਿਚ ਆ ਕੇ ਕੀਤਾ ਜਾ ਰਿਹਾ ਗ਼ਲਤ ਕਰਮ ਹੈ। ਜੇ ਇਹ ਈਸ਼ਵਰ ਦਾ ਹੁਕਮ ਹੁੰਦਾ ਤਾਂ ਉਹ ਆਪ ਭੀ ਰੋਡਾ ਭੋਡਾ ਹੀ ਰਹਿੰਦਾ ਅਰਥਾਤ ਸੋਨੇ ਵਰਗੇ ਕੇਸ ਅਤੇ ਦਾੜ੍ਹੀ ਨਾ ਰਖਦਾ। ਜੇ ਉਹ ਆਪ ਤਾਂ ਜਟਾ ਜੂਟ ਰਹੇ ਅਰ ਲੋਕਾਂ ਨੂੰ ਮੁੰਡਨ ਕਰਨਾ ਦਸੇ ਤਾਂ ਉਸ ਦੀ ਬਾਤ ਮੰਨਣਯੋਗ ਨਹੀਂ ਹੈ। ਜੋ ਕੰਮ ਆਪ ਤਾਂ ਕਰਦਾ ਨਹੀਂ, ਹੋਰਨਾਂ ਨੂੰ ਦਸਦਾ ਹੈ, ਉਸ ਪਰ ਕੌਣ ਵਿਸ਼ਵਾਸ ਕਰ ਸਕਦਾ ਹੈ?

ਬਹੁਤ ਸਾਰੇ ਬੁਧੀਮਾਨਾਂ ਨੇ ਜੋ ਰਸਮਾਂ ਦੇ ਬੰਧਨਾਂ ਵਿਚ ਬਧੇ ਹੋਏ ਹਨ, ਇਤਨਾ ਮੰਨ ਲਿਆ ਹੈ ਕਿ ਬੇਸ਼ਕ ਇਹ ਮੁੰਡਨ ਦੀ ਰਸਮ ਈਸ਼ਵਰ ਵਲੋਂ ਯਾ ਉਸ ਦੀ ਆਗਿਆ ਅਨੁਸਾਰ ਨਹੀਂ ਹੈ ਕਿੰਤੂ ਮੁੰਡਨ ਇਸ ਵਾਸਤੇ ਕੀਤਾ ਜਾਂਦਾ ਹੈ ਕਿ ਉਹ ਵਾਲ ਜੋ ਮਾਤਾ ਦੇ ਗਰਭ ਵਿਚੋਂ ਆਏ ਹਨ, ਮਹਾਂ ਅਸ਼ੁਧ ਤੇ ਮਲੀਨ ਹੁੰਦੇ ਹਨ ਜਿਸ ਤੋਂ ਸਿਆਣਿਆਂ ਨੇ ਇਨ੍ਹਾਂ ਦਾ ਮਨਾਉਣਾ ਜ਼ਰੂਰੀ ਕਥਨ ਕੀਤਾ ਹੈ। ਇਸ ਪਰ ਸਾਡੀ ਇਤਨੀ ਯੁਕਤੀ ਕਾਫੀ ਹੈ ਕਿ ਜੇ ਕਰ ਮੁੰਡਨ ਇਸੇ ਵਾਸਤੇ ਹੁੰਦਾ ਹੈ ਕਿ ਇਹ ਵਾਲ ਮਾਤਾ ਦੇ ਗਰਭ ਵਿਚੋਂ ਆਏ ਹਨ ਜਿਸ ਕਰਕੇ ਅਸ਼ੁਧ ਹੋਣ ਕਰਕੇ ਕਟਾਉਣੇ ਯੋਗ ਹੁੰਦੇ ਹਨ ਤਾਂ ਨਵੇਂ ਜੰਮੇ ਲੜਕੇ ਲੜਕੀਆਂ ਦਾ ਬਾਕੀ ਸਰੀਰ ਵੀ ਤਾਂ ਮਾਤਾ ਦੇ ਗਰਭ ਵਿਚੋਂ ਨਾਲ ਹੀ ਆਯਾ ਹੈ। ਇਸ ਲਈ ਉਸ ਦਾ ਚਮੜਾ ਭੀ ਉਤਾਰ ਦੇਣਾ ਚਾਹੀਦਾ ਹੈ ਬਲਕਿ ਉਹ ਤਾਂ ਵਾਲਾਂ ਨਾਲੋਂ ਭੀ ਆਦਿਕ ਮਹਾਂ ਮਲੀਨ ਚੀਜ਼ ਹੈ ਪਰੰਤੂ ਉਸ ਬਚੇ ਨੂੰ ਅਸ਼ੁਧਤਾ ਦਾ ਭੰਡਾਰ ਜਾਣ ਕੇ ਕੋਈ ਉਸਨੂੰ ਸੁਟ ਨਹੀਂ ਦੇਂਦਾ ਤੇ ਨਾ ਹੀ ਕਿਸੇ ਨੇ ਮਾਤਾ ਦੇ ਗਰਭ ਵਿਚੋਂ ਆਏ ਹੋਏ ਬਚੇ ਦਾ ਚਮੜਾ ਹੀ ਉਤਰਾਇਆ ਹੈ। ਇਸ ਤੋਂ ਸਾਫ ਸਿਧ ਹੁੰਦਾ ਹੈ ਕਿ ਮਲੀਨਤਾ ਕਾਰਨ ਕੇਸਾਂ ਨੂੰ ਕਟਵਾਣ ਬਾਰੇ ਇਹ ਥੋਥੀ ਦਲੀਲ ਹੀ ਹੈ ਜਿਸ ਦਾ ਅਸਲੀਅਤ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਹੁਣ ਜਦੋਂ ਇਸ ਮਰਜ਼ ਦੀ ਬੁਨਿਆਦ ਢੂੰਡਦੇ ਹਾਂ ਤਾਂ ਇਹੋ ਮਿਲਦੀ ਹੈ ਕਿ ਪ੍ਰਯਾਗ ਮਹਾਤਮਾ ਦੇ ਕਰਤੇ ਨੇ ਪੁਰਾਣੇ ਵੇਲਿਆਂ ਵਿਚ ਇਕ ਨਾਵਲ ਦੇ ਢੰਗ ਪਰ ਦੋ ਪ੍ਰਤਿਸ਼ਟਤ ਪੁਰਖਾਂ ਦੇ ਨਾਮ ਪਰ ਲਿਖਿਆ ਸੀ ਜਿਸ ਵਿਚ ਉਸ ਨੇ ਮੁੰਡਨ ਦਾ ਭਾਰਾ ਮਹਾਤਮ ਦਸਿਆ ਸੀ ਜਿਸ ਨੂੰ ਪੜ੍ਹ-ਸੁਣ ਕੇ ਲੋਕ ਓਧਰ ਫਸ ਗਏ ਹਨ। ਅਸਲ


Sri Satguru Jagjit Singh Ji eLibrary NamdhariElibrary@gmail.com

ਵਿਚ ਇਸ ਤਰ੍ਹਾਂ ਹੈ। ਯਥਾ:-

**ਮੂੰਡ ਮੁੰਡਾਏ ਜੋ ਸਿਧ ਪਾਈ।।**
**ਮੁਕਤੀ ਭੇਡ ਨ ਗਈਆ ਕਾਈ।।**

ਅਰਥਾਤ ਜੇ ਸਿਰ ਮਨਾਉਣ ਤੋਂ ਮੁਕਤੀ ਪਾ ਲਈ ਜਾ ਸਕਦੀ ਹੁੰਦੀ ਤਾਂ ਸਾਰੀਆਂ ਭੇਡਾਂ ਮੁਕਤ ਹੋ ਜਾਂਦੀਆਂ, ਜੋ ਨਹੀਂ ਹੋਈਆਂ। ਇਸ ਵਾਸਤੇ ਹੇ ਸਜਣ ਪੁਰਸ਼ੋ, ਇਹ ਮੁੰਡਨ ਈਸ਼ਵਰ ਦੀ ਆਗਿਆ ਨਹੀਂ ਹੈ ਕਿੰਤੂ ਉਸਦੇ ਹੁਕਮ ਵਿਰੁਧ ਹੈ। ਇਸ ਲਈ ਇਸ ਗਲਤ ਪ੍ਰਚਾਰ ਤੋਂ ਸੁਚੇਤ ਰਹੋ'। ਇਹ ਸੀ ਕੇਸਾਂ ਬਾਰੇ ਸੌ ਸਾਲ ਪਹਿਲੇ ਛਪਿਆ ਦਲੀਲਾਂ ਭਰਿਆ ਆਰਟੀਕਲ।

## ਮੁੰਡਨ ਦਾ ਪ੍ਰਾਰੰਭਕ ਕਾਰਨ

ਇਸ ਤੋਂ ਪਹਿਲਾਂ ਹਿੰਦੂਆਂ ਵਿਚ ਕੇਸਾਂ ਦਾ ਮੁੰਡਨ ਹੋਰ ਅਰਥਾਂ ਵਿਚ ਹੁੰਦਾ ਸੀ ਤੇ ਉਹ ਕੇਸਾਂ ਨੂੰ ਸਭ ਤੋਂ ਕੀਮਤੀ ਵਸਤੂ ਸਮਝਦੇ ਸਨ ਅਤੇ ਜਦ ਕਿਸੇ ਦੇਵੀ ਦੇਵਤੇ ਅਗੇ ਕੋਈ ਭੇਟਾ ਰਖਣੀ ਹੋਵੇ ਤਾਂ ਉਹ ਆਪਣਾ ਸਿਰ ਮੁੰਡਵਾ ਕੇ ਕੇਸ ਭੇਂਟ ਕਰਦੇ ਸਨ ਕਿਉਂਕਿ ਉਹਨਾਂ ਦੀਆਂ ਨਜ਼ਰਾਂ ਵਿਚ ਭੇਂਟ ਕਰਨ ਲਈ ਕੇਸਾਂ ਤੋਂ ਵਡਮੁਲੀ ਦਾਤ ਹੋਰ ਕੋਈ ਨਹੀਂ ਸੀ।

## ਗੁਰੂ ਗੋਬਿੰਦ ਸਿੰਘ ਜੀ ਦਾ ਕੇਸਾਂ ਬਾਰੇ ਸਤਿਕਾਰ-ਇਕ ਮਿਸਾਲ

ਕੇਸਾਂ ਨੂੰ ਗੁਰੂ ਦੀ ਮੋਹਰ ਕਹਿਣ ਵਾਲੇ ਸਚੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿਚ ਕੇਸਾਂ ਬਾਰੇ ਅਥਾਹ ਸਤਿਕਾਰ ਸੀ ਜਿਸ ਦਾ ਪ੍ਰਗਟਾਵਾ ਨਿਮਨ ਸਾਖੀ ਵਿਚੋਂ ਭਲੀ ਭਾਂਤ ਹੁੰਦਾ ਹੈ। **ਚਮਕੌਰ ਦੀ ਗੜ੍ਹੀ ਤੋਂ ਜਦ ਗੁਰੂ ਸਾਹਿਬ ਨੇ ਸਿੰਘਾਂ ਦੇ ਹੁਕਮ ਨਾਲ ਨਿਕਲ ਜਾਣਾ ਮੰਨ ਲਿਆ ਤਾਂ ਉਨ੍ਹਾਂ ਗੜ੍ਹੀ ਤੋਂ ਬਾਹਰ ਨਿਕਲਦਿਆਂ ਹੀ ਆਪਣੇ ਜੋੜੇ ਲਾਹ ਦਿਤੇ। ਸਿਖਾਂ ਨੇ ਬੇਨਤੀ ਕੀਤੀ ਕਿ ਠੰਡ ਬਹੁਤ ਹੈ, ਰਸਤਾ ਕੰਡਿਆਲਾ ਹੈ ਇਸ ਲਈ ਕਿਰਪਾ ਕਰ ਕੇ ਜੋੜੇ ਪਾਈ ਰਖੋ ਤਾਂ ਇਸ ਦੇ ਉਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਕਿ ਅਗੇ ਜੰਗ ਦੇ ਮੈਦਾਨ ਵਿਚ ਮੇਰੇ ਸੂਰਮੇ ਸ਼ਹੀਦਾਂ ਦੀਆਂ ਪਵਿੱਤਰ ਦਿਹਾਂ ਪਈਆਂ ਹੋਈਆਂ ਹਨ, ਜੰਗ ਕਰਦਿਆਂ ਸਟਾਂ ਲਗਦਿਆਂ, ਡਿਗਦਿਆਂ ਕਈਆਂ ਦੇ ਦਸਤਾਰੇ ਉਤਰ ਗਏ ਹੋਣ ਗੇ ਅਤੇ ਰਾਤ ਦੇ ਹਨੇਰੇ ਵਿਚ ਹੋ ਸਕਦਾ ਹੈ ਵਿਸਰ ਭੋਲੇ ਹੀ ਕਿਸੇ ਦੇ ਰੋਮਾਂ ਉਤੇ ਮੇਰੀ ਜੁਤੀ ਰਖੀ ਜਾਵੇ ਤੇ ਇਸ ਤਰ੍ਹਾਂ ਮੈਂ ਉਨ੍ਹਾਂ ਪੁਨੀਤ ਸ਼ਹੀਦਾਂ ਦੇ ਪਾਵਨ ਕੇਸਾਂ ਦੀ ਬੇਦਬੀ ਕਰਨ ਦਾ ਭਾਗੀ ਬਣ ਸਕਦਾ ਹਾਂ। ਜਿਨ੍ਹਾਂ ਕੇਸਾਂ ਵਿਚ ਅੰਮ੍ਰਿਤ ਦੇ ਛਿਟੇ ਲਗਾ ਕੇ ਪਵਿੱਤਰ ਕੀਤਾ ਗਿਆ ਹੈ ਉਨ੍ਹਾਂ ਨਾਲ ਜੁਤੀ ਛੂਹ ਜਾਵੇ, ਇਹ ਕਿਵੇਂ ਬਰਦਾਸ਼ਤ ਹੋ ਸਕਦਾ ਹੈ। ਇਸ ਲਈ ਕੇਸਾਂ ਦੇ ਸਤਿਕਾਰ ਨੂੰ ਧਿਆਨ ਵਿਚ ਰਖਦੇ ਹੋਏ ਮੈਂ ਜੋੜੇ ਨਹੀਂ ਪਾਵਾਂਗਾ ਭਾਵੇਂ ਮੈਨੂੰ ਅਜਿਹਾ ਕਰਨ ਨਾਲ ਕਿਤਨਾ ਹੀ ਦੁਖ ਤੇ ਤਕਲੀਫ ਕਿਉਂ ਨਾ ਝਲਣੀ ਪਵੇ।** ਇਸ ਕਰ ਕੇ ਉਨ੍ਹਾਂ ਜੋੜੇ ਨਹੀਂ ਪਾਏ ਅਤੇ ਗੜ੍ਹੀ ਵਿਚੋਂ ਨੰਗੇ ਪੈਰੀਂ ਨਿਕਲੇ। ਸਰਦੀ ਦੀ ਰਾਤ ਸੀ ਤੇ ਕੰਡਿਆਲੇ ਜੰਗਲ ਵਿਚੋਂ ਨੰਗੇ ਪੈਰੀਂ ਚਲਣ ਨਾਲ ਮਾਛੀਵਾੜੇ ਤਕ ਪੁਜਣ ਤਕ ਉਨ੍ਹਾਂ ਦੇ ਸ਼ੁਭ ਚਰਨਾਂ ਨੂੰ ਜ਼ਾਲਮ ਕੰਡਿਆਂ ਨੇ ਛਲਨੀ ਕਰ ਦਿਤਾ ਪਰ ਇਸ ਤਕਲੀਫ ਨੂੰ ਉਨ੍ਹਾਂ ਬਿਲਕੁਲ ਅਣ ਗੌਲਿਆਂ ਕਰ ਦਿੱਤਾ। ਮਾਛੀਵਾੜੇ ਦੇ ਜੰਗਲ ਵਿਚ ਰਾਤ ਕਟੀ। ਇੱਟ ਦਾ ਸਰਾਹਾਣਾ



Sri Satguru Jagjit Singh Ji eLibrary NamdhariElibrary@gmail.com

ਬਣਾਇਆ ਅਤੇ ਇਸ ਸਰੀਰਕ ਅਵਸਥਾ ਵਿਚ ਵਿਚਰਦੇ ਹੋਏ ਵੀ ਜੋ ਸ਼ਬਦ ਉਥੇ ਉਨ੍ਹਾਂ ਉਚਾਰਿਆ ਉਸ ਤੋਂ ਉਨ੍ਹਾਂ ਦੇ ਆਤਮਿਕ ਖੇੜੇ ਤੇ ਪ੍ਰਭੂ ਮਿਲਾਪ ਦੇ ਲਾਜਵਾਬ ਦਰਸ਼ਨ ਹੁੰਦੇ ਹਨ। **'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ'** ਆਓ ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਕੀ ਸਾਡੇ ਮਨਾਂ ਵਿਚ ਵੀ ਕੇਸਾਂ ਬਾਰੇ ਅਜਿਹਾ ਸਤਿਕਾਰ ਹੈ? ਦਲੀਲ ਦੀਆਂ ਜੀਭਾਂ ਨਾਲ ਜਵਾਬ ਦੇਣ ਦੀ ਥਾਂ ਨਿਸਚੇ ਤੇ ਸ਼ਰਧਾ ਦਿਆਂ ਨੇਤਰਾਂ ਨਾਲ ਦੇਖ ਕੇ ਜਵਾਬ ਦੇਣ ਨਾਲ ਗਲ ਬਣਦੀ ਹੈ। ਇਸ ਘਟਨਾ ਨੂੰ ਜਾਣਨ ਤੋਂ ਮਗਰੋਂ ਕਿਸੇ ਨੂੰ ਕੋਈ ਸ਼ੰਕਾ ਨਹੀਂ ਰਹਿ ਜਾਣਾ ਚਾਹੀਦਾ ਕਿ ਗੁਰੂ ਦੇ ਸਿੱਖ ਲਈ ਕੇਸ ਕਿਤਨੀ ਵਡੀ ਮਹਾਨਤਾ ਦਾ ਦਰਜਾ ਰਖਦੇ ਹਨ। ਤਦੇ ਹੀ ਤਾਂ ਹਰ ਸਿੱਖ ਹਰ ਰੋਜ਼ ਅਰਦਾਸ ਕਰਦੇ ਸਮੇਂ ਸਿੱਖੀ ਨੂੰ ਕੇਸਾਂ ਸਵਾਸਾਂ ਨਾਲ ਜੀਣ ਦੀ ਅਰਜੋਈ ਕਰਦਾ ਹੈ, ਜੋਦੜੀ ਕਰਦਾ ਹੈ।

## ਕੇਸ—ਕੁਝ ਸਚਿਆਈਆਂ ਪ੍ਰਤੀ ਅਗਿਆਨਤਾ

ਅਸੀਂ ਤਾਂ ਇਹ ਸਮਝਦੇ ਹਾਂ ਕਿ ਸਾਇੰਸਦਾਨਾਂ ਨੇ ਆਪਣੀ ਅਕਲ ਨਾਲ ਸ਼ਾਇਦ ਸਾਰੀ ਕੁਦਰਤ ਨੰਗੀ ਕਰ ਕੇ ਮਨੁਖੀ ਸਮਾਜ ਅਗੇ ਪ੍ਰਦਰਸ਼ਤ ਕਰ ਦਿਤੀ ਹੈ ਪਰ ਸਿਆਣੇ ਸਾਇੰਸਦਾਨ ਹਾਲੇ ਤਕ ਇਹੀ ਕਹਿੰਦੇ ਹਨ ਕਿ ਜੋ ਲਭਿਆ ਗਿਆ ਹੈ ਉਹ ਬਹੁਤ ਤੁਛ ਹੈ ਤੇ ਜੋ ਲਭਣ ਵਾਲਾ ਪਿਆ ਹੈ ਉਹ ਬਹੁਤ ਅਸੀਮ ਹੈ। ਹਾਲੇ ਤਕ ਤਾਂ ਸਾਇੰਸਦਾਨਾਂ ਨੂੰ ਬਸ ਘੋਗਾ ਹੀ ਲਭਿਆ ਹੈ ਜੋ ਸਮੁੰਦਰ ਕੰਢੇ ਪਿਆ ਸੀ ਪਰ ਜੋ ਸਮੁੰਦਰ ਦੇ ਅਥਾਹ ਪੇਟ ਵਿਚ ਸਮਾਇਆ ਹੋਇਆ ਹੈ ਉਸ ਨੂੰ ਜਾਣਨਾ ਬੰਦੇ ਦੀ ਪਹੁੰਚ ਤੋਂ ਬਹੁਤ ਪਰ੍ਹੇ ਦੀ ਗਲ ਹੈ। ਇਸ ਲਈ ਅਧੂਰੀ ਵਾਕਫੀ ਨਾਲ ਮਨੁੱਖ ਕੁਦਰਤੀ ਸੋਮਿਆਂ ਤੇ ਖ਼ੁਦ ਆਪਣੇ ਆਪ ਨਾਲ ਦੁਰ-ਵਿਹਾਰ ਕਰਨ ਦਾ ਕਸੂਰਵਾਰ ਬਣਿਆ ਹੋਇਆ ਹੈ ਤੇ ਉਸ ਦੀ ਇਹ ਨਾਦਾਨੀ ਇਨਸਾਨੀਅਤ ਨੂੰ ਨਿਤ ਨਵੀਆਂ ਮੁਸ਼ਕਲਾਂ ਵਿਚ ਧਕੇਲਦੀ ਹੀ ਰਹੇਗੀ। **ਜੋ ਨਾਦਾਨੀ ਮਨੁੱਖ ਆਪਣੇ ਸਰੀਰ ਨਾਲ ਕਰਦਾ ਆ ਰਿਹਾ ਹੈ ਉਹ ਆਪਣੇ ਕੇਸਾਂ ਨੂੰ ਲਾਪਰਵਾਹੀ ਨਾਲ ਨਸ਼ਟ ਕਰਨ ਦੀ ਨਾਦਾਨੀ ਹੈ ਜਿਸ ਦਾ ਨੁਕਸਾਨ ਉਸ ਨੂੰ ਜਲਦੀ ਹੀ ਭੁਗਤਣਾ ਪੈ ਸਕਦਾ ਹੈ ਅਤੇ ਜਿਸ ਦੀ ਭਰਪਾਈ ਵੀ ਨਹੀਂ ਹੋ ਸਕਣੀ। ਨੁਕਸਾਨ ਤਾਂ ਹੁਣ ਵੀ ਹੋ ਰਿਹਾ ਹੈ ਪਰ ਮਨੁੱਖ ਇਸ ਤੋਂ ਬੇਖਬਰ ਹੈ ਕਿਉਂਕਿ ਹਾਲੇਂ ਉਹ ਜੀ ਰਿਹਾ ਹੈ ਪਰ ਜਦ ਪ੍ਰਦੂਸ਼ਣ ਦੇ ਵਾਧੇ ਕਾਰਨ ਉਸ ਦੀ ਚਮੜੀ ਅਦਿਖ ਤਰੰਗਾਂ ਨਾਲ ਸੜਨ ਲਗੇਗੀ ਤੇ ਹੱਡੀਆਂ ਖੁਰਨ ਲਗਣ ਗੀਆਂ ਤਾਂ ਫਿਰ ਉਹ ਮਹਿਸੂਸ ਕਰੇਗਾ ਕਿ ਸਰੀਰ ਦੇ ਹਰ ਪ੍ਰਕਾਰ ਦੇ ਰੋਮਾਂ ਨਾਲ ਰਬ ਨੇ ਸਾਡੇ ਸਰੀਰ ਨੂੰ ਕਿਉਂ ਸਜਾ ਕੇ ਇਸ ਸੰਸਾਰ ਵਿਚ ਭੇਜਿਆ ਹੈ ਅਤੇ ਅਸੀਂ ਰਬ ਦੀ ਇਸ ਬਹੁਮੁਲੀ ਦੇਣ ਦਾ ਕੀ ਮੁਲ ਪਾਇਆ ਹੈ?** ਸਾਇੰਸਦਾਨਾਂ ਦਾ ਧਿਆਨ ਹਾਲੇਂ ਸ਼ਾਇਦ ਕੁਝ ਠੋਸ ਪ੍ਰਾਪਤੀਆਂ ਵਲ ਲਗਾ ਹੈ ਜਿਨ੍ਹਾਂ ਤੋਂ ਤੁਰੰਤ ਮਾਇਕ ਲਾਭਾਂ ਦੀ ਆਸ ਹੋ ਸਕਦੀ ਹੈ ਇਸ ਲਈ ਹਾਲੇਂ ਉਹ 'ਕੇਸ ਵਿਗਿਆਨ' ਦੇ ਵਿਸ਼ੇ ਵਲ ਗੰਭੀਰ ਵੀ ਨਹੀਂ ਤੇ ਸੁਚੇਤ ਵੀ ਘਟ ਹਨ। ਚੰਗਾ ਤਾਂ ਇਹ ਸੀ ਕਿ ਉਹ ਸਭ ਤੋਂ ਪਹਿਲੇ ਆਪਣੇ ਨਿਜ ਦੇ ਬਾਰੇ ਲੋੜੀਂਦਾ ਗਿਆਨ ਪ੍ਰਗਟ ਕਰ ਕੇ, ਆਪਾ ਚੀਂਣਦੇ, ਫਿਰ ਅਗੇ ਤੁਰਦੇ ਪਰ ਉਨ੍ਹਾਂ ਪਹਿਲੇ ਕੁਦਰਤ ਨੂੰ ਹਥ ਪਾਇਆ ਹੈ ਤੇ ਆਪਣੇ ਆਪ ਨੂੰ ਕੁਦਰਤ ਦੇ ਹੀ ਆਸਰੇ ਤੇ ਛਡ ਦਿਤਾ ਹੈ। ਇਹ ਠੀਕ ਹੈ ਕੇਸਾਂ ਬਾਰੇ ਕੁਝ ਵਿਗਿਆਨਿਕ ਜਾਂ ਕਾਸਮੈਟਿਕ ਖੋਜ ਹੋਈ ਹੈ ਪਰ ਉਹ ਵਧੇਰੇ ਕਰ ਕੇ ਕੇਸਾਂ


Sri Satguru Jagjit Singh Ji eLibrary NamdhariElibrary@gmail.com

ਦੀ ਬਣਤਰ, ਵਾਧੇ ਤੇ ਸਰੀਰਕ ਸੁੰਦਰਤਾ ਨੂੰ ਵਧਾਉਣ ਤਕ ਹੀ ਕੇਂਦਰਿਤ ਰਹੀ ਹੈ। ਇਸੇ ਖੋਜ ਦਾ ਹੀ ਨਤੀਜਾ ਹੈ ਕਿ ਕੇਸਾਂ ਦੀ ਸੁੰਦਰਤਾ ਨੂੰ ਚਾਰ ਚੰਨ ਲਗਾਉਣ ਲਈ ਹਰ ਸਾਲ ਵਿਸ਼ਵ ਵਿਚ ਅਰਬਾਂ ਡਾਲਰਾਂ ਦੇ ਸ਼ੈਂਪੂ ਤੇ ਕੰਡੀਸ਼ਨਰ ਬਣ ਕੇ ਵਿਕ ਜਾਂਦੇ ਹਨ। ਕੇਸਾਂ ਬਾਰੇ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਇਹ ਜਾਣਨ ਦੀ ਪ੍ਰਮੁਖ ਅਵਸ਼ਕਤਾ ਹੈ ਕਿ ਪਰਦੂਸ਼ਣ ਦੀ ਘਾਤਕ ਮਾਰ ਤੋਂ ਕੇਸ ਸਾਨੂੰ ਕਿਤਨਾ ਕੁ ਬਚਾ ਸਕਦੇ ਹਨ, ਕਿਵੇਂ ਬਚਾ ਸਕਦੇ ਹਨ ਅਤੇ ਕੇਸਾਂ ਪ੍ਰਤੀ ਅਣਗਹਿਲੀ ਕੀ ਕੀ ਭਾਣੇ ਵਰਤਾ ਸਕਦੀ ਹੈ? ਇਹੋ ਜਹੀ ਹੀ ਖੋਜ, ਵਿਚਾਰੇ ਮਨੁੱਖ ਦਾ ਕੁਝ ਭਲਾ ਜ਼ਰੂਰ ਕਰ ਸਕਦੀ ਹੈ।

ਕੁਝ ਸਾਖਿਆਤ ਮਿਸਾਲਾਂ ਉਪਲਬਧ ਹਨ ਜੋ ਸਾਨੂੰ ਦਸਦੀਆਂ ਹਨ ਕਿ ਅੱਜ ਭਾਰਤ ਵਰਸ਼ ਵਿਚ ਦੋ ਲਖ ਵਿਅਕਤੀ ਤੇ ਬਾਕੀ ਦੇ ਸੰਸਾਰ ਵਿਚ 6·30 ਲਖ ਵਿਅਕਤੀ ਹੈਪੇਟਾਇਟਸ ਰੋਗ ਨਾਲ ਮਰ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਨਾਈ ਕੋਲੋਂ ਹਜਾਮਤ ਬਣਵਾਂਦਿਆਂ ਉਸ ਦੀ ਕੈਂਚੀ ਜਾਂ ਉਸਤਰੇ ਨਾਲ ਮਾਮੂਲੀ ਜਿਹਾ ਜ਼ਖ਼ਮ ਲਗ ਜਾਂਦਾ ਹੈ ਜਿਹੜਾ ਇਸ ਗੰਭੀਰ ਰੋਗ ਦਾ ਕਾਰਨ ਬਣ ਕੇ ਜਾਨ ਲੇਵਾ ਹੋ ਨਿਬੜਦਾ ਹੈ। ਵਿਸ਼ਵ ਵਿਚ ਇਤਨੇ ਵਿਅਕਤੀ AIDS ਜਾਂ ਕੈਂਸਰ ਨਾਲ ਨਹੀਂ ਮਰਦੇ ਜਿਤਨੇ ਇਸ ਨਾ-ਮੁਰਾਦ ਬੀਮਾਰੀ ਨਾਲ ਮਰ ਜਾਂਦੇ ਹਨ। ਨਿਕੀ ਜਿਹੀ ਅਵਗਿਆ ਕਾਰਨ ਪਰਿਵਾਰ ਦੀ ਉਪਜੀਵਕਾ ਕਮਾਣ ਵਾਲਾ ਆਪ ਤਾਂ ਗਰਕ ਹੋ ਹੀ ਜਾਂਦਾ ਹੈ, ਨਾਲ ਹੀ ਆਪਣੇ ਪਰਿਵਾਰ ਨੂੰ ਵੀ ਹਨੇਰੇ ਘੁਪ ਖੂਹ ਵਿੱਚ ਸੁੱਟ ਜਾਂਦਾ ਹੈ ਜਿਥੇ ਉਸ ਦੀਆਂ ਚੀਕਾਂ ਵੀ ਕੋਈ ਨਹੀਂ ਸੁਣਦਾ। ਇਸ ਗਲ ਦਾ ਪਤਾ ਤਾਂ ਵਕਤ ਪਾ ਕੇ ਹੀ ਲਗੇਗਾ ਕਿ ਨਾਈਆਂ ਵਲੋਂ ਵਾਲਾਂ ਦੀ ਹਜਾਮਤ ਕੀਤੀ ਗਈ ਹੈ ਕਿ ਲੋਕਾਂ ਦੇ ਪ੍ਰਾਨਾਂ ਦੀ। ਇਸੇ ਡਰ ਨੂੰ ਖ਼ਿਆਲ ਵਿਚ ਰਖਦੇ ਹੋਏ ਅਮੀਰ ਲੋਕੀ ਜਿਵੇਂ ਟੀਕਾ ਲਗਵਾਣ ਲਗਿਆਂ ਆਪਣੀ ਡਿਸਪੋਜ਼ੇਬਲ ਸਰਿੰਜ ਤੇ ਸੂਈ ਡਾਕਟਰ ਕੋਲ ਨਾਲ ਲੈ ਕੇ ਜਾਂਦੇ ਹਨ ਉਸੇ ਤਰ੍ਹਾਂ ਆਪਣੀਆਂ ਰੋਗ ਤੇ ਦੋਸ਼ ਮੁਕਤ ਕੀਤੀਆਂ ਕੈਂਚੀਆਂ ਤੇ ਉਸਤਰੇ ਵੀ ਨਾਲ ਲੈ ਜਾਣ ਲਗ ਪਏ ਹਨ। ਟੀਕਾ ਲਗਵਾਣਾ ਤਾਂ ਮਜਬੂਰੀ ਹੋ ਸਕਦੀ ਹੈ, ਪਰ ਕੇਸ ਕਟਵਾਣ ਵਿਚ ਅਜਿਹੀ ਭਾਵਨਾ ਬਿਲਕੁਲ ਨਹੀਂ ਹੈ ਫਿਰ ਇਸ ਵਾਧੂ ਦੇ ਖਤਰੇ ਨੂੰ ਕੇਸ ਨਾ ਕਟਵਾ ਕੇ ਅਸਾਨੀ ਨਾਲ ਟਾਲਿਆ ਜਾ ਸਕਦਾ ਹੈ।

ਡੀ·ਐਨ·ਏ· (Di-oxy Nucleic Acid) ਅਜ ਦੀ ਖੋਜ ਦੀ ਇਕ ਵਡੀ ਪ੍ਰਾਪਤੀ ਹੈ। ਇਹ D.N.A. ਇਕ ਮਨੁੱਖ ਦੇ ਸਰੀਰ ਵਿਚ ਕੋਈ 250 ਗ੍ਰਾਮ ਤਕ ਹੋ ਸਕਦੇ ਹਨ। ਜੇ ਇਹ ਸਾਰੇ ਹੀ ਸਰਗਰਮ ਹੋਣ ਤਾਂ ਉਹ ਵਿਅਕਤੀ ਸਰਬ ਗਿਆਤਾ ਹੋ ਜਾਂਦਾ ਹੈ ਤੇ ਇਕ ਵਾਰੀ ਜੋ ਦੇਖ ਸੁਣ ਲਵੇ ਉਸ ਨੂੰ ਕਦੇ ਨਹੀਂ ਭੁਲਦਾ। ਇਸ ਡੀ·ਐਨ·ਏ· ਦਾ ਕੇਸਾਂ ਨਾਲ ਗਹਿਰਾ ਸਬੰਧ ਹੈ। ਇਨਫਰਾ ਰੈਡ ਅਤੇ ਇਨਫਰਾ ਵਾਇਲਟ ਕਿਰਨਾਂ ਦੇ ਪਰਦੂਸ਼ਨ ਤੋਂ ਜਿਉਂ ਜਿਉਂ ਭਿਆਨਕਤਾ ਵਧੇਗੀ ਇਹ D.N.A.ਹੋਰ ਸਰਗਰਮ ਹੋਣਗੇ ਤੇ ਢਾਲ ਬਣ ਕੇ ਸਰੀਰ ਦੀ ਇਨ੍ਹਾਂ ਅਦਿਖ ਬਿਪਤਾਵਾਂ ਤੋਂ ਹਫਾਜ਼ਤ ਕਰਨਗੇ। **ਅਜ ਡਾਕਟਰ ਨਕ ਦੇ ਅੰਦਰਲੇ ਵਾਲਾਂ ਦਾ ਮਹਤਵ ਤਾਂ ਸਮਝਦੇ ਹਨ ਪਰ ਛੇਤੀ ਹੀ ਸਿਰ ਤੇ ਦਾਹੜੀ ਮੁਛਾਂ ਦੇ ਲੰਮੇ ਸੁਹਣੇ ਵਾਲਾਂ ਰਾਹੀਂ ਪੁਲਾੜੀ ਕਿਰਨਾਂ ਤੋਂ ਉਤਪੰਨ ਹੋਣ ਵਾਲੇ ਰੋਗ ਤੇ ਸਰੀਰਕ ਘਾਣ ਦੇ ਬਚਾਓ ਲਈ ਮਰੀਜ਼ ਦੀ ਪਰਚੀ ਤੇ ਇਹ ਵੀ ਲਿਖਿਆ ਕਰਨਗੇ ਕਿ ਉਹ ਪੂਰੇ ਪੂਰੇ ਕੇਸ ਰਖੇ ਤੇ ਉਨ੍ਹਾਂ ਦੀ ਯੋਗ ਸੰਭਾਲ ਕਰੇ ਵਰਨਾ ਉਸ ਵਿਚ ਚੜ੍ਹਦੀ ਕਲਾ ਨਹੀਂ ਆ ਸਕੇਗੀ ਤੇ ਬੀਮਾਰੀਆਂ ਦੇ ਮੁਕਾਬਲੇ ਲਈ ਉਹ ਆਪਣੇ ਆਪ ਨੂੰ ਅਪਾਹਜ ਜਿਹਾ**


Sri Satguru Jagjit Singh Ji eLibrary NamdhariElibrary@gmail.com

ਮਹਿਸੂਸ ਕਰਿਆ ਕਰੇਗਾ।

ਰਬ ਦਾ ਲੱਖ ਲੱਖ ਸ਼ੁਕਰ ਹੈ ਕਿ ਉਹ ਸਾਨੂੰ ਅਣਜਾਣ ਬਚੇ ਸਮਝ ਕੇ ਸਾਡੀ ਮਲਹਮ ਪਟੀ ਕਰੀ ਜਾਂਦਾ ਹੈ ਤੇ ਹੋਰ ਵਾਲ ਉਗਾਣ ਦੇ ਕਰਮ ਨੂੰ ਬੰਦ ਨਹੀਂ ਕਰ ਰਿਹਾ। ਸਾਨੂੰ ਇਤਨਾ ਤਾਂ ਸਮਝ ਹੀ ਲੈਣਾ ਚਾਹੀਦਾ ਹੈ ਕਿ ਕੇਸ ਵੀ ਸਰੀਰ ਦੇ ਹੋਰ ਅੰਗਾਂ ਵਾਂਗ ਇਕ ਜ਼ਰੂਰੀ ਅੰਗ ਹਨ ਇਸ ਲਈ ਇਨ੍ਹਾਂ ਦਾ ਵੀ ਪੂਰਾ ਪੂਰਾ ਖ਼ਿਆਲ ਰਖਣਾ ਸਾਡਾ ਫਰਜ਼ ਬਣਦਾ ਹੈ। ਅਧੇ ਜਾਂ ਅਧੂਰੇ ਕੇਸ ਅਧੀ ਜਾਂ ਅਧੂਰੀ ਲਤ ਬਾਂਹ ਵਾਂਗ ਵਿਅਕਤੀ ਨੂੰ ਅਪਾਹਜਾਂ ਦੀ ਸ਼੍ਰੇਣੀ ਵਿਚ ਸ਼ਾਮਲ ਕਰਦੇ ਹਨ। ਇਹ ਅਪਾਹਜਪੁਣਾ ਮਨੁੱਖ ਦਾ ਆਪ ਸਹੇੜਿਆ ਹੋਇਆ ਹੈ ਅਤੇ ਸਰੀਰਕ, ਮਾਨਸਿਕ ਤੇ ਅਧਿਆਤਮਿਕ ਤਿੰਨਾਂ ਹੀ ਕਿਸਮਾਂ ਦਾ ਹੈ। ਵਿਗਿਆਨਿਕਾਂ ਦੀਆਂ ਲਭਤਾਂ ਜਾਂ ਅਣਲਭਤਾਂ ਦਾ ਖ਼ਿਆਲ ਕੀਤੇ ਬਿਨਾਂ ਆਪਣੇ ਸਤਿਗੁਰਾਂ ਦੇ ਬਚਨਾਂ ਤੇ ਫੁੱਲ ਚੜ੍ਹਾਉਂਦੇ ਹੋਏ ਆਓ ਕੇਸਾਂ ਦਾ ਪੂਰਾ ਪੂਰਾ ਸਤਿਕਾਰ ਕਰੀਏ ਤੇ ਇਨ੍ਹਾਂ ਤੋਂ ਹਰ ਪਰਕਾਰ ਦੇ ਲਾਭ ਅਤੇ ਮਾਣ ਮੁਰਾਤਬੇ ਤੇ ਸ਼ਾਨ ਪ੍ਰਾਪਤ ਕਰ ਕੇ ਆਪਣਾ ਜੀਵਨ ਮੁਕੰਮਲ ਤੇ ਸਫ਼ਲਾ ਬਣਾਈਏ।

18ਵੀਂ, 19ਵੀਂ ਸਦੀ ਵਿਚ ਸਿੰਘਾਂ ਨੇ ਦੇਸ਼ ਨੂੰ ਮੁਗ਼ਲ ਜਰਵਾਣਿਆਂ ਤੋਂ ਅਜ਼ਾਦ ਕਰਵਾਣ ਲਈ ਤੇ ਭਾਰਤ ਦੀ ਸਲਾਮਤੀ ਲਈ ਲਖਾਂ ਦੀ ਗਿਣਤੀ ਵਿਚ ਕੁਰਬਾਨੀਆਂ ਦੇ ਕੇ ਦੇਸ਼ ਦੀ ਅਣਖ, ਸਭਿਆਚਾਰ ਤੇ ਸੰਸਕ੍ਰਿਤੀ ਦੀ ਪਾਕੀਜ਼ਗੀ ਨੂੰ ਆਂਚ ਨਹੀਂ ਆਉਣ ਦਿਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਵਾਹ ਲਗਦੇ ਆਪਣੇ ਪਰੀਸ਼ਰਮ, ਮਿਹਨਤ ਤੇ ਉਦਮੀ ਸੁਭਾਅ ਸਦਕਾ ਦੇਸ਼ ਦੀ ਆਰਥਕਤਾ ਨੂੰ ਮਜ਼ਬੂਤ ਕਰਨ ਵਿਚ ਵੀ ਉਹ ਭੂਮਿਕਾ ਨਿਭਾਈ ਤੇ ਅਜ ਵੀ ਨਿਭਾ ਰਹੇ ਹਨ ਜਿਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਇਹ ਸਭ ਕੁਝ ਉਨ੍ਹਾਂ ਦੇ ਸਿਖੀ ਸਰੂਪ ਦੇ ਪਰਤਾਪ ਸਦਕਾ ਹੀ ਸੰਭਵ ਹੋ ਸਕਿਆ ਹੈ ਜੋ ਉਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਬੜੀਆਂ ਬਖਸ਼ਸ਼ਾਂ, ਅਸੀਸਾਂ ਤੇ ਰੀਜਾਂ ਨਾਲ ਪ੍ਰਦਾਨ ਕੀਤਾ ਹੈ।

ਹੁਣ ਜਦ ਕੇਸ ਦਾਹੜੀ ਮੁੱਛਾਂ ਨਾਲ ਜੁੜੀ ਉਕਤ ਸਾਰੀ ਕਥਾ ਇਕ ਇਤਿਹਾਸਕ ਕਥਾ ਹੀ ਬਣ ਕੇ ਰਹਿ ਗਈ ਹੈ ਤਾਂ ਇਵੇਂ ਲਗਦਾ ਹੈ ਜਿਵੇਂ ਕਿ ਮਨੁੱਖੀ ਮਨ ਇਕ ਵਡਮੁਲੇ ਵਿਰਸੇ ਤੋਂ ਵਾਂਝਾ ਹੋ ਗਿਆ ਹੈ। ਇਸ ਸਥਿਤੀ ਵਿਚ ਪ੍ਰਮੁੱਖ ਤੌਰ ਤੇ ਸਿੱਖ ਹੀ ਅਜਿਹੇ ਵਿਅਕਤੀ ਰਹਿ ਗਏ ਹਨ ਜਿਨ੍ਹਾਂ ਨੇ ਸਮੇਂ ਨਾਲ ਧੋਖਾ ਨਹੀਂ ਕੀਤਾ ਤੇ ਹਰ ਹਾਲਤ ਵਿਚ ਕੇਸਾਂ ਦਾ ਪੂਰਾ ਪੂਰਾ ਸਤਿਕਾਰ ਕੀਤਾ ਹੈ। ਉਨ੍ਹਾਂ ਨੇ ਕੇਸਾਂ ਨੂੰ ਪੂਰਾ ਮਾਣ ਬਖਸ਼ ਕੇ ਸੰਤਾਂ ਵਾਲਾ ਸਰੂਪ ਕਾਇਮ ਰਖਿਆ ਹੋਇਆ ਹੈ ਤੇ ਇਸ ਦੇ ਨਾਲ ਨਾਲ ਇਸ ਦੁਨੀਆ ਵਿਚ ਰਹਿ ਕੇ ਕਰਮਸ਼ੀਲ ਹੋਣ ਦੀ ਜਾਚ ਵੀ ਪ੍ਰਾਪਤ ਕੀਤੀ ਹੋਈ ਹੈ ਤਾਂ ਜੋ ਉਹ ਬੇਇਨਸਾਫੀ ਵਿਰੁੱਧ ਡਟ ਸਕਣ ਅਤੇ ਸਮਾਜ, ਕੌਮ, ਦੇਸ਼ ਤੇ ਮਾਨਵਤਾ ਪ੍ਰਤੀ ਆਪਣੇ ਫ਼ਰਜ਼ ਵੀ ਨਿਭਾ ਸਕਣ। ਸ਼ੁਭ ਕਰਮ ਕਰਨ ਤੋਂ ਉਤੇ ਸਿੱਖ ਲਈ ਹੋਰ ਕੋਈ ਫਰਜ਼ ਨਹੀਂ। ਉਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਇਹ ਜਾਚ ਤੇ ਦਾਤ ਪ੍ਰਾਪਤ ਹੋਈ ਹੈ ਕਿ 'ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ'। ਕੇਸਾਧਾਰੀ ਗੁਰ - ਸਿੱਖ ਅਨੁਸ਼ਾਸਨ- ਬਧ ਜੀਵਨ ਜੀਣ ਦਾ ਆਦੀ ਬਣਦਾ ਹੋਇਆ ਰੱਬ ਦੇ ਮਾਰਗ ਦਾ ਪਾਂਧੀ ਬਣਦਾ ਹੈ, ਸ਼ੈਤਾਨ ਦੇ ਰਾਹ ਦਾ ਨਹੀਂ। ਕੇਸਾਂ ਨੂੰ ਵਡਮੁਲਾ ਸਤਿਕਾਰ ਬਖਸ਼ਦੇ ਰਹਿਣ ਲਈ ਕਵੀ ਇੰਦਰਜੀਤ ਸਿੰਘ ਵਾਸੂ ਸਿੱਖ ਨੂੰ ਇਨ੍ਹਾਂ ਨਿਮਨ ਸ਼ਬਦਾਂ ਨਾਲ ਹੋਰ ਸੁਚੇਤ ਕਰਦਾ ਹੈ:


Sri Satguru Jagjit Singh Ji eLibrary NamdhariElibrary@gmail.com

ਗੁਰਾਂ ਨਾਲ ਕੀਤੇ ਬਚਨ, ਪਾਲਿਓ ਬਈ ਪਾਲਿਓ।
ਫੋਕੀ ਫੈਸ਼ਨ ਰੁਚੀ ਨੂੰ ਟਾਲਿਓ ਬਈ ਟਾਲਿਓ।
ਗੁਰੂ ਵਾਲੀ ਰੀਤ ਤੇ ਚਾਲਿਓ ਬਈ ਚਾਲਿਓ।
ਦੀਵੇ ਦੈਵੀ ਗਿਆਨ ਦੇ, ਬਾਲਿਓ ਬਈ ਬਾਲਿਓ।
ਸਿੱਖੀ ਵਾਲੀ ਘਾਲ ਨੂੰ, ਘਾਲਿਓ ਬਈ ਘਾਲਿਓ।
ਬਾਗ ਸਿੱਖੀ ਦਾ ਫੁੱਲੇ, ਬਰਖੁਰਦਾਰੋ, ਬਾਲਿਓ।
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓ ਐ ਕੇਸਾਂ ਵਾਲਿਓ!
ਦਸ਼ਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ!!

ਜਿਹਦੇ ਸਾਬਤ ਕੇਸ ਨੇ, ਉਹਦਾ ਸਾਬਤ ਆਚਾਰ ਹੈ।
ਉਹੀਓ ਪੂਰਾ ਮਰਦ ਹੈ, ਉਹੀ ਪੂਰਾ ਸਰਦਾਰ ਹੈ।
ਲੱਖਾਂ ਵਿਚ ਲੁਕਦਾ ਨਹੀਂ ਜਿਦ੍ਹੇ ਦਾੜ੍ਹੀ ਤੇ ਦਸਤਾਰ ਹੈ।
ਕੇਸਾਂ ਨੂੰ ਉਹੀਓ ਛੇੜਦਾ, ਈਮਾਨ ਜਿਦ੍ਹਾ ਬੀਮਾਰ ਹੈ।
ਦੇ ਰਹੀ ਲਲਕਾਰ ਹੈ, ਕੇਸਾਂ ਦੀ ਇਕ ਇਕ ਤਾਰ ਹੈ।
ਅਮਾਨਤ ਨੇ ਇਹ ਦਸਮੇਸ਼ ਦੀ, ਦਸ਼ਮੇਸ਼ ਦਾ ਇਕਰਾਰ ਹੈ।
ਇਹੋ ਸਿੱਖੀ ਦਾ ਰਹੱਸ ਨੇ, ਇਹੋ ਸਿੱਖੀ ਦਾ ਸਾਰ ਹੈ।
ਇਹਨਾਂ ਤੋਂ ਜੇ ਇਨਕਾਰ ਹੈ, ਸਵੈ ਹੋਂਦ ਤੋਂ ਇਨਕਾਰ ਹੈ।
ਪਿੱਠ ਦੇ ਕੇ ਇਹਨਾਂ ਨੂੰ, ਆਪਣਾ ਆਪ ਨਾ ਗਾਲਿਓ
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓ ਐ ਕੇਸਾਂ ਵਾਲਿਓ!
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ!!

ਆਦਿ ਤੋਂ ਜੁਗਾਦਿ ਤੋਂ, ਪੀਰਾਂ ਦਾ ਇਹੀਓ ਭੇਸ ਹੈ,
ਈਸਾ ਮਸੀਹ ਨੂੰ ਵੇਖ ਲਉ, ਉਹਦਾ ਵੀ ਇਹੀਓ ਵੇਸ ਹੈ।
ਸਾਬਤ ਸੂਰਤ ਵਿਚ ਹੀ, ਪ੍ਰੀਤਮ ਦਾ ਸੁਹਣਾ ਦੇਸ਼ ਹੈ।
ਸਿੱਖੀ ਦਾ ਇਹੋ ਦੁਆਰ ਹੈ, ਸਿੱਖੀ ਦਾ ਇਹੋ ਪ੍ਰਵੇਸ਼ ਹੈ।
ਕੇਸਾਂ ਦੇ ਵਿਚੋਂ ਲਭਦਾ, ਸਿੱਖੀ ਸਿਦਕ ਸੰਦੇਸ਼ ਹੈ।
ਸਿੱਖੀ ਦੀ ਇਹ ਹੈ ਦਾਸਤਾਂ, ਇਸ ਨੂੰ ਤੁਸੀਂ ਸੰਭਾਲਿਓ!
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓ ਐ ਕੇਸਾਂ ਵਾਲਿਓ!!
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ!!

ਦਸਮੇਸ਼ ਦਾ ਸੁਪਨਾ ਨੇ ਕੇਸ, ਦਸਮੇਸ਼ ਦਾ ਫੁਰਮਾਨ ਨੇ।
ਇਹ ਗੁਰੂ ਦੀ ਮੋਹਰ ਨੇ, ਸਿੱਖੀ ਸਿਦਕ ਐਲਾਨ ਨੇ।
ਇਹ ਪੱਤ ਨੇ, ਇਹ ਆਬਰੂ, ਇਹ ਅਜ਼ਾਦੀ ਦਾ ਗਾਨ ਨੇ।
ਇਹ ਰੂਹਾਨੀ ਚਿੰਨ੍ਹ ਨੇ, ਇਹ ਪ੍ਰੀਤਮ ਦਾ ਵਰਦਾਨ ਨੇ।
ਇਹ ਸਿੱਖੀ ਦੀ ਅਣਖ ਨੇ, ਇਹ ਸਿੱਖੀ ਦਾ ਮਾਨ ਨੇ।
ਇਹ ਸਿੱਖੀ ਦਾ ਤੇਜ ਨੇ, ਇਹ ਸਿੱਖੀ ਦੀ ਸ਼ਾਨ ਨੇ।
ਇਹ ਸਿੱਖੀ ਦੇ ਕਾਫਲੇ ਦੀ ਵਖਰੀ ਜਹੀ ਪਹਿਚਾਨ ਨੇ।
ਦੇ ਕੇ ਇਹਨਾਂ ਨੂੰ ਦਗ਼ਾ, ਨਾ ਬਿਪਰਨ ਰੀਤ ਚਾਲਿਓ!


Satguru Jagjit Singh Ji eLibrary NamdhariElibrary@gmail.c

ਹੈ ਕੇਸਗੜ੍ਹ ਦਾ ਵਾਸਤਾ, ਸੁਣਿਓ ਐ ਕੇਸਾਂ ਵਾਲਿਓ!!
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ!!!

ਜੋ ਕੇਸਾਂ ਨੂੰ ਹੈ ਕਟਦਾ, ਉਹ ਕੇਸਗੜ੍ਹ ਤੋਂ ਟੁਟਦਾ।
ਜੋ ਕੇਸਾਂ ਨੂੰ ਹੈ ਛੇਕਦਾ, ਉਹ ਗੁਰੂ ਘਰ ਚੋਂ ਮੁਕਦਾ।
ਉਹਦੀ ਸੁਰਤ ਦੈਵੀ ਮੁਕਦੀ, ਉਹਦਾ ਸੁਰਤ ਬੂਟਾ ਸੁਕਦਾ।
ਕੇਸਾਂ ਨਾਲ ਕਰਦਾ ਪ੍ਰੀਤ ਜੋ, ਗੁਰ ਪ੍ਰੀਤ ਬੁਲ੍ਹੇ ਲੁਟਦਾ।
ਹਲਤ ਪਲਤ ਨੂੰ ਜਿਤਦਾ, ਜੋ ਗੁਰ ਬਾਣੀ ਹੈ ਜੁਟਦਾ।
ਤੋਹਫ਼ੇ ਉਹ ਦੈਵੀ ਬਰਕਤਾਂ ਦੇ, ਬੋਚਦਾ ਤੇ ਝੁਟਦਾ।
ਇਨ੍ਹਾਂ ਬਰਕਤਾਂ ਦੀ ਸਾਂਭ ਲਈ, ਮਨ ਨੂੰ ਮਨਾ ਲਿਓ!
ਹੈ ਕੇਸਗੜ੍ਹ ਦਾ ਵਾਸਤਾ, ਸੁਣਿਓ ਐ ਕੇਸਾਂ ਵਾਲਿਓ!!
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ, ਸੰਭਾਲਿਓ!!!

ਕੇਸਾਂ ਬਾਰੇ ਸੁਘੜ ਕਵੀ ਦੇ ਕਵਿਤਾ ਵਿਚ ਪਰੋਏ ਜਜ਼ਬਾਤ ਸੁਚੇ ਮੋਤੀਆਂ ਵਾਂਗ ਚਮਕਦੇ ਹੋਏ ਸਾਨੂੰ ਕੇਸਾਂ ਦੇ ਸਤਿਕਾਰ ਦਾ ਡਾਢਾ ਸੁਹਣਾ ਸੁਨੇਹਾ ਦੇਂਦੇ ਹਨ।

ਉਪਰੋਕਤ ਕਵਿਤਾ ਤੇ ਉਦਾਹਰਣਾਂ ਦੀ ਰੌਸ਼ਨੀ ਵਿਚ ਕਿਆਸ ਲਗਾਇਆ ਜਾ ਸਕਦਾ ਹੈ ਕਿ ਭਾਵੇਂ ਕੇਸ ਕਈ ਭਾਵਾਂ ਦੇ ਪ੍ਰਗਟਾਵੇ ਵਜੋਂ ਚਿੰਨ੍ਹ ਰੂਪ ਵਿਚ ਭੂਮਿਕਾ ਨਿਭਾਉਂਦੇ ਹਨ ਪਰ ਇਨ੍ਹਾਂ ਨੂੰ ਰਖਣਾ ਜਾਂ ਨਾ ਰਖਣਾ ਇਸ ਕਾਰਨ ਕਰਕੇ ਕੋਈ ਮਹਤਤਾ ਨਹੀਂ ਰੱਖਦਾ ਕਿਉਂਕਿ ਮੁੱਖ ਕਰਕੇ ਕੇਸ ਕੋਈ ਸਿੰਬਲ ਨਹੀਂ ਹਨ ਅਤੇ ਨਾ ਹੀ ਇਹ ਮਨੋਕਲਪਤ ਖਿਆਲਾਂ ਦੀ ਤਰਜਮਾਨੀ ਦੇ ਸੂਚਕ ਹਨ ਜਾਂ ਕਿਸੇ ਸਾਂਸਕ੍ਰਿਤਕ ਫੀਨਾਮਿਨਾ ਦਾ ਪ੍ਰਗਟਾਵਾ ਹਨ ਸਗੋਂ ਇਹ ਤਾਂ ਪ੍ਰਮਾਤਮਾ ਵਲੋਂ ਬਿਨਾਂ ਇਮਤਿਆਜ਼ (ਭੇਦ ਭਾਵ ਦੇ) ਹਰ ਮਨੁੱਖ ਨੂੰ ਦਿੱਤੀ ਗਈ ਅਨਮੋਲ ਸੁਗਾਤ ਤੇ ਵਰਦਾਨ ਹਨ। **ਸਿੱਖ ਲਈ ਕੇਸ ਵੰਗਾਰ ਹਨ, ਦਸਤਾਰ ਸਰਦਾਰੀ ਦਾ ਤਾਜ ਹੈ, ਦਾਹੜੀ ਬੰਦਗੀ ਹੈ, ਮੁੱਛਾਂ ਸੂਰਮਗਤੀ ਦੀਆਂ ਸੂਚਕ ਹਨ ਜਿਨ੍ਹਾਂ ਦੁਆਰਾ ਉਸ ਵਿਚ ਮਨ-ਬਚਨ ਤੇ ਕਰਮ ਦਾ ਸੁਮੇਲ ਵਿਗਸਦਾ ਅਤੇ ਸ਼ਕਤੀ ਫੜਦਾ ਹੈ।**

ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ **ਕੇਸ, ਦਾਹੜੀ ਤੇ ਮੁੱਛਾਂ ਬਗ਼ੈਰ ਸਿੱਖ, ਸਿੱਖ ਨਹੀਂ। ਪਤਿਤ ਹੋਣ ਨਾਲ ਉਸ ਦੇ ਮਨ ਦੀ ਚੜ੍ਹਦੀਕਲਾ ਢਹਿੰਦੀ ਕਲਾ ਵਿਚ ਬਦਲ ਜਾਂਦੀ ਹੈ। ਇਸ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖ ਨੂੰ ਕੇਸਾਂ ਬਾਰੇ ਦੋਹਰਾ ਸੁਚੇਤ ਕਰਨ ਹਿਤ ਪੰਜ ਕਕਾਰਾਂ ਤੇ ਚਾਰ ਕੁਰਹਿਤਾਂ ਦੋਹਾਂ ਵਿਚ ਕੇਸ ਰੱਖਣ ਦੀ ਪੂਰੀ ਪੂਰੀ ਬੰਦਸ਼ ਲਗਾਈ ਹੈ।** ਸਿੱਖ ਨੂੰ ਚੇਤ ਅਚੇਤ ਰੂਪ ਵਿਚ ਇਹ ਕੰਠ ਕਰਵਾ ਦਿਤਾ ਗਿਆ ਹੈ ਕਿ ਉਸ ਨੇ ਕੇਸਾਂ ਦੀ ਦਾਤ ਦਾ ਸਤਿਕਾਰ ਕਰਨਾ ਹੈ। ਹਰ ਰੋਜ਼ ਦੀ ਅਰਦਾਸ ਵਿਚ ਵੀ **'ਸਿਖੀ ਕੇਸਾਂ ਸਵਾਸਾਂ ਨਾਲ ਨਿਭੇ'** ਦੀ ਦੁਹਰਾਈ ਦਾ ਮਕਸਦ ਵੀ ਇਹੀ ਹੈ ਕਿ ਕੇਸ ਸਿੱਖ ਲਈ ਅਤੀ ਜ਼ਰੂਰੀ ਹਨ। ਵੈਸੇ ਤਾਂ ਇਹ ਹਰ ਮਨੁੱਖ ਲਈ ਵੀ ਉਤਨੇ ਹੀ ਜ਼ਰੂਰੀ ਹਨ ਜਿਤਨੇ ਕਿ ਸਰੀਰ ਦੇ ਬਾਕੀ ਅੰਗ ਸਗੋਂ ਕੇਸਾਂ ਦੀਆਂ ਬਹੁ-ਪ੍ਰਕਾਰੀ ਖ਼ੂਬੀਆਂ ਨੂੰ ਦੇਖਦਿਆਂ ਹੋਇਆਂ ਕਈ ਲਿਹਾਜ਼ਾਂ ਨਾਲ ਤਾਂ ਇਹ ਸਰੀਰ ਦੇ ਬਾਕੀ ਅੰਗਾਂ ਤੋਂ ਵੀ ਵਧੇਰੇ ਮਹੱਤਵਪੂਰਣ ਹਨ ਪਰ ਸਿਖਾਂ ਤੋਂ ਇਲਾਵਾ ਹੋਰ ਮਨੁਖਾਂ ਨੇ ਹਾਲੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਰਖਣ ਬਾਰੇ ਗੰਭੀਰਤਾ ਤੋਂ ਕੰਮ ਨਹੀਂ ਲਿਆ। ਕੇਸਾਂ ਅਤੇ ਦਸਤਾਰ ਕਾਰਨ ਸਿੱਖ ਵਿਚ ਆਈ ਵਿਲਖਣਤਾ


Sri Satguru Jagjit Singh Ji eLibrary NamdhariElibrary@gmail.com

ਨੂੰ ਦੇਖਦਿਆਂ ਹੋਇਆਂ ਸ੍ਰੀ ਡੰਕਨ ਗਰੀਨ ਨੇ ਆਪਣੀ ਪੁਸਤਕ Gospels of Sri Guru Granth Sahib ਵਿਚ ਲਿਖਿਆ ਹੈ ਕਿ **ਕੇਸਾਂ ਤੇ ਦਸਤਾਰ ਕਰ ਕੇ ਸਿੱਖ ਸਾਰੇ ਸੰਸਾਰ ਵਿਚ ਸੁਤੇ ਸਿਧ ਹੀ ਜਥੇਬੰਦ ਹਨ।** ਇਸ ਗੱਲ ਵਿਚ ਕੋਈ ਅਤਿ ਕਥਨੀ ਨਹੀਂ ਕਿਉਂਕਿ ਕੇਸਾਂ ਦਾਹੜੀ ਤੇ ਦਸਤਾਰ ਕਾਰਨ ਸਿੱਖ ਦੀ ਨਵੇਕਲੀ ਪਛਾਣ ਹੈ ਅਤੇ ਜੋ ਵਿਅਕਤੀ ਸਿਖਾਂ ਦੇ ਇਤਿਹਾਸ ਤੋਂ ਥੋੜ੍ਹਾ ਜਿਹਾ ਵੀ ਜਾਣੂ ਹੈ ਉਹ ਸਿੱਖ ਨੂੰ ਭਰਾ, ਦੋਸਤ, ਮਿਤਰ, ਹਮਦਰਦ ਤੇ ਮਾਨਵ ਹਿਤੈਸ਼ੀ ਸਮਝ ਕੇ ਇਸ ਨਾਲ ਆਪਣੀ ਨੇੜਤਾ ਪੈਦਾ ਕਰਨ ਵਿਚ ਪ੍ਰਸੰਨਤਾ ਅਨੁਭਵ ਕਰਦਾ ਹੈ। **ਸਿੱਖ ਦੀ ਕੇਸਾਂ ਤੇ ਦਸਤਾਰ ਕਰਕੇ ਦੂਜੇ ਸਿੱਖ ਨਾਲ ਡੂੰਘੀ ਸਾਂਝ ਕਾਰਨ ਹੀ ਇਸ ਨੂੰ 'ਸਵਾ ਲਾਖ ਸੇ ਏਕ ਲੜਾਉਂ' ਵਾਲੀ ਸ਼ਕਤੀ ਦਾ ਧਾਰਨੀ ਸਮਝਿਆ ਜਾਂਦਾ ਹੈ ਕਿਉਂਕਿ ਇਹ ਇਕ ਜੈਕਾਰੇ ਨਾਲ ਪਲਾਂ ਪਲਾਂ ਵਿਚ ਦੂਜੇ ਨਾਲ ਆ ਮਿਲਦਾ ਹੈ ਤੇ ਫਿਰ ਇਕ ਇਕ ਤੇ ਦੋ ਗਿਆਰਾਂ ਹੋ ਜਾਂਦੇ ਹਨ ਤੇ ਇਵੇਂ ਇਨ੍ਹਾਂ ਦੀ ਸ਼ਕਤੀ ਵਧਦੀ ਹੀ ਚਲੀ ਜਾਂਦੀ ਹੈ।**

## ਗੁਰੂ ਦੇ ਸਿੱਖ ਦੀ ਕੇਸਾਂ ਬਾਰੇ ਲੋਚਾ

ਸਾਇੰਸ ਦੀ ਅਜੋਕੀ ਖੋਜ ਨੇ ਕੇਸ ਰਖਣ ਦੇ ਕਈ ਗੁਣਾਂ ਬਾਰੇ ਚਾਨਣਾ ਪਾਇਆ ਹੈ ਪਰ ਗੁਰੂ ਦਾ ਸਿੱਖ ਤਾਂ ਆਪਣੇ ਗੁਰੂ ਦੇ ਹੁਕਮ ਵਿਚ ਆ ਕੇ ਕੇਸਾਂ ਨੂੰ ਉਸ ਮਹਾਨ ਗੁਰੂ ਦੀ ਬਖਸ਼ਸ਼ ਸਮਝ ਕੇ ਸਤਿਕਾਰਦਾ ਤੇ ਪਿਆਰਦਾ ਹੈ। ਇਤਿਹਾਸ ਵਿਚ ਅਜਿਹੀਆਂ ਮਹਾਨ ਆਤਮਾਵਾਂ ਦਾ ਵਰਣਨ ਮਿਲਦਾ ਹੈ ਜਿਨ੍ਹਾਂ ਅਹਿਮਦਸ਼ਾਹ ਅਬਦਾਲੀ ਨੂੰ ਵਡੇ ਵਡੇ ਹਰਜਾਨੇ ਤਾਂ ਭਰ ਦਿਤੇ ਪਰ ਕੇਸ ਕਟਵਾਉਣ ਦੀ ਸ਼ਰਤ ਨੂੰ ਨਾ ਮੰਨਿਆ ਅਤੇ ਆਪਣੀ ਰੋਜ਼ ਦੀ ਅਰਦਾਸ ਅਨੁਸਾਰ ਸਿਖੀ ਕੇਸਾਂ ਸੁਆਸਾਂ ਨਾਲ ਨਿਭਾਈ ਅਤੇ ਸ਼ਹੀਦੀਆਂ ਪ੍ਰਾਪਤ ਕਰਕੇ ਅਨੰਦ ਮਹਿਸੂਸ ਕੀਤਾ। ਕਿਤਨੀ ਅਸਚਰਜ ਗਲ ਹੈ ਕਿ ਸਿੱਖ ਦੀ ਅਰਦਾਸ ਵਿਚ ਜਦ ਵੀ ਕੋਈ ਸਿੱਖ ਵਾਹਿਗੁਰੂ ਪਾਸੋਂ ਦਾਨ ਮੰਗਦਾ ਹੈ ਤਾਂ ਉਹ ਸਿਖੀ ਦੇ ਦਾਨ ਦੇ ਨਾਲ ਨਾਲ ਕੇਸਾਂ ਦੇ ਦਾਨ ਲਈ ਅਰਜ਼ਗੋ ਹੁੰਦਾ ਹੈ ਅਤੇ ਕੇਸਾਂ ਦੇ ਦਾਨ ਦੀ ਜਾਚਨਾ ਦਾ ਇਹ ਕ੍ਰਮ ਸਦੀਆਂ ਤੋਂ ਚਲਦਾ ਆ ਰਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਉਚਾਰੇ ਸ਼ਬਦ **'ਸਾਬਤ ਸੂਰਤ ਦਸਤਾਰ ਸਿਰਾ'** ਵਿਚ ਸਾਰਿਆਂ ਨੂੰ ਸੰਬੋਧਿਤ ਕਰਦਿਆਂ ਫਰਮਾਇਆ ਹੈ ਕਿ ਤੁਹਾਡਾ ਸਰੀਰ ਸ਼ੁਭ ਕਰਮ ਕਰੇ, ਤੁਸੀਂ ਸੰਸਾਰ ਵਿਚ ਰਹਿੰਦੇ ਹੋਏ ਪ੍ਰਸੰਨ ਚਿਤ ਰਹੋ, ਪਰ ਇਸਦੇ ਨਾਲ ਨਾਲ ਪ੍ਰਮਾਤਮਾ ਵਲੋਂ ਦਿਤੇ ਹੋਏ ਸਰੂਪ ਨੂੰ ਪੂਰੀ ਤਰ੍ਹਾਂ ਕਾਇਮ ਰਖੋ ਅਤੇ ਆਪਣੇ ਸਿਰਾਂ ਉਤੇ ਪਗੜੀ ਜ਼ਰੂਰ ਬੰਨ੍ਹੋ। ਇਕ ਪਾਸੇ ਗੁਰੂ ਦੇ ਇਹ ਬਚਨ ਤੇ ਦੂਜੇ ਪਾਸੇ ਅਜੋਕੇ ਸਿੱਖ ਦੀ ਕੇਸਾਂ ਬਾਰੇ ਲਾਪਰਵਾਹੀ ਨੂੰ ਦੇਖ ਕੇ ਕਵੀ ਆਤਮਾ ਸਿੰਘ ਸ਼ਾਂਤ ਚਿੰਤਾਤਰ ਹੈ। ਉਸ ਦੀ ਚਿੰਤਾ ਵੀ ਜ਼ਰਾ ਧਿਆਨ ਗੋਚਰੇ ਕਰੋ। ਉਹ ਕਹਿੰਦਾ ਹੈ:

*ਅਸੀਂ ਭੁਲਾ ਦਿਤਾ ਹੈ ਮੂਲੋਂ ਗੁਰੂਆਂ ਜੋ ਕੀਤਾ ਉਪਕਾਰ*
*ਅੰਮ੍ਰਿਤ ਛਕ ਕੇ ਰਹਿਤ ਹੈ ਛਡੀ ਨਹੀਂ ਰਹੇ ਹਾਂ ਆਗਿਆਕਾਰ*

*ਸਿਖੀ ਚਲਨ ਤਿਆਗ ਦਿਤਾ ਹੈ ਡੁਬ ਰਹੇ ਹਾਂ ਵਿਚ ਮੰਝਧਾਰ*
*ਸਾਬਤ ਸੂਰਤ ਆਪ ਰਹੇ ਨਾ ਨਾ ਹੀ ਰਹਿਣ ਦਿਤੀ ਹੈ ਨਾਰ*



Sri Satguru Jagjit Singh Ji eLibrary NamdhariElibrary@gmail.com

*ਵੀਰਾਂਗਣ ਤੋਂ ਗੁਡੀ ਬਣਾਇਆ ਕਰ ਕਰ ਊਟ ਪਟਾਂਗ ਸ਼ਿੰਗਾਰ*
*ਆਪਣੇ ਨਾਲ ਆਪਣੀ ਸਾਥਣ ਨੂੰ ਵੀ ਕੀਤਾ ਖੂਬ ਖੁਆਰ*

*ਸੁੰਦਰ ਦਾਹੜਾ ਸਿਰ ਦਸਤਾਰ ਰਬੀ ਰੂਪ ਬਣੇ ਸਰਦਾਰ*
*ਹਰ ਮੈਦਾਨ ਫਤਿਹ ਫਿਰ ਹੋਵੇ ਦੁਸ਼ਮਣ ਸਹਿ ਨਾ ਸਕੇ ਵਾਰ*

*ਖੁਲ੍ਹ ਉਨ੍ਹਾਂ ਉਤੇ ਹੈ ਜਾਂਦਾ ਅਰਸ਼ੀ ਬਖਸ਼ਸ਼ ਦਾ ਭੰਡਾਰ*
*ਜੇ ਕਰ 'ਸ਼ਾਂਤ' ਗੁਰ ਸਿਖ ਹੋਵੇ ਸਾਬਤ ਸੂਰਤ ਸਿਰ ਦਸਤਾਰ*

ਜੇ ਇਤਿਹਾਸ ਦੇ ਪੰਨਿਆਂ ਤੇ ਝਾਤ ਮਾਰੀਏ ਤਾਂ ਪਰਤੀਤ ਹੁੰਦਾ ਹੈ ਕਿ ਮਕੇ ਵਿਚ ਗੁਰੂ ਨਾਨਕ ਸਾਹਿਬ ਦੀ ਪੀਰ ਬਹਓਦੀਨ ਨਾਲ ਹੋਈ ਗਲਬਾਤ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਕੇਸਾਂ ਦੀ ਮਹੱਤਤਾ ਬਾਰੇ ਸਾਨੂੰ ਸਭ ਨੂੰ ਸੁਚੇਤ ਕਰਦਿਆਂ ਫਰਮਾਇਆ ਹੈ ਕਿ ਉਸਨੂੰ ਹੀ ਰੱਬ ਦਾ ਸਹੀ ਸੇਵਕ ਸਮਝਿਆ ਜਾਵੇਗਾ ਜਿਹੜਾ ਪਰਮਾਤਮਾ ਦੀ ਦਿਤੀ ਹੋਈ ਦਾਤ (ਕੇਸਾਂ) ਨੂੰ ਸੰਭਾਲ ਕੇ ਰਖੇਗਾ। ਇਹ ਕੇਸ ਹੀ ਉਸ ਨੂੰ ਰੱਬ ਦੇ ਦਰਬਾਰ ਵਿਚ ਦਾਖਲ ਹੋਣ ਦਾ ਮਾਣ ਹੋਣਗੇ ਕਿਉਂਕਿ ਕੇਸ ਵਿਅਕਤੀ ਨੂੰ ਪਵਿੱਤਰ ਅਤੇ ਉਚਾ ਮੁਰਾਤਬਾ ਬਖਸ਼ਦੇ ਹਨ। ਕੇਸ ਧਾਰੀ ਮਨੁੱਖ ਅਕਾਲ ਪੁਰਖ ਵਲੋਂ ਬਖਸ਼ੇ ਸਰੂਪ ਦੇ ਧਾਰਨੀ ਹੋਣ ਕਾਰਨ ਉਸ ਦੇ ਆਗਿਆਕਾਰ ਸਪੁਤਰ ਅਖਵਾਂਦੇ ਹਨ। ਪੀਰ ਬਹਓਦੀਨ ਗੁਰੂ ਸਾਹਿਬ ਨੂੰ ਕਹਿੰਦਾ ਹੈ ਕਿ ਸੁਨਤ ਤੋਂ ਬਿਨਾਂ ਪ੍ਰਭੂ ਦੀ ਦਰਗਾਹ ਵਿਚ ਢੋਈ ਨਹੀਂ ਪਰ ਗੁਰੂ ਸਾਹਿਬ ਇਸ ਬਾਰੇ ਜੋ ਉਤਰ ਦੇਂਦੇ ਹਨ ਉਸ ਨਾਲ ਸਬੰਧਿਤ ਵਿਚਾਰ ਜਨਮ ਸਾਖੀ ਵਿਚ ਇਵੇਂ ਹਨ:

*ਸਚੀ ਸੁਨਤ ਰਬ ਦੀ ਮੁਇ (ਕੇਸ) ਲੈ ਆਇਆ ਨਾਲ*
*ਜੋ ਰਖੇ ਮੁਇ ਅਮਾਨਤੀ ਸੋ ਖਾਸਾ ਬੰਦਾ ਭਾਲ.......*
*ਅਵਲ ਸੁਨਤ ਮੁਇ ਹੈ ਸਿਰ ਪਰ ਰਖੇ ਜੋਇ*
*ਪਾਵੈ ਮੁਰਾਤਬ ਸਜਦੀ, ਵਡਾ ਰਖੀਸਰ ਹੋਇ।*
*ਰਖੇ ਮੂਏ ਹਲਾਲ* ਖਾਇ, ਨਿਕਟ ਹਰਾਮ ਨਾ ਜਾਇ*
*ਸਭ ਜਹਾਨ ਦੀ ਕੀ ਚਲੇ, ਤਿਸਤੇ ਡਰੇ ਖੁਦਾਇ।*

ਇਕ ਹੋਰ ਥਾਂ ਤੇ ਪੀਰ ਨੂੰ ਗੁਰੂ ਸਾਹਿਬ ਕਹਿੰਦੇ ਹਨ ਕਿ ਕੇਸਾਂ ਨੂੰ ਕਟਵਾ ਕੇ ਦੋਨੋਂ ਹਿੰਦੂ ਤੇ ਮੁਸਲਮਾਨ ਖਵਾਰ ਹੋ ਗਏ ਹਨ ਕਿਉਂਕਿ ਇਵੇਂ ਉਹ ਉਸ ਮੂਲ ਸਰੋਤ ਤੋਂ ਟੁਟ ਗਏ ਹਨ:

*ਆਖੀ ਨਾਨਕ ਸ਼ਾਹ ਸਚ, ਸੁਣਹੁ ਬਹਓਦੀਨ ਪੀਰ*
*ਹਿੰਦੂ ਮੁਸਲਮਾਨ ਦੁਇ ਸਿਰ ਗੁੰਮ ਥੀਏ ਜ਼ਹੀਰ।*

ਸਿੱਖੀ ਵਿਚ ਇਸ ਦਾਤ ਨੂੰ ਸੰਭਾਲਣ ਦੀ ਸਖਤ ਬੰਦਸ਼ ਹੈ ਤੇ ਗੁਰੂ ਦਾ ਸਿੱਖ ਕੇਸਾਂ ਦੀ ਕੀਮਤ ਜਾਣਦਾ ਹੈ। ਇਸ ਬਾਰੇ ਕਵੀ ਭੌਰਾ' ਕਹਿੰਦਾ ਹੈ :

*ਇਹ ਸ਼ਕ ਨਹੀਂ ਕਿ ਜ਼ਿੰਦਗੀ ਹੈ ਸਭ ਤੋਂ ਮਹਿੰਗਾ ਮਾਲ*
*ਪਰ ਜ਼ਿੰਦਗੀ ਤੋਂ ਵੀ ਕੀਮਤੀ ਹੈ ਸਿੰਘ ਦਾ ਇਕ ਇਕ ਵਾਲ*

ਆਓ ਇਸ ਨਜ਼ਰੀਏ ਨੂੰ ਸਾਹਮਣੇ ਰੱਖ ਕੇ ਆਪਣੇ ਬਚਿਆਂ ਨੂੰ ਆਪਣੇ ਬਹੁਮੁਲੇ ਵਿਰਸੇ ਨਾਲ ਜੋੜੀਏ, ਗੁਰਸਿਖੀ ਸ਼ਾਨ ਨਾਲ ਜੋੜੀਏ ਤੇ ਸਤਿਗੁਰਾਂ ਦੀਆਂ ਬੇਅੰਤ ਖੁਸ਼ੀਆਂ ਦੇ ਪਾਤਰ ਬਣੀਏ।



Sri Satguru Jagjit Singh Ji eLibrary NamdhariElibrary@gmail.com

# ਗੁਰੂ, ਗੁਰਬਾਣੀ ਤੇ ਕੇਸ

ਭਾਵੇਂ ਕੇਸ ਰੱਖਣ ਦੀ ਵਿਧੀ ਪੂਰਵਕ ਬੰਦਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸਿੰਘਾਂ ਉਤੇ ਲਗਾਈ ਪਰ ਅਗੇ ਦਿਤੇ ਗਏ ਹਵਾਲਿਆਂ ਤੋਂ ਸਪੱਸ਼ਟ ਤੌਰ ਤੇ ਪਤਾ ਲਗਦਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਵੀ ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖ ਮੁਖ ਕਰਕੇ ਕੇਸਾਧਾਰੀ ਹੀ ਹੁੰਦੇ ਸਨ। ਇਥੇ ਹੀ ਬਸ ਨਹੀਂ ਗੁਰੂ ਸਾਹਿਬਾਨ ਦੀ ਬਾਣੀ ਵਿਚ ਭਰਪੂਰ ਹਵਾਲੇ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਅਕਾਲਪੁਰਖ ਨੇ ਜਦ ਆਪਣਾ ਸਰਗੁਣ ਸਰੂਪ ਧਾਰਿਆ ਹੈ ਤਾਂ ਉਹ ਵੀ ਉਸਦਾ ਪੂਰਨ ਕੇਸਾ ਧਾਰੀ ਸਰੂਪ ਹੈ ਅਤੇ ਮਨੁਖ ਨੂੰ ਉਸ ਨੇ ਆਪਣੀ ਸ਼ਕਲ ਸੂਰਤ ਤੇ ਹੀ ਸਾਜਿਆ ਹੈ। ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੀ ਸੁਹਣੀ ਸੂਰਤ ਦਾ ਸ਼ਾਬਦਿਕ ਚਿਤਰਣ ਕਰਨ ਲਗਿਆਂ ਫਰਮਾਇਆ ਹੈ:

**'ਤੇਰੇ ਬੰਕੇ ਲੋਇਣ ਦੰਤ ਰੀਸਾਲਾ**
**ਸੋਹਣੇ ਨਕ ਜਿਨ ਲੰਮੜੇ ਵਾਲਾ'** (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਕ-567*)

ਇਸ ਦਾ ਭਾਵ ਇਹ ਹੋਇਆ ਕਿ ਵਾਹਿਗੁਰੂ ਸੁਹਣੀਆਂ ਅਖਾਂ, ਦੰਦਾਂ, ਨਕ ਤੇ ਸੁਹਣੇ ਕੇਸਾਂ ਵਾਲਾ ਹੈ। ਇਵੇਂ ਕੇਸ ਉਸ ਦੀ ਖੂਬਸੂਰਤੀ ਦਾ ਇਕ ਪ੍ਰਮੁਖ ਕਾਰਨ ਬਣਦੇ ਹਨ।

ਸ਼ਹੀਦ ਭਾਈ ਮਨੀ ਸਿੰਘ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ (ਜਿਹੜਾ ਉਨ੍ਹਾਂ ਦੀ ਸੰਗਤ ਵਿਚ ਲਗਪਗ ਸਾਰੀ ਉਮਰ ਰਿਹਾ) ਤਿੰਨ ਗਲਾਂ ਸਮਝਾਈਆਂ ਜਿਨ੍ਹਾਂ ਦੀ ਪ੍ਰਮੁਖਤਾ ਇਵੇਂ ਸੀ ਕਿ 1) ਉਹ ਆਪਣੇ ਕੇਸ ਨਾ ਕਟੇ, 2) ਅੰਮ੍ਰਿਤ ਵੇਲੇ ਉਠ ਕੇ ਸਿਮਰਨ ਕਰੇ ਤੇ 3) ਗਰਜ਼ਮੰਦਾਂ ਦੀ ਮਦਦ ਕਰੇ। (ਕੇਸ ਨਾ ਕਟਣ ਦੀ ਹਦਾਇਤ ਪਹਿਲੇ ਨੰਬਰ ਤੇ ਕੀਤੀ)। ਇਸ ਤੋਂ ਪਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਭਾਰਤੀ ਸਮਾਜ ਵਿਚ ਕੇਸਾਂ ਦੀ ਮਹਤਤਾ ਬਣਾਈ ਰਖਣ ਲਈ ਕਿਤਨੇ ਸੁਚੇਤ ਸਨ।

ਮਕੇ ਮਦੀਨੇ ਤੋਂ ਪਰਤ ਕੇ ਜਦ ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਜੀ ਸ਼ਿਕਾਰਪੁਰ ਅਪੜੇ ਤਾਂ ਇਕ ਆਜੜੀ ਨੂਰ ਨਿਸਤਾਰ ਦੇ ਦੁਧ ਪਲਾਉਣ ਤੇ ਭਾਈ ਮਰਦਾਨਾ ਉਸ ਤੇ ਖੁਸ਼ ਹੋਏ ਤੇ ਉਸ ਨੂੰ ਕਿਹਾ ਜੋ ਚਾਹੇਂ ਮੰਗ ਲੈ। ਉਸ ਕਿਹਾ ਕਿ ਮੈਨੂੰ ਰਬ ਨਾਲ ਮਿਲਾ ਦਿਓ। ਮਰਦਾਨਾ ਜੀ ਨੇ ਉਸ ਲਈ ਜਿਹੜੀ ਜੁਗਤ ਦਸੀ ਉਸ ਵਿਚ ਉਨ੍ਹਾਂ ਹੀ ਤਿੰਨ ਨੁਕਤਿਆਂ ਤੇ ਜ਼ੋਰ ਦਿਤਾ ਗਿਆ ਜੋ ਕਿਸੇ ਸਮੇਂ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਅਪਨਾਉਣ ਲਈ ਕਹੀਆਂ ਸਨ ਭਾਵ ਇਹ ਕਿ ਪਹਿਲੇ ਸਿਰ ਤੇ ਕੇਸ ਰਖਣਾ, ਦੂਜਾ ਪਿਛਲੀ ਰਾਤ ਉਠ ਕੇ ਵਾਹਿਗੁਰੂ ਨਾਮ ਦਾ ਜਾਪ ਕਰਨਾ ਅਤੇ ਤੀਜਾ ਸੰਤਾਂ ਸਾਧਾਂ ਦੀ ਟਹਿਲ ਸੇਵਾ ਕਰਨੀ। ਸੋ ਪਹਿਲੀ ਤਾਕੀਦ ਉਨ੍ਹਾਂ ਨੇ ਵੀ ਸਿਰ ਤੇ ਕੇਸ ਰਖਣ ਦੀ ਹੀ ਕੀਤੀ।

ਗੁਰੂ ਨਾਨਕ ਦੇਵ ਜੀ ਦਾ ਕੇਸਾਂ ਪ੍ਰਤੀ ਦ੍ਰਿਸ਼ਟੀਕੋਨ ਨਿਮਨ ਲਿਖਤ ਤੋਂ ਵੀ ਭਲੀ ਭਾਂਤ ਪਤਾ ਲਗ ਜਾਂਦਾ ਹੈ:

ਦੇਸ਼ਾਂ ਪਰਦੇਸਾਂ ਵਿਚ ਰਹਿੰਦੇ ਗੁਰੂ ਨਾਨਕ ਦੇਵ ਜੀ ਦੇ ਉਪਾਸ਼ਕ ਆਪਣੇ ਕੇਸਾਂ ਦਾ ਪੂਰਾ ਪੂਰਾ ਸਤਿਕਾਰ ਕਰਦੇ ਹਨ ਤੇ ਉਨ੍ਹਾਂ ਦੇ ਕੇਸਾਧਾਰੀ ਹੋਣ ਦੇ ਪ੍ਰਮਾਣ ਵੀ

---

*ਸਾਰੀ ਪੁਸਤਕ ਵਿੱਚ ਅੰਕ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਦੇ ਅੰਕ ਤੋਂ ਹੈ



Sri Satguru Jagjit Singh Ji eLibrary NamdhariElibrary@gmail.com

ਮਿਲਦੇ ਹਨ। ਜਿਵੇਂ ਭੂਟਾਨ ਤੇ ਤਿਬਤ ਦੀ ਸੀਮਾ ਦੇ ਨਾਲ ਇਕ ਕਸਬਾ 'ਭੂਤਨ' ਨਾਮ ਦਾ ਹੈ ਜਿਥੇ ਗੁਰੂ ਨਾਨਕ ਦੇਵ ਜੀ ਚੀਨ ਤੋਂ ਤਿਬਤ ਰਾਹੀਂ ਪਰਤਦੇ ਸਮੇਂ ਠਹਿਰੇ। ਉਥੇ ਉਨ੍ਹਾਂ ਦੀ ਸਿਖੀ ਅੱਜ ਵੀ ਕਾਇਮ ਹੈ। ਉਸ ਕਸਬੇ ਦੀ ਆਬਾਦੀ 14 ਹਜ਼ਾਰ ਹੈ। ਉਥੇ ਦੇ ਵਸਨੀਕ ਕਾਮੇ ਸਾਰੇ ਦੇ ਸਾਰੇ ਕੇਸਾਧਾਰੀ ਹਨ। ਉਥੇ ਸਟੂਪਾ ਨਾਂ ਦਾ ਮੰਦਰ ਵੀ ਹੈ। ਬਹੁਤੇ ਪੁਰਾਣੇ ਤਿਬਤੀ ਬੋਧੀ ਗੁਰੂ ਨਾਨਕ ਸਾਹਿਬ ਨੂੰ ਆਪਣਾ 'ਲਾਮਾ' ਸਮਝ ਕੇ ਸਤਿਕਾਰਦੇ ਸਨ ਤੇ ਹੁਣ ਵੀ ਕਈ ਅਜਿਹਾ ਕਰਦੇ ਹਨ।

ਗੰਗਟੋਕ ਤੋਂ ਜੁਗ ਬਾਂਗਾ ਤੇ ਉਥੋਂ 350 ਕਿਲੋਮੀਟਰ ਅਗੇ ਗੁਰੂ ਕਾਂਬਾ ਸਰੋਵਰ ਹੈ ਜਿਹੜਾ ਗੁਰੂ ਨਾਨਕ ਦੇਵ ਜੀ ਦੀ ਯਾਦ ਨਾਲ ਸਬੰਧਿਤ ਹੈ ਤੇ ਜਿਸਦਾ ਅਰਥ ਹੈ (ਗੁਰੂ ਦਾ ਅੰਮ੍ਰਿਤ)। ਇਹ ਜਗ੍ਹਾ ਸਮੁੰਦਰ ਤੋਂ 18223 ਫੁੱਟ ਉਚੀ ਹੈ ਤੇ ਬਹੁਤ ਸਰਦੀ ਹੋਣ ਕਾਰਨ ਸਰਦੀਆਂ ਵਿਚ ਝੀਲ ਜੰਮ ਜਾਂਦੀ ਸੀ। ਜਦ ਗੁਰੂ ਸਾਹਿਬ ਉਧਰੋਂ ਲੰਘੇ ਤਾਂ ਉਥੇ ਦੇ ਲੋਕਾਂ ਨੇ ਬੇਨਤੀ ਕੀਤੀ ਕਿ ਝੀਲ ਦੇ ਜੰਮ ਜਾਣ ਕਾਰਨ ਉਨ੍ਹਾਂ ਨੂੰ ਪਾਣੀ ਲਈ ਬਹੁਤ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਲਈ ਉਨ੍ਹਾਂ ਦੀ ਇਸ ਦਿਕਤ ਤੋਂ ਛੁਟਕਾਰੇ ਲਈ ਕੁਝ ਮਿਹਰ ਕਰੋ। ਗੁਰੂ ਜੀ ਨੇ ਆਪਣੇ ਸੇਵਕਾਂ ਦੀ ਬੇਨਤੀ ਪਰਵਾਨ ਕਰਦੇ ਹੋਏ ਮਾਲਾ ਤੋੜ ਕੇ ਉਸ ਦੇ ਮਣਕੇ ਉਸ ਜਗ੍ਹਾ ਤੇ ਸੁਟੇ ਤੇ ਪਲਾਂ ਪਲਾਂ ਵਿਚ ਝੀਲ ਦਾ ਪਾਣੀ ਪਿਘਲ ਗਿਆ ਤੇ ਫਿਰ ਕਦੀ ਨਹੀਂ ਜੰਮਿਆ। ਗੁਰੂ ਸਾਹਿਬ ਦੇ ਇਸ ਉਪਕਾਰ ਸਦਕਾ ਉਥੇ ਦੇ ਲੋਕੀ ਅਜ ਵੀ ਗੁਰੂ ਸਾਹਿਬ ਦੇ ਜਸ ਗਾਉਂਦੇ ਹਨ, ਉਹ ੧ੳ ਨੂੰ ਜਾਣਦੇ ਹਨ ਅਤੇ ਗੁਰੂ ਨਾਨਕ ਸਾਹਿਬ ਦੇ ਉਪਾਸ਼ਕ ਹੋਣ ਕਾਰਨ ਕੇਸਾਧਾਰੀ ਹਨ। ਗੁਰੂ ਪਾਤਸ਼ਾਹ ਦੀ ਯਾਦ ਵਿਚ ਉਥੇ ਸਦੀਆਂ ਤੋਂ ਅਖੰਡ ਜੋਤ ਜਗ ਰਹੀ ਹੈ ਜਿਸ ਵਿਚ ਗਊ ਦੇ ਦੁੱਧ ਦਾ ਘਿਉ ਪੈਂਦਾ ਹੈ। 40, 50 ਹਜ਼ਾਰ ਯਾਤਰੂ ਹਰ ਸਾਲ ਸ਼ਰਧਾ ਅਰਪਤ ਕਰਨ ਲਈ ਉਥੇ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਸਪੁਤਰ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਮਤ ਚਲਾਇਆ ਅਤੇ ਉਨ੍ਹਾਂ ਨੇ ਵੀ ਆਪਣੇ ਸ਼ਰਧਾਲੂਆਂ ਨੂੰ ਸਖਤ ਹਦਾਇਤ ਕੀਤੀ ਸੀ ਕਿ ਉਹ ਕੇਸਾਂ ਦਾ ਸਤਿਕਾਰ ਕਰਦੇ ਹੋਏ ਇਨ੍ਹਾਂ ਨੂੰ ਨਾ ਕਟਾਉਣ। ਦਰਅਸਲ ਸਿੱਖ ਗੁਰੂ ਸਾਹਿਬਾਨ ਨੇ ਕੇਸ ਰੱਖਣ ਦੀ ਹਦਾਇਤ ਜ਼ਰੂਰ ਕੀਤੀ ਅਤੇ ਨਾਲ ਹੀ ਇਹ ਵੀ ਦਸਿਆ ਕਿ ਇਨ੍ਹਾਂ ਨੂੰ ਕਟਣਾ ਕੁਦਰਤੀ ਸੁਭਾਅ ਦੇ ਵਿਪਰੀਤ ਹੈ ਇਸ ਲਈ ਇਨ੍ਹਾਂ ਦਾ ਕਟਣਾਂ ਗ਼ਲਤ ਹੈ।

ਗੁਰੂ ਅਮਰਦਾਸ ਜੀ ਆਪਣੇ ਮੁਖਾਰਬਿੰਦ ਤੋਂ ਸਲੋਕ ਤੇ ਵਧੀਕ ਵਿਚ ਦਾਹੜੀਆਂ ਬਾਰੇ ਫਰਮਾਉਂਦੇ ਹਨ :

**ੳ) ਸੈ ਦਾੜੀਆ ਸਚੀਆ ਜਿ ਗੁਰ ਚਰਨੀ ਲਗੰਨ੍ਹਿ।**
**ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ।** (ਅੰਕ-1419)
**ਅ) ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ।** (ਅੰਕ-1419)

ਗੁਰਬਾਣੀ ਵਿਚ ਆਏ ਕੇਸਾਂ ਦੇ ਹਵਾਲਿਆਂ ਤੋਂ ਇਲਾਵਾ ਇਹ ਲਿਖਦਿਆਂ ਵੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਗੁਰੂ ਅਮਰਦਾਸ ਜੀ ਦੇ ਪਵਿੱਤਰ ਕੇਸ ਗੋਇੰਦਵਾਲ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਅਜ ਵੀ ਉਪਲਬਧ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਮੁਬਾਰਕ ਰੋਮ ਮਹਾਰਾਜਾ ਨਾਭਾ ਦੇ ਖਾਨਦਾਨ ਪਾਸ ਸੁਰਖਿਅਤ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਦੇ ਪਾਵਨ ਕੇਸ ਗੁਰਦਵਾਰਾ ਨਾਥ ਸਿੰਘ ਨੁਸ਼ਹਿਰਾ ਪਨੂੰਆਂ ਵਿਚ ਵੀ ਬੜੇ ਅਦਬ ਸਤਿਕਾਰ ਨਾਲ ਸੰਭਾਲ ਕੇ ਰਖੇ ਹੋਏ ਹਨ ਜਿਨ੍ਹਾਂ ਦੇ



Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਕਰਕੇ ਸੰਗਤਾਂ ਆਪਣੇ ਗੁਰੂ ਸਾਹਿਬ ਦੇ ਅਦਭੁਤ ਸਤਿਕਾਰ ਵਿਚ ਸੀਸ ਨਿਵਾਂਦੀਆਂ ਤੇ ਗੁਰੂ ਦੀਆਂ ਮਿਹਰਾਂ ਦੀਆਂ ਪਾਤਰ ਬਣਦੀਆਂ ਹਨ।

ਗੁਰੂ ਰਾਮਦਾਸ ਜੀ ਨੇ **'ਕੇਸਾ ਕਾ ਕਰਿ ਚਵਰੁ ਢੁਲਾਵਾ'** ਆਖ ਕੇ ਇਨ੍ਹਾਂ ਦੀ ਪ੍ਰਤਿਭਾ ਵਧਾ ਦਿੱਤੀ। ਗੁਰੂ ਹਰਿ ਰਾਇ ਜੀ ਦੇ ਮਨ ਵਿਚ ਕੇਸਾਂ ਦੇ ਸਤਿਕਾਰ ਦੀ ਭਾਵਨਾ ਨਿਮਨ ਬਿਰਤਾਂਤ ਤੋਂ ਭਲੀ ਭਾਂਤ ਸਪੱਸ਼ਟ ਹੋ ਕੇ ਸਾਹਮਣੇ ਆਉਂਦੀ ਹੈ। ਗੁਰੂ ਜੀ ਪਾਸ ਭਾਈ ਹਕੀਕਤ ਰਾਇ ਜੀ ਦੇ ਦਾਦਾ ਭਾਈ ਨੰਦ ਲਾਲ ਜੀ ਪੁਰੀ ਪਿੰਡ ਗਲੋਟੀਆ ਖੁਰਦ ਵਾਲੇ ਦਰਸ਼ਨਾਂ ਲਈ ਆਏ। ਜਦ ਭਾਈ ਨੰਦ ਲਾਲ ਜੀ ਨੇ ਸਤਵੇਂ ਪਾਤਸ਼ਾਹ ਪਾਸੋਂ ਉਪਦੇਸ਼ ਮੰਗਿਆ ਤਾਂ ਗੁਰੂ ਜੀ ਨੇ ਫਰਮਾਇਆ, 'ਇਕ ਕੇਸ ਨਾ ਕਟਾਉਣੇ, ਦੂਜੇ ਤੰਬਾਕੂ ਨਾ ਪੀਣਾ।' ਇਵੇਂ ਨਿਸਚੇ ਹੀ ਇਸ ਫੁਰਮਾਨ ਨਾਲ ਗੁਰੂ ਹਰਿ ਰਾਇ ਜੀ ਨੇ ਕੇਸਾਂ ਦੇ ਸਤਿਕਾਰ ਨੂੰ ਹੋਰ ਉਭਾਰਿਆ ਅਤੇ ਇਵੇਂ ਸਿਖੀ ਮਹਿਲ ਦੀ ਉਸਾਰੀ ਨੂੰ ਹੋਰ ਪ੍ਰਪੱਕ ਕਰ ਦਿੱਤਾ।

ਅੱਜ ਦੇ ਸਾਇੰਸਦਾਨ ਤੇ ਡਾਕਟਰ ਚੀਖ ਚੀਖ ਕੇ ਕਹਿ ਰਹੇ ਹਨ ਕਿ ਸਿਗਰਟ ਜਾਂ ਤਮਾਕੂ ਨੋਸ਼ੀ ਸਿਹਤ ਲਈ ਸਖਤ ਹਾਨੀਕਾਰਕ ਹੈ ਕਿਉਂਕਿ ਇਹ ਲਤ ਕੈਂਸਰ ਅਤੇ ਦਮੇ ਵਰਗੀਆਂ ਨਾ-ਮੁਰਾਦ ਬੀਮਾਰੀਆਂ ਨੂੰ ਦਾਹਵਤ ਦੇਂਦੀ ਹੈ। ਇਸ ਮਾਮਲੇ ਵਿਚ ਅਮਰੀਕਾ ਵਿਚ ਹੋਈ ਖੋਜ ਨੇ ਇਹ ਵੀ ਸਾਬਤ ਕਰ ਦਿਤਾ ਹੈ ਕਿ Second hand smokers or Passive smokers ਭਾਵ ਉਨ੍ਹਾਂ ਵਿਅਕਤੀਆਂ ਨੂੰ ਵੀ ਗੰਭੀਰ ਬੀਮਾਰੀਆਂ ਲਗ ਸਕਦੀਆਂ ਹਨ ਜੋ ਖੁਦ ਤਾਂ ਸਿਗਰਟ ਤਮਾਕੂ ਨਹੀਂ ਪੀਂਦੇ ਪਰ ਉਸ ਵਾਤਾਵਰਣ ਵਿਚ ਰਹਿੰਦੇ ਹਨ ਜਿਥੇ ਸਿਗਰਟ ਦਾ ਧੂੰਆਂ ਉਨ੍ਹਾਂ ਨੂੰ ਮਜਬੂਰਨ ਸੁੰਘਣਾ ਪੈਂਦਾ ਹੈ। ਆਪਣੇ ਘਰਾਂ ਵਿਚ ਸਿਗਰਟ ਪੀਣ ਵਾਲੇ ਮਾਂ-ਬਾਪ ਇਵੇਂ ਕਰਕੇ ਆਪਣਾ ਨੁਕਸਾਨ ਤਾਂ ਕਰ ਹੀ ਰਹੇ ਹਨ ਪਰ ਨਾਲ ਹੀ ਆਪਣੇ ਮਾਸੂਮ ਬੱਚਿਆਂ ਦੀਆਂ ਜ਼ਿੰਦਗੀਆਂ ਨਾਲ ਵੀ ਖੇਡ ਰਹੇ ਹਨ ਜੋ ਉਨ੍ਹਾਂ ਪਾਸ ਰਹਿੰਦੇ ਹਨ। ਇਸ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਅਮਰੀਕਾ, ਕੈਨੇਡਾ ਦੀਆਂ ਸਰਕਾਰਾਂ ਨੇ ਜਨਤਕ ਥਾਵਾਂ ਤੇ ਸਿਗਰਟ ਪੀਣ ਦੀ ਸਖ਼ਤ ਮਨਾਹੀ ਕਰ ਦਿਤੀ ਹੈ। ਹੁਣ ਤਾਂ ਭਾਰਤ ਸਰਕਾਰ ਨੇ ਵੀ ਇਸ ਸਿਲਸਿਲੇ ਵਿਚ ਅਜਿਹਾ ਹੀ ਆਦੇਸ਼ ਲਾਗੂ ਕਰਕੇ ਇਕ ਸੁਚੱਜੀ ਪਹਿਲ-ਕਦਮੀ ਕੀਤੀ ਹੈ। ਪਰ ਅੱਜ ਤੋਂ ਸੈਂਕੜੇ ਸਾਲ ਪਹਿਲਾਂ ਜਿਵੇਂ ਸਾਡੇ ਗੁਰੂ ਸਾਹਿਬਾਨ ਨੇ ਕੇਸਾਂ ਦੇ ਸਤਿਕਾਰ ਦੀ ਤਾਕੀਦ ਕੀਤੀ ਹੈ ਉਵੇਂ ਹੀ ਸਿਗਰਟ ਨੋਸ਼ੀ ਤੋਂ ਬਚਣ ਲਈ ਤਾੜਨਾ ਵੀ ਕੀਤੀ ਹੈ।

ਸਿਗਰਟ, ਜਿਸ ਨੂੰ ਜਗਤ ਜੂਠ ਕਿਹਾ ਗਿਆ ਹੈ, ਪੀਣਾ ਹਰ ਪ੍ਰਕਾਰ ਨਾਲ ਨੁਕਸਾਨਦੇਹ ਹੋਣ ਕਾਰਨ ਸਿੱਖਾਂ ਨੂੰ ਇਹ ਹੁਕਮ ਕੀਤਾ ਗਿਆ ਕਿ ਉਨ੍ਹਾਂ ਨੇ ਇਸ ਨੂੰ ਗਲਤੀ ਨਾਲ ਵੀ ਹਥ ਨਹੀਂ ਲਗਾਣਾ ਤੇ ਜੇ ਵਿਸਰ ਭੋਲੇ ਵਿਚ ਸਿਗਰਟ ਬੀੜੀ ਨੂੰ ਹੱਥ ਲਗ ਵੀ ਜਾਵੇ ਤਾਂ ਤੁਰੰਤ ਹੱਥ ਚੰਗੀ ਤਰ੍ਹਾਂ ਸਾਬਣ ਆਦਿ ਮਲਕੇ ਧੋਣੇ ਹਨ। ਇਸ ਸਾਰੇ ਕੁਝ ਪਿਛੇ ਮਨਸ਼ਾ ਇਹੀ ਸੀ ਕਿ ਗੁਰੂ ਸਾਹਿਬਾਨ ਜਿਸ ਖਾਲਸੇ ਦੀ ਸਿਰਜਨਾ ਕਰਨਾ ਚਾਹੁੰਦੇ ਸਨ ਉਸ ਨੂੰ ਉਹ ਕਿਸੇ ਐਬ ਵਿਚ ਗਰਸਿਆ ਨਹੀਂ ਸਨ ਵੇਖਣਾ ਚਾਹੁੰਦੇ ਸਗੋਂ ਉਸ ਨੂੰ ਸਰੀਰ ਵਲੋਂ ਸ਼ਕਤੀਸ਼ਾਲੀ, ਮਨ ਵਲੋਂ ਮਜ਼ਬੂਤ, ਸ਼ੁਭ ਕਰਮਾਂ ਵਲੋਂ ਸੁਦ੍ਰਿੜ, ਸਿਦਕਵਾਨ, ਦਿਆਵਾਨ ਤੇ ਕਰਮਯੋਗੀ ਸਿਰਜਣਾ ਚਾਹੁੰਦੇ ਸਨ ਜੋ ਸਭ ਤੋਂ ਨਿਆਰਾ ਹੋਵੇ ਤੇ ਆਪਣੇ ਅਦੁਤੀ ਗੁਣਾਂ ਸਦਕਾ ਸਭ ਨੂੰ ਪਿਆਰਾ ਲਗੇ। ਇਸੇ ਲਈ ਉਸ ਨੂੰ ਕੇਸਾਂ ਦੀ ਦਾਤ ਬਖਸ਼ੀ ਗਈ ਤੇ ਉਤਮ ਢੰਗ ਨਾਲ ਸੰਭਾਲਣ ਦੀ



Sri Satguru Jagjit Singh Ji eLibrary NamdhariElibrary@gmail.com

ਤਾਕੀਦ ਵੀ ਕੀਤੀ ਗਈ। ਜੇ ਸਿਖ ਇਤਿਹਾਸ ਨਾਲ ਸਬੰਧਤ ਪੁਰਾਤਨ ਪ੍ਰਮੁਖ ਹਸਤੀਆਂ ਵਲ ਝਾਤੀ ਮਾਰੀ ਜਾਵੇ ਤਾਂ ਇਹ ਜਾਣ ਕੇ ਖ਼ੁਸ਼ੀ ਹੁੰਦੀ ਹੈ ਕਿ ਉਹ ਪੂਰਨ ਕੇਸਾਧਾਰੀ ਗੁਰਸਿਖ ਹਨ। ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਘਨੱਈਆ ਜੀ, ਬਾਬਾ ਬੁਢਾ ਜੀ, ਭਾਈ ਬਨੋ ਜੀ ਦੇ ਨਾਂ ਇਸ ਸਿਲਸਿਲੇ ਵਿਚ ਵਿਸ਼ੇਸ਼ ਤੌਰ ਤੇ ਲਏ ਜਾ ਸਕਦੇ ਹਨ। ਕੇਸਾਂ ਵਾਲੇ ਅੰਮ੍ਰਿਤਧਾਰੀ ਸਿਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸਿੰਘਾਂ' ਦੀ ਉਪਾਧੀ ਦਿਤੀ ਜਿਹੜੇ ਮੈਦਾਨਿ-ਜੰਗ ਵਿਚ ਸਿੰਘਾਂ ਵਾਂਗਰ ਗਰਜਦੇ ਤੇ ਯੁੱਧ ਵਿਚ ਦੁਸ਼ਮਣਾਂ ਦੇ ਛਕੇ ਛੁਡਾਂਦੇ। 'ਸਿੰਘ' ਸ਼ੇਰ ਨੂੰ ਕਹਿੰਦੇ ਹਨ ਅਤੇ ਬਬਰ ਸ਼ੇਰ ਹੀ ਇਕ ਅਜਿਹਾ ਬਹਾਦਰ ਜਾਨਵਰ ਹੈ ਜਿਸ ਦੇ ਸਿਰ ਤੇ ਵਾਲ ਹਨ।) ਗੁਰੂ ਦੇ ਸਿੰਘਾਂ ਵਿਚ ਇਹ ਸ਼ਕਤੀ ਅੱਜ ਵੀ ਭਰਵੀਂ ਮਾਤਰਾ ਵਿਚ ਮੌਜੂਦ ਹੈ ਜਿਸ ਦੇ ਦਰਸ਼ਨ 1962 ਦੀ ਚੀਨ ਜੰਗ, 1948, 1965 ਤੇ 1971 ਦੀਆਂ ਪਾਕ ਜੰਗਾਂ ਅਤੇ ਕਾਰਗਿਲ ਦੀ 1999 ਦੀ ਜੰਗ ਦੌਰਾਨ ਸਭ ਨੂੰ ਭਲੀ ਪਰਕਾਰ ਹੋਏ ਹਨ।

ਸਿੱਖ ਸਮਾਜ ਅਤੇ ਗੁਰਬਾਣੀ ਵਿਚ ਕੇਸਾਂ ਨੂੰ ਇਤਨਾ ਪਵਿੱਤਰ, ਉਤਮ ਤੇ ਬਹੁਮੁੱਲਾ ਦਰਸਾਇਆ ਗਿਆ ਹੈ ਕਿ ਇਨ੍ਹਾਂ ਨਾਲ ਅਕਾਲ ਪੁਰਖ ਨੂੰ ਚਵਰ ਕਰਨਾ ਹੀ ਸ਼ੋਭਦਾ ਹੈ। ਸਿੱਖ ਲਈ ਕੇਸਾਂ ਦੀ ਮਹੱਤਤਾ ਦਾ ਵਰਨਣ ਸ਼ਬਦਾਂ ਵਿਚ ਕਰਨਾ ਔਖਾ ਹੈ। ਰਹਿਤਾਂ, ਕੁਰਹਿਤਾਂ ਵਿਚ ਕੇਸਾਂ ਦਾ ਖਿਆਲ ਰੱਖਣ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ਣ ਸਮੇਂ ਕੇਸਾਂ ਨੂੰ ਪੰਜ ਕਕਾਰਾਂ ਵਿਚੋਂ ਪ੍ਰਥਮ ਕਕਾਰ ਦਾ ਰੁਤਬਾ ਬਖਸ਼ਿਆ ਹੈ। ਕੇਸਾਂ ਦੀ ਸੰਭਾਲ ਲਈ ਇਨ੍ਹਾਂ ਨੂੰ ਦਸਤਾਰ ਨਾਲ ਢੱਕ ਕੇ ਰੱਖਣ ਲਈ ਗੁਰੂ ਸਾਹਿਬ ਨੇ ਤਾਕੀਦ ਵੀ ਕੀਤੀ।

***ਨਿਸ਼ਾਨੇ ਸਿਖੀ ਈਂ ਪੰਜ ਹਰਫਿ ਕਾਫ।।***
***ਹਰਗਿਜ਼ ਨਾ ਬਾਸ਼ਦ ਪੰਜ ਮੁਆਫ।।***
***ਕੜਾ, ਕਾਰਦੋ, ਕਛ, ਕੰਘਾ ਬਿਦਾਂ।।***
***ਬਿਨਾਂ ਕੇਸ, ਹੇਚ ਅਸਤੂ ਜੁਲਮਾ ਨਿਸ਼ਾਂ।।***

ਉਪਰਲੀਆਂ ਪੰਗਤੀਆਂ ਤੋਂ ਸਿੱਖ ਲਈ ਕੇਸਾਂ ਦੀ ਮਹੱਤਤਾ ਦਾ ਭਲੀ ਭਾਂਤ ਪ੍ਰਗਟਾਵਾ ਹੁੰਦਾ ਹੈ।

## ਕੰਘੇ ਰਾਹੀਂ ਬਾਹਰ ਨਿਕਲੇ ਰੋਮਾਂ ਦਾ ਨਿਪਟਾਰਾ

ਇਹ ਠੀਕ ਹੈ ਕਿ ਕੁਝ ਅੰਮ੍ਰਿਤਧਾਰੀ ਸੱਜਣ ਕੰਘੇ ਵਿਚੋਂ ਨਿਕਲੇ ਰੋਮਾਂ ਨੂੰ ਬੜੀ ਚੰਗੀ ਤਰ੍ਹਾਂ ਸੰਭਾਲ ਕੇ ਰਖਦੇ ਹਨ। ਜਦ ਇਕਠੇ ਹੋ ਜਾਣ ਤਾਂ ਉਨ੍ਹਾਂ ਦਾ ਬੜੇ ਅਦਬ ਨਾਲ ਸਸਕਾਰ ਕਰਦੇ ਹਨ ਜਾਂ ਧਰਤੀ ਵਿਚ ਦਫਨ ਕਰਦੇ ਹਨ ਜਾਂ ਫਿਰ ਜਲ ਪਰਵਾਹ ਕਰ ਦੇਂਦੇ ਹਨ ਪਰ ਆਮ ਲੋਕੀ ਕੰਘਾ ਕਰਨ ਮਗਰੋਂ ਨਿਕਲੇ ਰੋਮਾਂ ਨੂੰ ਕੂੜੇ ਕਰਕਟ ਵਿਚ ਸੁਟ ਕੇ ਉਹਨਾਂ ਦਾ ਨਿਪਟਾਰਾ ਕਰ ਦਿੰਦੇ ਹਨ। ਕੇਸਾਂ ਵਰਗੀ ਪਵਿੱਤਰ ਦਾਤ ਦਾ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਦੇ ਛਟੇ ਲਾ ਕੇ ਪਵਿੱਤਰ ਪੁਨੀਤ ਕੀਤਾ ਹੈ, ਇਵੇਂ ਨਿਪਟਾਰਾ ਕਿਸੇ ਵਲੋਂ ਵੀ ਨਹੀਂ ਸੋਭਦਾ ਪਰ ਸਿੱਖ ਵਲੋਂ ਅਜਿਹਾ ਕਰਨਾ ਤਾਂ ਉਕਾ ਹੀ ਮੁਨਾਸਬ ਨਹੀਂ। **ਕਿਸੇ ਵੀ ਸਿੱਖ ਲਈ ਕੇਸ ਸਿਰਫ ਵਾਲ ਨਹੀਂ ਹਨ, ਇਨ੍ਹਾਂ ਵਿਚ ਸਾਡੀ ਸੂਰਮਗਤੀ, ਸ਼ਾਨ, ਇਜ਼ਤ, ਸਤਿਕਾਰ, ਚੜ੍ਹਦੀਕਲਾ ਦੇ ਗੁਣ ਸੰਚਤ ਹਨ। ਇਹ ਕੇਸ ਇਨ੍ਹਾਂ ਵਡ-ਮੁਲੇ ਗੁਣਾਂ ਦੇ ਮਾਲਕ**


Sri Satguru Jagjit Singh Ji eLibrary NamdhariElibrary@gmail.com

ਹਨ ਤੇ ਸੂਚਕ ਚਿੰਨ੍ਹ ਵੀ। ਇਹ ਸਿੱਖ ਦੇ ਸਰੀਰ ਦੇ ਸੂਰਮੇ ਹਨ। ਕੌਣ ਅਜਿਹਾ ਵਿਅਕਤੀ ਹੋ ਸਕਦਾ ਹੈ ਜੋ ਜੀਂਦੇ ਸੂਰਮਿਆਂ ਦਾ ਤਾਂ ਸਤਿਕਾਰ ਕਰੇ ਪਰ ਮਰ ਜਾਣ ਤੇ ਉਨ੍ਹਾਂ ਨੂੰ ਗੰਦ ਦੇ ਢੇਰ ਤੇ ਸੁਟ ਦੇਵੇ। ਇਹ ਅਕਿਰਤਘਣਤਾ ਹੈ, ਨਾ-ਸਮਝੀ ਨਹੀਂ। ਜਿਨ੍ਹਾਂ ਕੇਸਾਂ ਨੇ ਆਪਣੇ ਜੀਵਤ ਕਾਲ ਵਿਚ ਅੰਮ੍ਰਿਤ ਦੀ ਦਾਤ ਦਾ ਅਨੰਦ ਮਾਣਿਆ ਹੋਵੇ ਉਨ੍ਹਾਂ ਨੂੰ ਨਿਰਜਿੰਦ ਹੋ ਜਾਣ ਤੇ ਲੋਕਾਂ ਦੇ ਪੈਰਾਂ ਹੇਠਾਂ ਆਉਣ ਲਈ ਸੁਟ ਦੇਣਾ ਕਿਤਨਾ ਬਜਰ ਪਾਪ ਹੈ। ਇਹ ਇਖਲਾਕੀ ਅਨਿਆਂ ਵੀ ਹੈ ਜੋ ਸਿੱਖ ਦੇ ਹਥੋਂ ਆਪਣੇ ਗੁਰੂ ਦੀ ਮੋਹਰ ਅਤੇ ਮਿਹਰ ਕੇਸਾਂ ਬਾਰੇ ਕਦਾਚਿਤ ਨਹੀਂ ਹੋਣਾ ਚਾਹੀਦਾ। ਜੋ ਕੇਸਾਂ ਦਾ ਸਤਿਕਾਰ ਨਹੀਂ ਕਰਦੇ ਉਨ੍ਹਾਂ ਨੂੰ ਕੁਝ ਕਹਿਣਾ ਜ਼ਰੂਰੀ ਨਹੀਂ ਬਣਦਾ ਪਰ ਜੋ ਕਰਦੇ ਹਨ ਉਨ੍ਹਾਂ ਨੂੰ ਤਾਂ ਇਨ੍ਹਾਂ ਦਾ ਇਤਨਾ ਸਤਿਕਾਰ ਕਰਨਾ ਚਾਹੀਦਾ ਹੈ ਕਿ ਮੁਨਕਰਾਂ ਨੂੰ ਵੀ ਦੇਖ ਕੇ ਕੁਝ ਅਹਿਸਾਸ ਹੋਵੇ ਤੇ ਉਨ੍ਹਾਂ ਨੂੰ ਵੀ ਇਕ ਝੰਜੋੜਾ ਲਗੇ, ਝਟਕਾ ਲਗੇ ਕਿ ਮਰੇ ਹੋਏ ਕੇਸ ਵੀ ਕਿਤਨੇ ਵਡੇ ਮਾਣ ਸਤਿਕਾਰ ਦੇ ਹਕਦਾਰ ਹਨ ਤੇ ਅਸੀਂ ਇਨ੍ਹਾਂ ਜੀਉਂਦੇ ਰੋਮਾਂ ਨਾਲ ਕਿਹੋ ਜਿਹਾ ਸਲੂਕ ਕਰ ਰਹੇ ਹਾਂ। ਇਸ ਲਈ ਜਿਥੇ ਕੇਸ ਰਖਣ ਬਾਰੇ, ਉਨ੍ਹਾਂ ਦੀ ਯੋਗ ਸੰਭਾਲ ਬਾਰੇ ਸਾਨੂੰ ਪੂਰੀ ਪੂਰੀ ਸੁਚੇਤਤਾ ਵਰਤਣੀ ਚਾਹੀਦੀ ਹੈ ਉਥੇ ਸਾਨੂੰ ਕੰਘਾ ਕਰਕੇ ਬਾਹਰ ਨਿਕਲੇ ਕੇਸ਼ਾਂ ਦੇ ਸਤਿਕਾਰੀ ਨਿਪਟਾਰੇ ਬਾਰੇ ਵੀ ਕੋਈ ਇਕ ਠੋਸ ਜ਼ਾਬਤਾ ਜ਼ਰੂਰ ਨਿਸ਼ਚਤ ਕਰਨਾ ਚਾਹੀਦਾ ਹੈ।

ਜਿਵੇਂ ਬਿਰਧ ਬੀੜਾਂ ਤੇ ਗੁਰਬਾਣੀ ਗੁਟਕਿਆਂ, ਪੋਥੀਆਂ ਨੂੰ ਅਸੀਂ ਸਤਿਕਾਰ ਨਾਲ ਅਗਨ ਭੇਂਟ ਕਰਦੇ ਹਾਂ ਇਵੇਂ ਸਾਨੂੰ ਕੇਸਾਂ ਬਾਰੇ ਵੀ ਕੋਈ ਜੁਗਤ ਅਪਨਾਉਣੀ ਚਾਹੀਦੀ ਹੈ। ਘਰਾਂ ਵਿਚ ਇਨ੍ਹਾਂ ਨੂੰ ਪੂਰੀ ਮਰਿਯਾਦਾ ਨਾਲ ਸੰਭਾਲਿਆ ਜਾਣਾ ਚਾਹੀਦਾ ਹੈ। ਫਿਰ ਕਿਸੇ ਇਕ ਅਸਥਾਨ ਤੇ ਇਨ੍ਹਾਂ ਨੂੰ ਇਕੱਤਰ ਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਉਸ ਤੋਂ ਮਗਰੋਂ ਪੂਰੀਆਂ ਧਾਰਮਿਕ ਰਸਮਾਂ ਨਾਲ ਇਨ੍ਹਾਂ ਨੂੰ ਅਗਨ ਭੇਂਟ ਕਰਨਾ ਚਾਹੀਦਾ ਹੈ ਜਾਂ ਜ਼ਮੀਨ ਵਿਚ ਦਬਾ ਦੇਣਾ ਚਾਹੀਦਾ ਹੈ। ਕੇਸਾਂ ਦੀ ਬਣਤਰ ਐਸੀ ਸਮਗਰੀ ਨਾਲ ਹੋਈ ਹੁੰਦੀ ਹੈ ਜੋ ਜ਼ਮੀਨ ਵਿਚ ਦਬਣ ਨਾਲ ਵੀ ਕਈ ਕਈ ਸੌ ਸਾਲ ਭਸਮ ਨਹੀਂ ਹੁੰਦੀ, ਇਸ ਲਈ ਕੇਸਾਂ ਨੂੰ ਜ਼ਮੀਨ ਵਿਚ ਦਬਾਉਣਾ ਬਹੁਤਾ ਕਾਰ ਗਰ ਸਾਬਤ ਨਹੀਂ ਹੋ ਸਕਦਾ ਅਤੇ ਜਲ ਪ੍ਰਵਾਹ ਕਰਨਾ ਬਿਲਕੁਲ ਫਜ਼ੂਲ ਕਰਮ ਹੈ ਕਿਉਂਕਿ ਪਾਣੀ ਇਨ੍ਹਾਂ ਨੂੰ ਗਾਲ ਨਹੀਂ ਸਕਦਾ ਜਿਸ ਕਰਕੇ ਇਹ ਅਗੇ ਜਾ ਕੇ ਫਿਰ ਕਿਧਰੇ ਅਟਕ ਸਕਦੇ ਹਨ ਜਾਂ ਪਾਣੀ ਵਿਚੋਂ ਬਾਹਰ ਕਢ ਕੇ ਸੁਟੇ ਜਾ ਸਕਦੇ ਹਨ। ਇਸ ਲਈ ਕੇਸਾਂ ਦੇ ਨਿਪਟਾਰੇ ਲਈ ਇਨ੍ਹਾਂ ਨੂੰ ਅਗਨ ਭੇਂਟ ਹੀ ਕੀਤਾ ਜਾਣਾ ਠੀਕ ਜਾਪਦਾ ਹੈ। ਇਸ ਬਾਰੇ ਕੌਮ ਨੂੰ ਕੋਈ ਵਿਧੀ ਜ਼ਰੂਰੀ ਲਭ ਕੇ ਪਰਚਾਰਤ ਕਰਨੀ ਚਾਹੀਦੀ ਹੈ। ਜਦ ਤਕ ਅਜਿਹਾ ਨਹੀਂ ਹੋ ਜਾਂਦਾ ਮੂਲ ਮੰਤਰ ਦੇ ਪਾਠ ਕਰਦਿਆਂ ਘਰ ਵਿਚ ਇਕੱਠੇ ਹੋਏ ਕੇਸਾਂ ਨੂੰ ਅਗਨ ਭੇਂਟ ਕਰ ਦੇਣਾ ਸ਼ਾਇਦ ਮੁਨਾਸਬ ਕਾਰਵਾਈ ਹੋਵੇਗੀ ਅਤੇ ਇਸ ਤੋਂ ਘਟ ਕੋਈ ਗਲ ਅਣਮੋਲ ਰੋਮਾਂ ਦੇ ਨਿਪਟਾਰੇ ਲਈ ਨਹੀਂ ਸੋਭਦੀ ਤੇ ਨਾ ਹੀ ਜਚਦੀ ਹੈ।

## ਗੋਯਾ ਦੀਆਂ ਨਜ਼ਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਕੇਸ

ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ ਦੇ ਇਤਿਹਾਸ ਅਤੇ ਸਾਹਿਤ ਵਿਚ ਥਾਂ ਪਰ ਥਾਂ ਕੇਸਾਂ ਦੇ ਅਦੁਤੀ ਸਤਿਕਾਰ ਦੇ ਹਵਾਲੇ ਮਿਲਦੇ ਹਨ। ਭਾਈ ਨੰਦ ਲਾਲ ਜੀ ਗੋਯਾ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਤੇ ਅਨਿਨ ਭਗਤ ਸਨ, ਨੇ ਗੁਰੂ ਜੀ


Sri Satguru Jagjit Singh Ji eLibrary NamdhariElibrary@gmail.com

ਦੀ ਮਹਾਨ ਸ਼ਖਸੀਅਤ ਨੂੰ ਕਲਮਬੰਦ ਕਰਦਿਆਂ ਹੋਇਆਂ ਜੋ ਰੁਬਾਈਆਂ ਲਿਖੀਆਂ ਹਨ ਉਨ੍ਹਾਂ ਵਿਚ ਇਕ ਸ਼ਿਅਰ ਮਿਲਦਾ ਹੈ ਜਿਸ ਦਾ ਭਾਵ ਇਵੇਂ ਹੈ: ਕਲਗੀਧਰ ਪਾਤਸ਼ਾਹ ਦੀ ਇਕ ਸੁਹਣੀ ਲਿਟ ਦੇ ਰੂਪ ਵਿਚ ਦੀਨ ਤੇ ਦੁਨੀਆ ਬਝੇ ਪਏ ਹਨ ਅਤੇ ਆਪ ਜੀ ਦੇ ਇਕ ਅਨਮੋਲ ਰੋਮ ਦਾ ਮੁਲ ਦੋਨੋਂ ਜਹਾਨ ਹਨ। ਸਬੰਧਤ ਸ਼ਿਅਰ ਦੇ ਮੂਲ ਸ਼ਬਦ ਇਵੇਂ ਹਨ:

*ਦੀਨ ਦੁਨੀਆ ਦਰ ਕਮੰਦੇ ਆ ਪਰੀ ਰੁਖਸਾਰਿ ਮਾ*
*ਹਰ ਦੋ ਆਲਮ ਕੀਮਤੇ ਯਕ ਤਾਰ ਮੂਏ ਯਾਰਿ ਮਾ*

ਪੰਜਾਬੀ ਕਵੀ ਹਰੀ ਸਿੰਘ ਇਸ ਨੂੰ ਆਪਣੇ ਸ਼ਬਦਾਂ ਵਿਚ ਇਵੇਂ ਲਿਖਦਾ ਹੈ:

*ਸਾਬਤ ਸੂਰਤ, ਦਸਤਾਰ ਤੇ ਕੇਸ ਬਾਰੇ*
*ਬਾਣੀ ਵਿਚ ਵੀ ਗੁਰੂ ਸਾਹਿਬਾਨ ਲਿਖਿਐ*
*ਭਾਈ ਨੰਦ ਲਾਲ ਨੇ ਆਪਣੀ ਗਜ਼ਲ ਅੰਦਰ*
*ਕੇਸਾਂ ਬਾਰੇ ਇਹ ਅਹਿਮ ਬਿਆਨ ਲਿਖਿਐ*
*ਦਸਮੇਸ਼ ਪਿਤਾ ਦੇ ਇਕ ਇਕ ਰੋਮ ਦਾ ਮੁਲ*
*ਇਕ ਇਕ ਨਹੀਂ, ਦੋ ਦੋ ਜਹਾਨ ਲਿਖਿਐ*
*ਰਹਿਤਨਾਮਿਆਂ ਵਿਚ ਵੀ ਥਾਂ ਥਾਂ ਤੇ*
*ਪਾਵਨ ਕੇਸਾਂ ਨੂੰ ਸਿਖੀ ਦੀ ਸ਼ਾਨ ਲਿਖਿਐ।*

ਕੇਵਲ ਇਕ ਸ਼ਿਅਰ ਵਿਚ ਭਾਈ ਨੰਦ ਲਾਲ ਗੋਯਾ ਦਾ ਕੇਸਾਂ ਦੇ ਸਤਿਕਾਰ ਵਿਚ ਇਤਨਾ ਕੁਝ ਲਿਖ ਦੇਣਾ ਉਸ ਦੇ ਅਜ਼ੀਮ ਕਾਵਿਕ ਗੁਣਾਂ ਦਾ ਪ੍ਰਗਟਾਵਾ ਤਾਂ ਹੈ ਹੀ ਹੈ, ਉਸ ਦੇ ਦਿਲ ਵਿਚ ਕੇਸਾਂ ਦੇ ਸਤਿਕਾਰ ਦੀ ਗਲ ਦਾ ਸ਼ਾਨਦਾਰ ਉਘਾੜ ਵੀ ਹੈ।

## ਕੇਸ ਅਧਿਆਤਮਿਕਤਾ ਦੇ ਸਪਰਸ਼ ਵਜੋਂ As Spiritual antenna

ਜੀਵ ਵਿਗਿਆਨ ਦੇ ਖੇਤਰ ਵਿਚ ਕੇਸਾਂ ਨੂੰ ਸਪਰਸ਼ ਪੈਦਾ ਕਰਨ ਵਜੋਂ ਭੂਮਿਕਾ ਨਿਭਾਉਣ ਵਾਲੇ ਮੰਨਿਆ ਗਿਆ ਹੈ ਕਿਉਂਕਿ ਇਹ ਤਾਪਮਾਨ ਦੀ ਤਬਦੀਲੀ ਦਾ ਅਹਿਸਾਸ ਪੈਦਾ ਕਰਦੇ ਹਨ ਅਤੇ ਡਰ ਆਦਿ ਦੀ ਅਵਸਥਾ ਦਾ ਪ੍ਰਗਟਾਵਾ ਕਰਨ ਲਗਿਆਂ ਕਿਸੇ ਖਾਸ ਢੰਗ ਨਾਲ ਕਾਰਜਸ਼ੀਲ ਹੋ ਜਾਂਦੇ ਹਨ ਪਰ ਧਾਰਮਿਕ ਖੇਤਰ ਦੇ ਸੰਤ ਪੁਰਸ਼ ਕੇਸਾਂ ਨੂੰ ਅਧਿਆਤਮਿਕਤਾ ਦੇ ਸਪਰਸ਼ ਗ੍ਰਹਿਣ ਲਈ ਮਹਤਵਪੂਰਣ ਸਮਝਦਿਆਂ ਹੋਇਆਂ ਇਨ੍ਹਾਂ ਨੂੰ Spiritual antenna ਮੰਨਦੇ ਹਨ ਜੋ ਸਾਨੂੰ ਰਬ ਅਤੇ ਕੁਦਰਤ ਦੇ ਅਗੰਮੀ ਭੇਦਾਂ ਦਾ ਸਪਰਸ਼ ਬਖਸ਼ਦੇ ਹਨ। ਇਸੇ ਕਾਰਨ ਕਰ ਕੇ ਰਬ ਨਾਲ ਜੁੜੇ ਰਿਸ਼ੀ, ਮੁਨੀ, ਸੰਤ ਫਕੀਰ ਪੂਰਨ ਕੇਸਾਧਾਰੀ ਹੁੰਦੇ ਹਨ। ਇਸ ਤੋਂ ਬਿਨਾਂ ਉਨ੍ਹਾਂ ਦਾ ਗੁਜ਼ਾਰਾ ਹੀ ਨਹੀਂ ਹੋ ਸਕਦਾ। ਉਘੇ ਸਾਇੰਸਦਾਨ ਤੇ ਹੋਰ ਉਚ ਪ੍ਰਤਭਾ ਦੇ ਸਵਾਮੀ ਪੁਰਸ਼ ਵੀ ਕੇਸਾਂ ਨੂੰ ਆਪਣੇ ਸਰੀਰ ਦੇ ਅਤੀ ਮਹਤਵਪੂਰਣ ਅੰਗ ਸਮਝਦੇ ਹੋਏ ਸ਼ਾਇਦ ਇਸੇ ਕਾਰਨ ਹੀ ਇਨ੍ਹਾਂ ਨੂੰ ਸਤਿਕਾਰ ਰੂਪ ਵਿਚ ਸੰਭਾਲ ਕੇ ਰਖਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਅਗੰਮੀ ਸੰਸਾਰ ਦੇ ਸੂਖਮ ਤਰੀਨ ਅਨੁਭਵਾਂ ਨਾਲ ਜੋੜਦੇ ਹਨ।

## ਕੇਸਾਂ ਦੇ ਸਤਿਕਾਰ ਬਾਰੇ ਹਦਾਇਤਾਂ ਤੇ ਹੁਕਮਨਾਮੇ

ਗੁਰੂ ਗੋਬਿੰਦ ਸਿੰਘ ਜੀ ਵਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦੇ ਲਾਮਿਸਾਲ ਤਾਰੀਖੀ ਕਾਰਨਾਮੇ ਤੋਂ ਮਗਰੋਂ ਜੋ ਵੀ ਹੁਕਮਨਾਮੇ ਤੇ ਰਹਿਤਨਾਮੇ ਲਿਖੇ ਗਏ ਹਨ ਉਨ੍ਹਾਂ ਵਿਚ ਕੇਸਾਂ ਦੇ ਸਤਿਕਾਰ ਤੇ ਸੰਭਾਲ ਬਾਰੇ ਬਹੁਤ ਤਾਕੀਦਾਂ ਤੇ ਤਾੜਨਾਵਾਂ ਮਿਲਦੀਆਂ ਹਨ ਤੇ **'ਕੇਸ ਵਿਸ਼ੇਸ਼ ਸਭਨ ਤੇ ਜਾਨੋ'** ਉਤੇ ਪੂਰਾ ਪੂਰਾ ਜ਼ੋਰ ਦਿਤਾ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਸਬੰਧੀ ਕੁਝ ਬਹੁਤ ਹੀ ਸੰਖੇਪ ਹਵਾਲੇ ਇਸ ਪ੍ਰਕਾਰ ਹਨ:

**ਸੈਨਾਪਤੀ :** ਸੀਸ ਨਾ ਮੁੰਡਾਓ ਮੀਤ, ਹੁਕਾ ਤਜ ਭਲੀ ਰੀਤਿ।

**ਭਾਈ ਰਤਨ ਸਿੰਘ ਭੰਗੂ**

ਕੇਸਨ ਕੀ ਕੀਜੇ ਪ੍ਰਿਤਪਾਲ ਉਸਤਰਨ ਸੇ ਨਾ ਕਟਿਓ ਬਾਲ

**ਭਾਈ ਕੇਸਰ ਸਿੰਘ**

ਨਾਈ ਕਾ ਹਥ ਸੀਸ ਚਿਹਰੇ ਨਾ ਲਗਾਣਾ ਪਾਵੇ
ਕੇਸ ਧਾਰੀ ਗੁਰੂ ਕਾ ਪੰਥ ਕਹਾਵੇ

**ਭਾਈ ਚੋਪਾ ਸਿੰਘ**

ਕੇਸਾਂ ਨੂੰ ਗੰਦਾ ਹਥ ਲਗਾਏ ਸੋ ਤਨਖਾਹੀਆ
ਕੇਸਾਂ ਨੂੰ ਵਾਲ ਆਖੇ ਸੋ ਤਨਖਾਹੀਆ

## ਭਾਈ ਨੰਦ ਲਾਲ ਗੋਯਾ

ਭਾਈ ਸਾਹਿਬ ਕੁਲੀਆਤਿ ਗੋਯਾ' ਦੇ ਪੰਨਾ 180 ਤੇ ਲਿਖਦੇ ਹਨ ਕਿ ਹਰ ਸਿੱਖ ਦਿਨ ਵਿਚ ਦੋ ਵਾਰੀ ਆਪਣੇ ਕੇਸਾਂ ਨੂੰ ਕੰਘਾ ਕਰੇ ਅਤੇ ਇਹ ਵੀ ਹਦਾਇਤ ਹੈ ਕਿ ਦਸਤਾਰ ਨੂੰ ਲਾਹ ਕੇ ਜ਼ਮੀਨ ਤੇ ਨਹੀਂ ਰਖਣਾ। ਉਸ ਨੂੰ ਜਦ ਵੀ ਲਾਹੁਣਾ ਤੇ ਰਖਣਾ ਹੈ ਸਤਿਕਾਰ ਨਾਲ ਰੱਖਣਾ ਹੈ। ਉਨ੍ਹਾਂ ਦੇ ਨਿਮਨ ਸ਼ਬਦ ਹਰ ਸਿੱਖ ਲਈ ਕੇਸ ਅਤੇ ਦਸਤਾਰ ਰਖਣ ਦੀ ਭਰਵੀਂ ਤਾਕੀਦ ਕਰਦੇ ਹਨ:

***ਨਗਨ ਹੋਇ ਬਾਹਿਰ ਫਿਰੇ ਨਗਨ ਸੀਸ ਜੋ ਖਾਇ***
***ਨਗਨ ਪ੍ਰਸਾਦਿ ਜੋ ਬਾਟਹੀ ਤਨਖਾਹੀ ਬਡੋ ਕਹਾਇ***

## ਕੇਸਾਂ ਬਾਰੇ ਪਾਏ ਗਏ ਭੁਲੇਖੇ

ਮੈਕਾਲਫ, ਮਾਲਕਮ, ਨਿਗਮ, ਕਨਿੰਘਮ, ਗਾਰਡਨ, ਪਾਈ, ਪੈਰੀ, ਸਕਾਟ ਵਰਗੇ ਉਘੇ ਇਤਿਹਾਸਕਾਰਾਂ ਨੇ ਸਿੱਖਾਂ ਦਾ ਇਤਿਹਾਸ ਲਿਖਦਿਆਂ ਇਨ੍ਹਾਂ ਦੀ ਵਿਲਖਣਤਾ ਦਾ ਕਾਰਨ ਇਨ੍ਹਾਂ ਦੀ ਚੜ੍ਹਦੀ ਕਲਾ ਦੀ ਭਾਵਨਾ ਦਸੀ ਹੈ ਜੋ ਕੇਸਾਂ ਕਰਕੇ ਪ੍ਰਤੱਖ ਰੂਪ ਵਿਚ ਵੇਖੀ ਜਾ ਸਕਦੀ ਹੈ। ਉਨ੍ਹਾਂ ਅਨੁਸਾਰ ਕੇਸ ਸਿੱਖਾਂ ਦੇ ਚੜ੍ਹਦੀ ਕਲਾ ਵਾਲੇ ਜੀਵਨ ਦੇ ਸੂਚਕ ਚਿੰਨ੍ਹ ਹਨ।

ਜਦ ਤਕ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਉਦੋਂ ਤੱਕ ਤਾਂ ਸਾਰਾ ਕੁਝ ਬਹੁਤ ਚੰਗਾ ਚਲਦਾ ਰਿਹਾ ਅਤੇ ਗੁਰਦਵਾਰਿਆਂ, ਮੰਦਰਾਂ, ਮਸਜਿਦਾਂ ਨੂੰ ਸ਼ਾਹੀ ਪ੍ਰੋਤਸਾਹਨ ਮਿਲਦਾ ਰਿਹਾ। ਚੰਗੇ ਦਾਹੜੇ ਵਾਲਿਆਂ, ਚੰਗੀ ਦਸਤਾਰ ਸਜਾਉਣ ਵਾਲਿਆਂ, ਚੰਗੀਆਂ ਮੁਛਾਂ ਸੰਵਾਰਨ ਵਾਲਿਆਂ ਨੂੰ ਇਨਾਮ ਮਿਲਦੇ ਰਹੇ। ਜੇ ਕਿਸੇ ਨੇ ਗੁਰੂ ਗ੍ਰੰਥ ਸਾਹਿਬ, ਗੀਤਾ ਜਾਂ ਕੁਰਾਨ ਸ਼ਰੀਫ ਦੀ ਸੁਲੇਖ ਕਾਪੀ ਤਿਆਰ ਕੀਤੀ ਤਾਂ ਉਸ ਨੂੰ ਸ਼ਾਹੀ ਦਰਬਾਰ ਵਲੋਂ ਇਨਾਮ ਦਿਤੇ ਜਾਂਦੇ ਰਹੇ। ਉਕਤ ਤੋਂ ਛੁਟ ਮਹਾਰਾਜੇ ਦੀ ਸੈਨਾ ਵਿਚ ਦਾਹੜੀ ਪਗੜੀ ਰਖਣ ਦੀ ਪੂਰੀ ਪੂਰੀ ਬਦੰਸ਼ ਵੀ ਕਾਇਮ ਰਹੀ, ਇਥੋਂ ਤੱਕ ਕਿ ਫਰਾਂਸ ਤੋਂ ਆਇਆ ਜਰਨੈਲ ਵੈਂਤੂਰਾ (ਜਿਸ ਦੀ ਕਬਰ ਹੁਣ ਵੀ ਲੁਧਿਆਣੇ ਵਿਚ ਮੌਜਦ ਹੈ) ਨੂੰ ਸਿੱਖ ਫੌਜ ਦਾ ਜਰਨੈਲ ਤਦ ਹੀ ਥਾਪਿਆ ਗਿਆ ਜਦ ਉਸ ਨੇ ਕੇਸ ਦਾਹੜੀ ਰਖੇ। ਇਸੇ ਤਰ੍ਹਾਂ ਮਹਾਰਾਜੇ ਦੀ ਫੌਜ ਵਿਚ ਉਚ ਪਦਵੀਆਂ ਤੇ ਕੰਮ ਕਰਦੇ ਬਰਤਾਨਵੀ, ਇਤਾਲਵੀ, ਸਪੇਨੀ, ਆਸਟਰੀਅਨ ਤੇ ਅਮਰੀਕਨ ਫੌਜੀ ਵੀ ਪੂਰਨ ਕੇਸਾਧਾਰੀ ਬਣ ਕੇ ਹੀ ਆਪਣੇ ਫਰਜ਼ਾਂ ਦੀ ਪੂਰਤੀ ਕਰਦੇ ਰਹੇ। ਪਰ ਜਦ ਸਿੱਖ ਰਾਜ


Sri Satguru Jagjit Singh Ji eLibrary NamdhariElibrary@gmail.com

ਖਤਮ ਹੋ ਗਿਆ ਤੇ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ ਤਦ ਬਹੁਤ ਸਾਰੇ ਲੋਕੀ ਲਾਲਚ ਜਾਂ ਡਰ ਕਰਕੇ ਕੇਸਾਂ ਦਾਹੜੀਆਂ ਨੂੰ ਤਲਾਂਜਲੀਆਂ ਦੇ ਕੇ ਈਸਾਈ ਮਤ ਧਾਰਨ ਕਰਨ ਵਲ ਪ੍ਰੇਰਿਤ ਹੋਣ ਲਗ ਪਏ। ਅੰਗਰੇਜ਼ਾਂ ਨੇ ਕਈ ਤਰੀਕਿਆਂ ਨਾਲ ਸਿੱਖ ਕੌਮ ਨੂੰ ਨਿਰਬਲ ਕਰਨ ਦੇ ਮਨਸੂਬੇ ਬਣਾਏ। ਕੁਝ ਨੂੰ ਵਧੀਆ ਤੇ ਉਚੀਆਂ ਨੌਕਰੀਆਂ ਤੇ ਖਿਤਾਬ ਦੇ ਕੇ ਈਸਾਈ ਬਣਾ ਲਿਆ ਗਿਆ। ਕੁਝ ਭੋਲੇ ਸਿੱਖਾਂ ਨੂੰ ਡਰਾ ਧਮਕਾ ਕੇ ਸਿੱਖੀ ਤੋਂ ਬੇਮੁਖ ਕਰ ਦਿਤਾ ਗਿਆ ਅਤੇ ਈਸਾਈ ਧਰਮ ਦੇ ਬਹੁ-ਪ੍ਰਕਾਰੀ ਪ੍ਰਚਾਰ ਨੇ ਰਹਿੰਦੀ ਖੂੰਹਦੀ ਕਸਰ ਪੂਰੀ ਕਰਨੀ ਸ਼ੁਰੂ ਕਰ ਦਿਤੀ। **ਪੰਜਾਬ ਦੀ ਸਾਲ 1851-52 ਦੀ ਪ੍ਰਸ਼ਾਸਕੀ ਰਿਪੋਰਟ ਵਿਚ ਅੰਗਰੇਜ਼ ਨੇ ਸਾਫ ਸਾਫ ਲਿਖਿਆ ਕਿ ਗੁਰੂ ਨਾਨਕ ਦਾ ਸਿੱਖ ਤਾਂ ਸ਼ਾਇਦ ਕੋਈ ਰਹਿ ਜਾਵੇ ਪਰ ਗੁਰੂ ਗੋਬਿੰਦ ਸਿੰਘ ਦੇ ਸ਼ੇਰ ਸਿੰਘ ਮੁਕ ਜਾਣਗੇ ਕਿਉਂਕਿ ਹਾਲਾਤ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਦੇਣਗੇ।** ਇਸ ਰਿਪੋਰਟ ਨੇ ਤਾਂ ਸਿੱਖਾਂ ਵਿਚ ਵੀ ਵੰਡੀਆਂ ਪਾਣ ਦੀ ਗਲ ਸ਼ੁਰੂ ਕਰ ਦਿਤੀ। ਕਿਹੜਾ ਵਿਅਕਤੀ ਇਹ ਨਹੀਂ ਜਾਣਦਾ ਕਿ ਦਸੇ ਗੁਰੂ, ਗੁਰੂ ਨਾਨਕ ਜੋਤ ਹੀ ਸਨ, ਇਸ ਲਈ ਗੁਰੂ ਨਾਨਕ ਦੇ ਸਿਖ, ਗੁਰੂ ਗੋਬਿੰਦ ਸਿੰਘ ਦੇ ਸਿਖਾਂ ਤੋਂ ਕੋਈ ਵਖਰੇ ਨਹੀਂ ਸਨ ਪਰ ਇਹ ਕਹਿਣਾ ਵੀ ਅੰਗਰੇਜ਼ ਦੀ ਇਕ ਚਾਲ ਹੀ ਸੀ।

ਅੰਗਰੇਜ਼ ਦੀ ਇਸ ਸੋਚੀ ਸਮਝੀ ਸਿਖ ਵਿਰੋਧੀ ਨੀਤੀ ਦਾ ਅਸਰ ਪ੍ਰਤੱਖ ਰੂਪ ਵਿਚ ਦਿਸਣ ਲਗ ਪਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸਿਖਾਂ ਦੀ ਗਿਣਤੀ ਤਕਰੀਬਨ ਇਕ ਕਰੋੜ ਸੀ ਜੋ ਰਾਜ ਦੇ ਖਾਤਮੇ ਦੇ ਚਾਰ ਦਹਾਕਿਆਂ ਦੇ ਅੰਦਰ ਅੰਦਰ 1881 ਦੀ ਮਰਦਮ ਸ਼ੁਮਾਰੀ ਸਮੇਂ ਘਟ ਕੇ ਕੇਵਲ 17 ਲਖ 15 ਹਜ਼ਾਰ ਇਕ ਸੌ 14 ਰਹਿ ਗਈ। ਕੌਮ ਲਈ ਇਹ ਅੰਕੜੇ ਬਹੁਤ ਹੀ ਚਿੰਤਾਜਨਕ ਸਨ। ਕੇਸਾਧਾਰੀ ਸਿੱਖ ਦਿਨ ਪ੍ਰਤੀ ਦਿਨ ਘਟਦੇ ਜਾ ਰਹੇ ਸਨ। ਕੇਸਾਂ ਉਤੇ ਹੋ ਰਹੇ ਇਸ ਮਾਰੂ ਵਾਰ ਨੂੰ ਠਲ੍ਹ ਪਾਉਣ ਲਈ ਦੂਰ ਦ੍ਰਿਸ਼ਟੀ ਵਾਲੇ ਸਿੰਘਾਂ ਨੇ ਸੋਚਾਂ ਵਿਚਾਰਾਂ ਕੀਤੀਆਂ ਅਤੇ ਉਨਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਹੀ ਸਿੰਘ ਸਭਾ ਲਹਿਰ ਨੇ ਸਿਖਾਂ ਨੂੰ ਆਪਣੇ ਧਰਮ ਬਾਰੇ ਸੁਚੇਤ ਕੀਤਾ ਤੇ ਕੇਸ ਕਟਵਾਣ ਦੀ ਵਧ ਗਈ ਭੈੜੀ ਲਾਹਨਤ ਨੂੰ ਰੋਕਣ ਲਈ ਪੂਰੇ ਯਤਨ ਤੇ ਤਰਦਦ ਪ੍ਰਾਰੰਭੇ। ਇਵੇਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ 1849 ਤੋਂ 1882 ਤਕ ਦੇ ਸਮੇਂ ਨੂੰ ਸਿਖਾਂ ਦੇ ਕੇਸਾਂ ਦੇ ਕਤਲ ਦਾ ਕੋਹੜਾ ਕਾਲ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਪਤਿਤਪੁਣੇ ਦੀ ਲਹਿਰ ਆਪਣੇ ਸਿਖਰਾਂ ਨੂੰ ਛੂਹ ਰਹੀ ਸੀ ਤੇ ਸਿੱਖ ਹਿਰਦੇ ਕਵੀ 'ਚੰਨ ਡੇਹਰਾਦੂਨੀ' ਦੀ ਲਿਖਤ ਅਨੁਸਾਰ ਕੁਝ ਇਵੇਂ ਤੜਪ ਭਰੀ ਸੋਚ ਵਿਚ ਪਰੇਸ਼ਾਨ ਹੋਣਗੇ।

***ਵਕਤ ਨੂੰ ਸੰਭਾਲੋ ਓਏ ਸਿੰਘੋ ਸੂਰਿਓ***
***ਸਿਖੀ ਨੂੰ ਬਚਾ ਲੋ ਅਜ ਸਿੰਘੋ ਸੂਰਿਓ***

***ਵਕਤ ਦਾ ਤਕਾਜ਼ਾ ਹੋਸ਼ਿਆਰ ਕਰ ਰਿਹੈ***
***ਪਤਿਤਾ ਦਾ ਦੌਰ ਖਬਰਦਾਰ ਕਰ ਰਿਹੈ***

***ਸਿਖੀ ਦੀਆਂ ਨੀਹਾਂ ਨੇ ਬੇਸ਼ਕ ਪੱਕੀਆਂ***
***ਮੁਗ਼ਲੀ ਹਕੂਮਤਾਂ ਹਿਲਾ ਨਾ ਸਕੀਆਂ***


Sri Satguru Jagjit Singh Ji eLibrary NamdhariElibrary@gmail.com

*ਪਰ ਵਿਚੋ ਵਿਚ ਹੋ ਰਿਹੈ ਸਿੱਖੀ ਦਾ ਖਾਤਮਾ*
*ਜਿਨੂੰ ਵੇਖ ਵੇਖ ਤੜਪ ਰਹੀ ਏ ਆਤਮਾ*

*ਕੇਸਾਂ ਅਤੇ ਦਾਹੜੀਆਂ ਦਾ ਰੂਪ ਦੇਖ ਲਓ*
*ਸਿਖਾਂ ਕੋਲੋਂ ਸਿਖੀ ਦਾ ਸਰੂਪ ਵੇਖ ਲਓ*

*ਸਿਖੀ ਦਾ ਪੰਜਾਬ ਵਿਚ ਬੁਰਾ ਹੀ ਹਾਲ ਹੈ*
*ਕਿਸੇ ਨੂੰ ਸਿਖੀ ਦਾ ਨਾ ਜ਼ਰਾ ਖਿਆਲ ਹੈ*

*ਫਰਜ਼ਾਂ ਨੂੰ ਪਾਲੋ ਤੁਸੀਂ ਸਿੰਘੋ ਸੂਰਿਓ*
*ਸਿਖੀ ਨੂੰ ਬਚਾ ਲਓ ਅਜ ਸਿੰਘੋ ਸੂਰਿਓ*
*ਸਿਖੀ ਨੂੰ ਸੰਭਾਲੋ ਤੁਸੀਂ ਸਿੰਘੋ ਸੂਰਿਓ*

ਜੇ ਦੇਖਿਆ ਜਾਵੇ ਤਾਂ ਅਜ ਵੀ ਸਿੱਖ ਨੌਜਵਾਨ ਕੇਸਾਂ ਦੇ ਸਤਿਕਾਰ ਦੇ ਮਾਮਲੇ ਵਿਚ ਭਟਕ ਗਿਆ ਹੈ ਅਤੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਹਾਲਾਤ ਬਹੁਤ ਹੀ ਚਿੰਤਾਜਨਕ ਹਨ। ਅਫਸੋਸ ਦੀ ਗੱਲ ਹੈ ਕਿ ਗੁਰਸਿਖਾਂ ਦੇ ਬੱਚੇ ਵੀ ਮਾਂ ਬਾਪ ਦੇ ਹਥੋਂ ਨਿਕਲ ਕੇ ਧੜਾਧੜ ਕੇਸਾਂ ਨੂੰ ਕਤਲ ਕਰਵਾਣ ਵਿਚ ਖੁਸ਼ੀ ਮਹਿਸੂਸ ਕਰ ਰਹੇ ਹਨ। ਨਾ ਤਾਂ ਨਿਜੀ ਪਧਰ ਤੇ ਅਤੇ ਨਾ ਹੀ ਕੌਮੀ ਪਧਰ ਤੇ ਅਜਿਹੇ ਠੋਸ ਪਰਯਤਨ ਸਾਹਮਣੇ ਆਏ ਹਨ ਜਿਨ੍ਹਾਂ ਦੇ ਅਧਾਰ ਤੇ ਇਹ ਸੋਚਿਆ ਜਾ ਸਕੇ ਕਿ ਸ਼ਾਇਦ ਇਸ ਭੈੜੀ ਲਹਿਰ ਨੂੰ ਕੁਝ ਠਲ੍ਹ ਪੈਣ ਦੀ ਆਸ ਹੈ। ਇਸ ਸਮਸਿਆ ਦੀ ਕੁਝ ਚਰਚਾ ਅਗੇ ਕੀਤੀ ਜਾ ਰਹੀ ਹੈ।

## ਨੌਜਵਾਨਾਂ ਵਲੋਂ ਕੇਸਾਂ ਦੀ ਬੇਅਦਬੀ ਦਾ ਨਵਾਂ ਰੁਝਾਨ

ਅਫਸੋਸ ਤੇ ਚਿੰਤਾ ਦੀ ਗਲ ਹੁਣ ਫਿਰ ਬਣ ਗਈ ਹੈ ਕਿਉਂਕਿ ਦੰਗਾ ਫਸਾਦੀ ਫਿਲਮਾਂ, ਫੈਸ਼ਨ ਪ੍ਰਸਤੀ ਤੇ ਅਧਾਰਤ ਟੀ·ਵੀ· ਪ੍ਰੋਗਰਾਮ ਅਤੇ ਅਧਰਮੀ ਸਾਹਿਤ ਜਿਸ ਵਿਚ ਮਾਰ ਧਾੜ ਤੇ ਲੁਟ ਘਸੁਟ ਤੋਂ ਇਲਾਵਾ ਕੁਝ ਵੀ ਨਹੀਂ, ਸਾਡੀ ਸਮੁਚੀ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾ ਰਹੇ ਹਨ ਅਤੇ ਸਮੁਚਾ ਦੇਸ਼ ਇਸ ਨਵੀਂ ਅਰਾਜਕਤਾ ਦੀ ਲਪੇਟ ਵਿਚ ਆ ਗਿਆ ਹੈ। ਪੁਰਾਣੀਆਂ ਕੀਮਤਾਂ ਕਦਰਾਂ ਤਹਿਸ ਨਹਿਸ ਹੋ ਰਹੀਆਂ ਹਨ ਤੇ ਉਹ ਚਜ ਅਚਾਰ ਜਿਸ ਤੇ ਭਾਰਤ ਨੂੰ ਮਾਣ ਸੀ, ਬਸ ਪੁਰਾਣੇ ਸਮਿਆਂ ਦੀ ਕਹਾਵਤ ਹੀ ਬਣ ਕੇ ਰਹਿ ਗਿਆ ਹੈ। ਨਵੇਂ ਯੁਗ ਦੀ ਨਵੀਂ ਸੋਚ ਨੇ ਮਨੁੱਖ ਵਿਚੋਂ ਦਿਆ, ਧਰਮ, ਸੰਤੋਖ, ਸਬਰ, ਪ੍ਰੇਮ-ਪਿਆਰ, ਸਹਿਨਸ਼ੀਲਤਾ ਤੇ ਭਾਈਚਾਰਕ ਭਾਵਨਾਵਾਂ ਦਾ ਮਲੀਆ ਮੇਟ ਕਰ ਦਿਤਾ ਹੈ। ਸਿੱਖ ਨੌਜਵਾਨਾਂ ਵਿਚ ਇਸ ਦਾ ਅਸਰ ਇਸ ਪਖੋਂ ਵੀ ਹੋਰ ਘਨਾਉਣਾ ਹੋਇਆ ਹੈ ਕਿਉਂਕਿ ਇਸ ਬੇ-ਸ਼ਰਮ ਬਨਾਵਟ ਦੇ ਪ੍ਰਭਾਵ ਹੇਠ ਆ ਕੇ ਉਹ ਬੇਰਹਿਮੀ ਨਾਲ ਇਕ ਵਾਰੀ ਫਿਰ ਪਤਿਤਪੁਣੇ ਵਲ ਵਧਣ ਲਗ ਪਏ ਹਨ। ਕੇਸ ਕਟਵਾਣ, ਨਸ਼ਾ ਕਰਨ, ਜ਼ਰਦਾ ਖਾਣ ਵਰਗੀਆਂ ਭੈੜੀਆਂ ਆਦਤਾਂ ਦੇ ਉਹ ਬੁਰੀ ਤਰ੍ਹਾਂ ਸ਼ਿਕਾਰ ਹੁੰਦੇ ਜਾ ਰਹੇ ਹਨ। ਮਾਪਿਆਂ ਨੂੰ ਆਪਣੀ ਅਯਾਸ਼ੀ ਕਰਨ, ਮਾਇਆ ਬਟੋਰਨ ਜਾਂ ਫਿਰ ਕਿਟੀ ਤੇ ਕਾਕ ਟੇਲ ਪਾਰਟੀਆਂ ਵਿਚ ਸ਼ਾਮਲ ਹੋਣ ਤੋਂ ਵਿਹਲ ਨਹੀਂ ਜਿਸ ਕਾਰਨ ਬਚੇ ਅਣਗੌਲੇ ਹੋ ਕੇ ਵਿਗੜ ਰਹੇ ਹਨ ਤੇ ਮਨ ਮਰਜ਼ੀ ਦੀਆਂ ਸ਼ਰਾਰਤਾਂ ਕਰਦੇ ਹਨ ਜਿਹੜੀਆਂ ਉਨ੍ਹਾਂ ਦੇ ਜੀਵਨ ਨੂੰ ਘਾਤਕ ਵੀ ਬਣਾ ਸਕਦੀਆਂ ਹਨ।

ਮੇਰੇ ਦੇਖਦੇ ਦੇਖਦੇ ਦਿਨਾਂ ਦਿਨਾਂ ਵਿਚ ਮੇਰੇ ਵਾਕਫਕਾਰ 8, 10 ਸਿੱਖ ਨੌਜਵਾਨਾਂ


Sri Satguru Jagjit Singh Ji eLibrary NamdhariElibrary@gmail.com

ਨੇ ਕੇਸ ਕਟਵਾ ਦਿਤੇ ਹਨ। ਮੈਂ ਉਨ੍ਹਾਂ ਦੀ ਇਸ ਹਰਕਤ ਦਾ ਨ੍ਰਿਪੱਖ ਰੂਪ ਵਿਚ ਕਾਰਨ ਜਾਣਨਾ ਚਾਹਿਆ ਤਾਂ ਉਨ੍ਹਾਂ ਵਿਚੋਂ ਇਕ ਦਾ ਕੇਸ ਕਟਵਾਉਣ ਦਾ ਕਾਰਨ ਸੀ 'ਮਨ ਦੀ ਮੌਜ'। ਮੇਰੇ ਖਿਆਲ ਵਿਚ ਇਸ ਰੁਚੀ ਵਾਲਾ ਨੌਜਵਾਨ ਆਪ ਹੁਦਰਾ ਹੈ ਅਤੇ ਮਾਪਿਆਂ ਦੀ ਵਡਿਤਣ ਦਾ ਉਸ ਤੇ ਕੋਈ ਅਸਰ ਨਹੀਂ ਤੇ ਨਾ ਹੀ ਉਹ ਆਪਣੇ ਖਾਨਦਾਨ, ਸਮਾਜ ਜਾਂ ਧਰਮ ਬਾਰੇ ਕੋਈ ਸ਼ੁੱਭਚਿੰਤਤਾ ਰਖਦਾ ਹੈ। ਅਜ ਉਸ ਦੇ ਮਨ ਦੀ ਮੌਜ ਨੇ ਉਸ ਦੇ ਕੇਸ ਉਸ ਪਾਸੋਂ ਲੈ ਲਏ, ਕਲ੍ਹ ਉਸਦੇ ਮਨ ਦੀ ਮੌਜ ਉਸ ਤੋਂ, ਚੋਰੀ, ਡਾਕਾ ਕਤਲ ਵੀ ਕਰਵਾ ਸਕਦੀ ਹੈ। ਇਸ ਲਈ ਅਜਿਹੇ ਮਨ-ਮੌਜੀਆਂ ਨੂੰ ਕਿਸੇ ਵੀ ਤਰੀਕੇ ਨਾਲ ਰਾਹਿਰਾਸਤ (ਠੀਕ ਰਸਤੇ) ਤੇ ਲਿਆਉਣਾ ਜ਼ਰੂਰੀ ਹੈ ਤੇ ਅਜਿਹਾ ਕਰਨਾ ਸਮਾਜ ਦੀ ਸੁਖ-ਸ਼ਾਂਤੀ ਲਈ ਵੀ ਲਾਭਵੰਦਾ ਰਹੇਗਾ ਵਰਨਾ ਇਹ ਮਨ-ਮੌਜੀ ਇਕ ਖਰੂਦੀ ਬਰਗੇਡ ਦੀ ਸ਼ਕਲ ਧਾਰਨ ਕਰਕੇ ਸਮਾਜਿਕ ਜੀਵਨ ਵਿਚ ਉਥਲ ਪੁਥਲ ਲਿਆ ਕੇ ਉਸ ਨੂੰ ਨਸ਼ਟ ਕਰ ਸਕਦੇ ਹਨ।

ਦੂਜੇ ਨੌਜਵਾਨ ਨੇ ਕੇਸ ਕਟਵਾਣ ਬਾਰੇ ਬੜੇ ਅਣਜਾਣਪੁਣੇ ਵਿਚ ਕਿਹਾ ਕਿ ਇਹ ਫਜ਼ੂਲ ਹਨ,ਇਨ੍ਹਾਂ ਦੀ ਲੋੜ ਨਹੀਂ ਜਾਪਦੀ, ਇਨ੍ਹਾਂ ਦਾ ਕੋਈ ਫਾਇਦਾ ਨਹੀਂ।ਉਸ ਦਾ ਇਹ ਉਤਰ ਸੁਣ ਕੇ ਮੇਰੇ ਲਈ ਸਮਸਿਆ ਬਣ ਗਈ ਕਿ ਇਸ ਨੂੰ ਮੈਂ ਕਿਹੜੀ ਕੈਟਾਗਰੀ ਵਿਚ ਰਖਾਂ? ਮੈਂ ਸੋਚਿਆ ਕਿ ਅਕਸਰ ਕੇਸ ਕਟਵਾਣ ਵਾਲੇ ਵਿਅਕਤੀ ਅਜਿਹੀਆਂ ਬੇਥਵੀਆਂ ਗੱਲਾਂ ਕਰਦੇ ਹਨ। ਇਸ ਵਿਚ ਉਹਨਾਂ ਨਾਲੋਂ ਜ਼ਿਆਦਾ ਉਨ੍ਹਾਂ ਦੇ ਮਾਪਿਆਂ ਤੇ ਉਨ੍ਹਾਂ ਨਾਲੋਂ ਵੀ ਕਿਤੇ ਵੱਧ ਧਾਰਮਿਕ ਜਥੇਬੰਦੀਆਂ ਦਾ ਕਸੂਰ ਹੈ ਜੋ ਬਚਪਨ ਤੋਂ ਹੀ ਬਚਿਆਂ ਨੂੰ ਸਿੱਖੀ ਸਰੂਪ ਅਤੇ ਕੇਸਾਂ ਦੀ ਮਹਤਤਾ ਤੋਂ ਜਾਣੂ ਨਹੀਂ ਕਰਵਾ ਸਕੀਆਂ। ਇਨ੍ਹਾਂ ਖਿੜਕ ਗਏ ਨੌਜਵਾਨਾਂ ਨੂੰ ਅਜਿਹਾ ਸਾਹਿਤ ਹੀ ਉਪਲਬਧ ਨਹੀਂ ਕਰਵਾਇਆ ਗਿਆ ਜਿਹੜਾ ਉਨ੍ਹਾਂ ਨੂੰ ਬਚਪਨ ਵਿਚ ਸੁਤੇ ਸਿਧ ਹੀ ਆਪਣੇ ਅਨਮੋਲ ਵਿਰਸੇ ਨਾਲ ਅਟੁੱਟ ਰੂਪ ਵਿਚ ਜੋੜ ਸਕਦਾ ਹੋਵੇ। ਅਗਿਆਨਤਾ ਵਸ ਹਰ ਕਿਸੇ ਦਾ ਭੰਬਲ ਭੂਸਿਆਂ ਵਿਚ ਫਸ ਜਾਣਾ ਆਮ ਦੇਖੇ ਸੁਣੇ ਦੀ ਗਲ ਹੈ ਇਸ ਲਈ ਇਸ ਮਾਰੂ ਰੁਚੀ ਨੂੰ ਜੰਮਣ ਲਗਿਆਂ ਹੀ ਖਤਮ ਕਰਨ ਲਈ ਸਾਨੂੰ ਬਹੁ ਪ੍ਰਕਾਰੀ ਤੇ ਵਿਸ਼ੇਸ਼ ਤਰਦੱਦਾਂ ਦੀ ਲੋੜ ਹੋਵੇਗੀ ਤਾਂ ਜੋ ਸਾਡੀਆਂ ਲਾਸਾਨੀ ਕੀਮਤਾਂ ਕਦਰਾਂ ਤੇ ਇਖਲਾਕ, ਆਧੁਨਿਕਤਾ ਦੀ ਕੋਝੀ ਮਾਰ ਤੋਂ ਬਚ ਸਕਣ ਤੇ ਅਸੀਂ ਹਿੰਦੁਸਤਾਨ ਦੀ ਧਰਤੀ ਤੋਂ ਸਾਰੀ ਮਨੁੱਖਤਾ ਨੂੰ ਨੇਕ ਜੀਵਨ ਜੀਣ ਦੀ ਜਾਚ ਅਮਲੀ ਰੂਪ ਵਿਚ ਸੁਣਾ ਸਮਝਾ ਸਕੀਏ। **ਇਸ ਲਈ ਇਹ ਜ਼ਰੂਰੀ ਹੈ ਕਿ ਜਿਵੇਂ ਅਸੀਂ ਆਪਣੇ ਬੱਚਿਆਂ ਨੂੰ ਜੰਮਦੇ ਸਾਰ ਹੀ ਮਾਰੂ ਬੀਮਾਰੀਆਂ ਦੀ ਰੋਕਥਾਮ ਲਈ ਪੌਲੀਓ ਆਦਿ ਦੀਆਂ ਬੂੰਦਾਂ ਪਿਲਾਉਂਦੇ ਹਾਂ, ਟੀਕੇ ਲਗਵਾਂਦੇ ਹਾਂ ਇਵੇਂ ਹੀ ਸਾਨੂੰ ਉਨ੍ਹਾਂ ਨੂੰ ਸਿੱਖੀ ਗਿਆਨ ਦੇ ਵੀ ਟੀਕੇ ਨਾਲੋ ਨਾਲ ਲਾਣੇ ਚਾਹੀਦੇ ਹਨ ਤਾਂ ਕਿ ਉਹ ਗ਼ਲਤ ਤੇ ਮਾਰੂ ਪ੍ਰਭਾਵਾਂ ਤੋਂ ਬਚੇ ਰਹਿਣ ਤੇ ਸਥਿਤੀ ਇਤਨੀ ਗੰਭੀਰ ਕਦੇ ਵੀ ਨਾ ਬਣੇ।**

ਇਸ ਲਈ ਇਸ ਸਿਲਸਿਲੇ ਵਿਚ ਜੋ ਅਤੀ ਅਵਸ਼ਕ ਤੇ ਤੁਰੰਤ ਲੋੜੀਂਦਾ ਤਰੱਦਦ ਵੱਧ ਤੋਂ ਵੱਧ ਕਾਰਗਰ ਸਾਬਤ ਹੋ ਸਕਦਾ ਹੈ ਉਹ ਹੈ ਅਜਿਹਾ ਗੁਰਮਤਿ ਸਾਹਿਤ ਜੋ ਇਨ੍ਹਾਂ ਅਣਜਾਣ ਨੌਜਵਾਨਾਂ ਤੇ ਬਚਿਆਂ ਨੂੰ ਵਡੀ ਮਿਕਦਾਰ ਵਿਚ ਉਪਲਬਧ ਕਰਵਾਇਆ ਜਾਵੇ, ਉਸ ਵਿਚ ਵਿਸ਼ੇਸ਼ ਧਿਆਨ ਇਸ ਗਲ ਵਲ ਹੋਣਾ ਚਾਹੀਦਾ ਹੈ ਕਿ ਉਹ ਸਾਹਿਤ ਦਿਲਚਸਪੀ ਤੋਂ ਖਾਲੀ ਨਾ ਹੋਵੇ ਤੇ ਬਹੁਤ ਸਰਲ ਤੇ ਰੌਚਕ ਭਾਸ਼ਾ ਵਿਚ ਹੋਵੇ ਤੇ ਉਸ ਵਿਚ ਹਰ ਮਸਲਾ ਦਲੀਲ ਨਾਲ ਸੋਚਿਆ ਵਿਚਾਰਿਆ ਤੇ


Sri Satguru Jagjit Singh Ji eLibrary NamdhariElibrary@gmail.com

ਪਰਸਾਰਿਆ ਹੋਵੇ ਤਾਂ ਜੋ ਨੌਜਵਾਨਾਂ ਦੇ ਦਿਲ ਦਿਮਾਗ ਨੂੰ ਟੁੰਬ ਸਕੇ ਤੇ ਉਨ੍ਹਾਂ ਨੂੰ ਆਪਣੇ ਵਿਰਸੇ ਦੇ ਵਡਮੁਲੇ ਗੁਣਾਂ ਨੂੰ ਜਾਣਨ ਵਲ ਪਰੇਰਤ ਕਰ ਸਕੇ। ਇਸ ਤੋਂ ਘਟ ਕੋਈ ਵੀ ਉਦਮ ਅਜਿਹੇ ਭਟਕੇ ਹੋਏ ਵਿਅਕਤੀਆਂ ਨੂੰ ਕੌਮ ਦੀ ਮੁਖ ਧਾਰਾ ਵਿਚ ਲਿਆਉਣ ਲਈ ਅਸਰਦਾਰ ਹੋਣਾ ਮੁਸ਼ਕਲ ਹੈ। ਕੀ ਕੌਮ ਇਸ ਬਾਰੇ ਕੋਈ ਉਸਾਰੂ ਪ੍ਰੋਗਰਾਮ ਰਖਦੀ ਹੈ ਜਾਂ ਫਿਰ ਹੱਥ ਤੇ ਹੱਥ ਰੱਖ ਕੇ ਹੀ ਆਪਣਾ ਪਤਨ ਦੇਖਦੀ ਰਹੇਗੀ? ਵੇਲਾ ਹੈ ਸੰਭਲਣ ਦਾ। ਮਾਂ ਬਾਪ ਇਸ ਸਿਲਸਿਲੇ ਵਿਚ ਬਹੁਤ ਕੁਝ ਕਰ ਸਕਦੇ ਹਨ। ਆਪਣੇ ਬਚਿਆਂ ਨੂੰ ਸਾਹਿਬਜ਼ਾਦਿਆਂ ਦਾ ਇਤਿਹਾਸ ਸੁਣਾ ਕੇ ਉਨ੍ਹਾਂ ਨੂੰ ਪਰਿਵਾਰ ਤੇ ਕੌਮ ਦੇ ਸਾਹਿਬਜ਼ਾਦੇ ਬਣਾ ਕੇ ਮਾਵਾਂ ਇਸ ਚਿੰਤਾਜਨਕ ਸਥਿਤੀ ਵਿਚ ਮੋੜਾ ਪਾ ਸਕਦੀਆਂ ਹਨ ਪਰ ਇਸ ਲਈ ਉਨ੍ਹਾਂ ਨੂੰ ਖੁਦ ਵੀ 'ਸਾਹਿਬ ਕੌਰ' ਬਣਨਾ ਪਵੇਗਾ।

ਇਕ ਹੋਰ ਪ੍ਰਕਾਰ ਦੇ ਨੌਜਵਾਨ ਅਜਿਹੇ ਵੀ ਦੇਖੇ ਗਏ ਹਨ ਜਿਨ੍ਹਾਂ ਦੇ ਅੰਦਰ ਕੇਸ ਕਟਵਾਣ ਦਾ ਸ਼ੌਕ ਤਾਂ ਹੈ ਪਰ ਉਹ ਆਪਣੇ ਮਾਪਿਆਂ ਤੇ ਰਿਸ਼ਤੇਦਾਰਾਂ ਦੀ ਸਮਾਜ ਅਤੇ ਧਰਮ ਵਿਚ ਬਣੀ ਪਰਤਿਸ਼ਠਾ ਕਾਰਨ ਅਜਿਹਾ ਕਰਨ ਵਿਚ ਔਖਿਆਈ ਮਹਿਸੂਸ ਕਰਦੇ ਹਨ। ਉਹ ਕੇਸ ਕਟਵਾਣ ਦੇ ਆਪਣੇ ਮਕਸਦ ਦੀ ਸਿਧੀ ਲਈ ਸਿਰ ਦੀ ਕਿਸੇ ਝੂਠੀ ਮੂਠੀ ਬਿਮਾਰੀ ਨੂੰ ਅੱਗੇ ਰੱਖ ਲੈਂਦੇ ਹਨ। ਕਿਸੇ ਦੇ ਸਿਰ ਵਿਚ ਬਨਾਵਟੀ ਫੋੜੇ ਹੋ ਜਾਂਦੇ ਹਨ ਤੇ ਕਿਸੇ ਨੂੰ ਪਗੜੀ ਬੰਨ੍ਹਣ ਨਾਲ ਸਿਰ ਪੀੜ ਹੋਣ ਲਗ ਜਾਂਦੀ ਹੈ। ਕੋਈ ਕੇਸਾਂ ਦੇ ਭਾਰ ਸਦਕਾ ਆਪਣੇ ਨਰਵਸ ਸਿਸਟਮ ਦੇ ਬੈਠ ਜਾਣ ਦੇ ਡਰ ਨੂੰ ਬਹਾਨੇ ਰੂਪ ਵਿਚ ਵਰਤ ਕੇ ਡਾਕਟਰ ਪਾਸੋਂ ਫਤਵਾ ਲੈ ਕੇ ਕੇਸ ਕਟਵਾਣ ਦਾ ਆਪਣਾ ਰਾਂਝਾ ਰਾਜੀ ਕਰ ਲੈਂਦਾ ਹੈ। ਅਜਿਹੇ ਢੁਚਰਾਂ ਨਾਲ ਸੱਪ ਵੀ ਮਰ ਜਾਂਦਾ ਹੈ ਤੇ ਲਾਠੀ ਵੀ ਬਚ ਜਾਂਦੀ ਹੈ। ਅਜਿਹੀ ਮਕਾਰੀ ਭਾਵਨਾ ਫਰੇਬ ਹੈ, ਆਪਣੇ ਆਪ ਨਾਲ ਧੋਖਾ ਹੈ, ਸਮਾਜ ਨਾਲ ਬੇਇਨਸਾਫੀ ਹੈ ਤੇ ਧਰਮ ਨਾਲ ਅਨਿਆਂ ਹੈ ਕਿਉਂਕਿ ਸਾਇੰਸੀ ਤਜਰਬਿਆਂ ਦੇ ਅਧਾਰ ਤੇ ਠੋਕ ਵਜਾ ਕੇ ਕਿਹਾ ਜਾ ਸਕਦਾ ਹੈ ਕਿ ਕੇਸ ਉਕਤ ਕਿਸੇ ਵੀ ਅਸੁਵਿਧਾ ਜਾਂ ਬਿਮਾਰੀ ਨੂੰ ਬੜਾਵਾ ਨਹੀਂ ਦੇਂਦੇ ਸਗੋਂ ਇਹ ਕਈ ਰੋਗਾਂ ਦਾ ਇਲਾਜ ਸਾਬਤ ਹੋ ਚੁਕੇ ਹਨ। **ਕਿਤਨੀ ਚਿੰਤਾ ਦੀ ਗਲ ਹੈ ਕਿ 'ਗੁਰੂ ਦੀ ਮੋਹਰ' ਅਖਵਾਣ ਵਾਲੇ ਕੇਸਾਂ ਤੋਂ ਕਨਾਰਾਕਸ਼ੀ ਕਰਨ ਲਈ ਵਿਗੜੇ ਹੋਏ ਨੌਜਵਾਨਾਂ ਵਲੋਂ ਕੀ ਕੀ ਪੈਂਤੜੇ ਵਰਤੇ ਜਾ ਰਹੇ ਹਨ। ਸਮੁਚੀ ਕੌਮ ਨੂੰ ਇਸ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕਰਨੀ ਬਣਦੀ ਹੈ ਵਰਨਾ ਪਾਣੀ ਸਿਰ ਤੋਂ ਟਪ ਜਾਵੇਗਾ। ਜੇਕਰ ਇਨ੍ਹਾਂ ਭਟਕੇ ਹੋਏ ਨੌਜਵਾਨਾਂ ਨੂੰ ਆਪਣੇ ਇਤਿਹਾਸ, ਆਪਣੀ ਰਹਿਤ ਮਰਿਆਦਾ, ਆਪਣੇ ਰਹਿਤ ਨਾਮਿਆਂ, ਹੁਕਮਨਾਮਿਆਂ ਦੀ ਜ਼ਰਾ ਭਰ ਵੀ ਸੋਝੀ ਹੁੰਦੀ ਤਾਂ ਸ਼ਾਇਦ ਉਹ ਇਤਨਾ ਵਡਾ ਕਦਮ ਚੁਕਣ ਤੋਂ ਜ਼ਰੂਰ ਗੁਰੇਜ਼ ਕਰਦੇ ਤੇ ਕੇਸਾਂ ਬਾਰੇ ਅਦਬ ਵਾਲੀ ਭਾਵਨਾ ਨੂੰ ਗ੍ਰਹਿਣ ਕਰਕੇ ਆਪਣੇ ਆਤਮਿਕ ਬਲ ਨੂੰ ਇਤਨਾ ਵਜ਼ਨੀ ਬਣਾ ਲੈਂਦੇ ਕਿ ਉਹ ਇਨ੍ਹਾਂ ਦੀ ਹਰ ਭਟਕਣ ਵਿਚ ਇਨ੍ਹਾਂ ਦੀ ਸੁਰਖਿਆ ਕਰ ਸਕਦਾ। ਕਿਉਂਕਿ ਕੇਸਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਆਪਣੀ ਮੋਹਰ ਕਿਹਾ ਗਿਆ ਹੈ ਇਸ ਲਈ ਗੁਰੂ ਨੂੰ ਤਾਂ ਕੇਸ ਹੀ ਪਿਆਰੇ ਹਨ। ਕੇਸਾਂ ਨੂੰ ਕਟਵਾਣ ਵਾਲੇ ਨਾਲ ਗੁਰੂ ਨਰਾਜ਼ ਹੋ ਜਾਂਦੇ ਹਨ, ਉਸ ਨੂੰ ਗੁਰੂ ਦੀ ਸੰਗਤ ਤੇ ਮਿਹਰ ਮਿਲਣੀ ਔਖੀ ਹੋ ਜਾਂਦੀ ਹੈ।** ਭਾਈ ਸਾਹਿਬ ਸਿੰਘ ਦੇ ਰਹਿਤਨਾਮੇ ਦੇ ਇਸ ਪਰਥਾਏ ਬੋਲ ਇਵੇਂ ਹਨ:



Sri Satguru Jagjit Singh Ji eLibrary NamdhariElibrary@gmail.com

*ਕੇਸਵਾਨ ਬਿਨ ਕੇਸ ਹੋਇ*
*ਮੋਰਾ ਹੋਇ ਨਾ ਸੰਗ*
*ਮੁਕਤੀ ਨਾਮਾ ਵਿਚ ਵੀ ਹਵਾਲਾ ਮਿਲਦਾ ਹੈ:*
*ਗੁਰੂ ਕੀ ਛਾਪ ਸਿਰ ਕੇਸ ਦੀ ਪਾਹੁਲ*
*ਦੇਇ ਉਤਾਰ ਸੇ ਬੇਮੁਖ ਜਾਨਹੁ*

ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਬੜੀ ਸਖਤ ਤਾਕੀਦੀ ਕੀਤੀ ਹੈ:

*ਕੇਸਨ ਕੀ ਕੀਜੈ ਪ੍ਰਿਤਪਾਲ*
*ਉਸਤਰਨ ਸੇ ਨਾ ਕਟਿਉ ਬਾਲ*
*ਪਰੈ ਔਰ ਜੋ ਖੋਟੇ ਰਾਹ*
*ਤਿਨ ਕੋ ਲਾਇਉ ਜਰੂਰ ਤਨਖਾਹ* (ਦੰਡ)

ਪਤਿਤਪੁਣੇ ਦੀ ਉਕਤ ਪ੍ਰਵਿਰਤੀ ਨੂੰ ਜਿਵੇਂ ਵੀ ਠਲ੍ਹ ਪਾਈ ਜਾ ਸਕੇ, ਪਾਉਣੀ ਚਾਹੀਦੀ ਹੈ ਤੇ ਕੇਸਾਂ ਨੂੰ ਸਾਰੀ ਮਾਨਵਤਾ ਲਈ ਉਪਯੋਗੀ ਹੋਣ ਕਰਕੇ ਸੰਭਾਲਣਾ ਸਾਰੀ ਮਨੁੱਖ ਜਾਤੀ ਦਾ ਪ੍ਰਥਮ ਫਰਜ਼ ਹੋਣਾ ਚਾਹੀਦਾ ਹੈ। ਸਿੱਖ ਦੀ ਤਾਂ ਕੇਸਾਂ ਬਾਰੇ ਲੋਚਾ ਇਹ ਹੋਣੀ ਚਾਹੀਦੀ ਹੈ:

*ਮਨ ਨੀਚਾ ਮਤਿ ਊਚ ਜਿਹ ਮਤ ਰਾਖਾ ਗੁਰ ਵਾਹ*
*ਕੇਸ ਸਵਾਸਾਂ ਸਾਥ ਹੈ ਸਦ ਨਿਬਾਹ ਜਿਹ ਚਾਹ* (ਬਾਵਾ ਸੁਮੇਰ ਸਿੰਘ)

ਅਤੇ ਇਸ ਇਛਾ ਦੀ ਪ੍ਰਾਪਤੀ ਲਈ ਹਰ ਸਿੱਖ ਅਰਦਾਸ ਕਰਨ ਲਗਿਆਂ ਵੀ ਪ੍ਰਮਾਤਮਾ ਅਗੇ ਇਹੀ ਅਰਜ਼ੋਈ ਕਰਦਾ ਹੈ। ਪਿਛਲੇਰੇ ਮੁਗਲਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਜ਼ਮਾਨੇ (1749-1774) ਦੌਰਾਨ ਉਨ੍ਹਾਂ ਨੇ ਸਿੱਖਾਂ ਦੇ ਸਰਵਨਾਸ਼ ਲਈ ਇਹ ਫਰਮਾਨ ਜਾਰੀ ਕਰ ਦਿਤਾ ਸੀ ਕਿ ਜਿਥੇ ਕੋਈ ਸਿੱਖ ਮਿਲੇ ਉਸ ਨੂੰ ਮਾਰ ਦਿਓ ਤੇ ਇਨਾਮ ਪਾਓ। ਇਕ ਇਕ ਸਿੱਖ ਦੇ ਸਿਰ ਦਾ ਮੁਲ 80, 80 ਰੁਪਏ ਤਕ ਰਖਿਆ ਗਿਆ ਜਦਕਿ ਉਸ ਸਮੇਂ ਕੇਵਲ ਇਕ ਰੁ: ਨਾਲ ਸਾਰਾ ਟਬਰ ਪੂਰਾ ਮਹੀਨਾ ਆਪਣਾ ਨਿਰਬਾਹ ਕਰ ਸਕਦਾ ਸੀ। ਅਜਿਹੇ ਬਜਰ ਜ਼ੁਲਮ ਤੇ ਭੀੜਾ ਦੇ ਬਾਵਜੂਦ ਵੀ ਸਿੱਖਾਂ ਨੇ ਆਪਣੀਆਂ ਜਾਨਾਂ ਵਾਰਨਾ ਤਾਂ ਪ੍ਰਵਾਨ ਕਰ ਲਿਆ ਪਰ ਕੇਸਾਂ ਦੀ ਬੇਅਦਬੀ ਕਰਕੇ ਜਾਨ ਬਚਾਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਭਾਵਨਾ ਨੂੰ ਉਜਾਗਰ ਕਰਨ ਦੀ ਅਜੋਕੇ ਮਨੁੱਖ ਵਿਚ ਵੀ ਲੋੜ ਹੈ ਤਾਂ ਜੋ ਦੇਸ਼ ਵਿਚ ਅਕਾਲਪੁਰਖ ਦੀ ਇਕ ਅਜਿਹੀ ਫੌਜ ਬਣੀ ਰਹਿ ਸਕੇ ਜੋ ਦੇਸ਼ ਦੀ ਆਨ-ਸ਼ਾਨ ਦੇ ਨਾਲ ਨਾਲ ਚੰਗੀਆਂ ਕਦਰਾਂ-ਕੀਮਤਾਂ ਨੂੰ ਵੀ ਬਲ ਪ੍ਰਦਾਨ ਕਰਦੀ ਰਹੇ। **ਬਹਾਨੇ-ਕੁਬਹਾਨੇ ਕੇਸ ਕਟਵਾਣ ਵਾਲੇ ਨੌਜਵਾਨ ਜੋ ਅਜ ਗੁਰੂ ਦੇ ਨਹੀਂ ਰਹੇ ਤਾਂ ਅਵੱਸ਼ ਹੀ ਉਹ ਕਲ ਮਾਪਿਆਂ, ਸਮਾਜ ਤੇ ਦੇਸ਼ ਦੇ ਵੀ ਨਹੀਂ ਰਹਿਣਗੇ।** ਕੇਸ ਕਟਵਾ ਕੇ ਜੇ ਉਹ ਸੋਚਦੇ ਹਨ ਕਿ ਉਹ ਪਹਿਲੇ ਨਾਲੋਂ ਸੁਹਣੇ ਬਣ ਗਏ ਹਨ ਤਾਂ ਇਹ ਉਹਨਾਂ ਦਾ ਭੁਲੇਖਾ ਹੈ। ਇਕ ਦਿਨ ਉਹਨਾਂ ਨੂੰ ਨਿਮਨ ਸ਼ਿਅਰ ਵਿਚ ਦਰਜ ਭਾਵਨਾ ਦਾ ਜ਼ਰੂਰ ਅਹਿਸਾਸ ਹੋਵੇਗਾ:

*ਚਮਨ ਕੀ ਰੰਗੋ-ਬੂ ਨੇ ਇਸ ਕਦਰ ਧੋਖੇ ਦੀਏ ਮੁਝ ਕੋ*
*ਕਿ ਮੈਂ ਨੇ ਜੋਸ਼ੇ ਗੁਲ ਬੋਸੀ ਮੇਂ, ਕਾਂਟੋਂ ਪਰ ਜ਼ਬਾਂ ਰਖ ਦੀ*

ਇਸ ਲਈ ਨੌਜਵਾਨਾਂ ਵਿਚ ਪਤਿਤਪੁਣੇ ਦੀ ਵਧਦੀ ਜਾ ਰਹੀ ਪਰਵਿਰਤੀ ਨੂੰ ਜਿਵੇਂ ਕਿਵੇਂ ਵੀ ਹੋਵੇ ਰੋਕਣਾ ਚਾਹੀਦਾ ਹੈ। ਸਮਸਿਆ ਦੇ ਕਾਰਨ ਲਭਣੇ ਚਾਹੀਦੇ ਹਨ ਤੇ ਉਨ੍ਹਾਂ ਦਾ ਮਨੋਵਿਗਿਆਨਿਕ ਢੰਗ ਨਾਲ ਵਿਸ਼ਲੇਸ਼ਣ ਕਰ ਕੇ ਫਿਰ ਹਲ ਢੂੰਡਣਾ


Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਹੈ ਤਾਂ ਜੋ ਇਹ ਪਤਿਤਪੁਣੇ ਦੀ ਬਜਰ ਕੌਮ-ਮਾਰੂ ਹਵਾ ਦਾ ਅਸਰ ਜ਼ਾਇਲ ਹੋ ਸਕੇ। ਸਿਖੀ ਵਿਚ ਪਤਿਤ ਮਨੁੱਖ ਦਾ ਚੜ੍ਹਦੀਕਲਾ ਵਾਲਾ ਮਨੋ ਬਲ ਬਣਿਆ ਹੀ ਨਹੀਂ ਰਹਿ ਸਕਦਾ ਕਿਉਂਕਿ ਉਹ ਸਿੱਖ ਹੀ ਨਹੀਂ ਲਗਦਾ। ਸਾਡੇ ਤਾਂ ਗੁਰੂਆਂ ਨੇ ਸਿੱਖ ਨੂੰ ਦੋਹਰੇ ਪਰਕਾਰ ਦੇ ਜੀਵਨ ਤੋਂ ਰੋਕਿਆ ਹੈ ਕਿਉਂਕਿ ਇਹ ਉਸ ਨੂੰ ਨਾ ਇਧਰ ਦਾ ਰਹਿਣ ਦੇਂਦਾ ਹੈ ਨਾ ਉਧਰ ਦਾ। ਉਸ ਦਾ ਕੋਈ ਵਿਸ਼ਵਾਸ ਨਹੀਂ ਕਰਦਾ, ਲੋਕੀ ਉਸ ਨੂੰ ਭੇਖੀ ਸਿੱਖ ਕਹਿ ਕੇ ਨੀਵਾਂ ਦਰਸਾਂਦੇ ਹਨ ਜਿਸ ਕਰ ਕੇ ਉਸ ਦੀ ਜ਼ਮੀਰ ਹਰ ਸਮੇਂ ਅੰਦਰੋਂ ਪਰੇਸ਼ਾਨ ਰਹਿੰਦੀ ਹੈ। ਕਵੀ ਅਜਿਹੇ ਭੇਖੀ ਸਿੱਖ ਨੂੰ ਸੰਬੋਧਨ ਕਰ ਕੇ ਇਵੇਂ ਤਾਕੀਦ ਕਰਦਾ ਹੈ:

***ਗੁਰਾਂ ਭਲਾ ਸਰਬੱਤ ਦਾ ਮੰਗਿਆ ਸੀ***
***ਤੈਨੂੰ ਆਪਣਾ ਭਲਾ ਵੀ ਯਾਦ ਨਹੀਂ***
***ਤੈਨੂੰ ਬਖਸ਼ੀ ਗਈ ਸਰਦਾਰੀ ਸੀ, ਤੇਰਾ ਦਿਲ ਉਸ ਤੋਂ ਵੀ ਸ਼ਾਦ ਨਹੀਂ***
***ਤੂੰ ਭੇਖ ਦੀ ਮਿਟੀ ਪੁਟ ਰਿਹੈਂ , ਤੇ ਆਪਣੀ ਕੌਮ ਨੂੰ ਲੁਟ ਰਿਹੈਂ***
***ਆ ਮੁੜ ਆ ਪੁਠੇ ਰਸਤੇ ਤੋਂ , ਭੇਖੀ ਦਾ ਹੁੰਦਾ ਹਾਲ ਬੁਰਾ।***

## ਪਤਿਤਪੁਣੇ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ

ਗੁਰੂ ਨਾਨਕ ਸਾਹਿਬ ਨੇ ਮਨੁਖੀ ਸਮਾਜ ਦੇ ਜਿਸ ਖੇਤਰ ਵਿਚ ਵੀ ਕੂਣ ਕਸਰ ਵੇਖੀ ਉਸ ਨੂੰ ਸੁਧਾਰਨ ਦਾ ਭਰਪੂਰ ਯਤਨ ਕੀਤਾ ਤੇ ਉਸਦੇ ਔਗਣਾਂ ਨੂੰ ਨਿਸੰਗ ਹੋ ਕੇ ਪ੍ਰਗਟ ਕੀਤਾ। ਉਨ੍ਹਾਂ ਦੇਖਿਆ ਕਿ ਬਾਬਰ ਵਾਣੀ ਫਿਰ ਜਾਣ ਨਾਲ ਹਿੰਦੂਆਂ ਨੂੰ ਜਬਰੋ ਜਬਰੀ ਮੁਸਲਮਾਨ ਬਣਾਇਆ ਜਾਣ ਲਗਾ। ਕੁਝ ਲੋਕੀ ਆਪਣੀ ਜਾਨ ਬਖਸ਼ੀ ਖਾਤਰ ਮੁਸਲਮਾਨ ਬਣ ਗਏ। ਉਨ੍ਹਾਂ ਆਪਣੀ ਭਾਸ਼ਾ ਛਡ ਕੇ ਜਰਵਾਣੇ ਦੀ ਭਾਸ਼ਾ, ਉਸ ਦਾ ਭੇਸ ਪਹਿਰਾਵਾ, ਖਾਣਾ ਪੀਣਾ ਤੇ ਲਬੋ-ਲਹਿਜਾ (ਬੋਲ ਬੁਲਾਰਾ) ਅਖਤਿਆਰ ਕਰ ਲਿਆ ਪਰ ਘਰ ਦੇ ਅੰਦਰ ਉਹ ਹਿੰਦੂ ਰਹੁ-ਰੀਤੀਆਂ ਦੇ ਹੀ ਕਾਇਲ ਰਹੇ। ਬਾਹਰੋਂ ਕੁਝ ਹੋਰ ਤੇ ਅੰਦਰੋਂ ਕੁਝ ਹੋਰ। ਗੁਰੂ ਸਾਹਿਬ ਇਸ ਨੂੰ ਇਖਲਾਕੀ ਪਤਿਤਪੁਣਾ ਕਹਿੰਦੇ ਹਨ। ਉਹ ਭਾਸ਼ਾਈ ਪਤਿਤਪੁਣੇ ਤੇ ਸਭਿਆਚਾਰਿਕ ਪਤਿਤਪੁਣੇ ਨੂੰ ਭੰਡਦਿਆਂ ਫਰਮਾਉਂਦੇ ਹਨ:

**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।।**
**ਛੋਡੀਲੇ ਪਾਖੰਡਾ ਨਾਮਿ ਲਾਈਐ ਜਾਹਿ ਤਰੰਦਾ।।** (ਅੰਕ-471)

ਭਾਵ ਇਹ ਕਿ ਅੰਦਰਵਾਰ ਤਾਂ ਹਰੀ ਦੀ ਉਪਾਸ਼ਨਾ ਕਰਦਾ ਏਂ ਪਰ ਬਾਹਰਵਾਰ ਡਰ ਕਾਰਨ ਸਭ ਦੇ ਸਾਹਮਣੇ ਆਪਣਾ ਭਰਮ ਦੂਜਿਆਂ ਤੇ ਬਣਾਈ ਰਖਣ ਲਈ ਤੂੰ ਮੁਸਲਮਾਨੀ ਮਤ ਦੀਆਂ ਕਿਤਾਬਾਂ ਪੜ੍ਹਦਾ ਏਂ ਤਾਂ ਜੋ ਸ਼ਾਸਕ ਵਰਗ ਨੂੰ ਇਹ ਲਗੇ ਕਿ ਤੂੰ ਉਸ ਦਾ ਅਨੁਯਾਈ ਏਂ। ਤੂੰ ਆਪਣਾ ਬਾਹਰੀ ਪਹਿਰਾਵਾ ਤੇ ਚਜ ਅਚਾਰ ਵੀ ਮੁਸਲਮਾਨੀ ਰੰਗਤ ਵਾਲਾ ਬਣਾ ਲਿਆ ਹੈ ਪਰ ਘਰ ਵਿਚ ਤੂੰ ਧੋਤੀ ਹੀ ਬੰਨ੍ਹਦਾ ਏਂ। ਇਹ ਤੇਰਾ ਦੋਹਰਾ ਰੂਪ ਤੇਰੀ ਕਮਜ਼ੋਰੀ ਹੈ, ਇਕ ਪਾਸੇ ਲਗ, ਇਸ ਪਤਿਤਪੁਣੇ ਦੀ ਭਾਵਨਾ ਨਾਲ ਨਾ ਤੂੰ ਘਰ ਦਾ ਰਹਿਣਾ ਹੈ ਨਾ ਹੀ ਬਾਹਰ ਦਾ, ਇਸ ਲਈ ਇਸ ਨੂੰ ਛਡ। ਆਪਣੀ ਅਸਲੀਅਤ ਪਛਾਣ, ਆਪਣੀ ਸਭਿਅਤਾ ਨੂੰ ਨਾ ਤਲਾਂਜ, ਆਪਣੀ ਭਾਸ਼ਾ ਦੀ ਵਰਤੋਂ ਕਰ ਤੇ ਉਸ ਤੇ ਮਾਣ ਕਰ, ਇਵੇਂ ਤੇਰੇ ਵਿਚ ਅਣਖ ਪਰਵੇਸ਼ ਕਰੇਗੀ ਤੇ ਜੇ ਤੇਰੀ ਪਤ ਲਹਿ ਗਈ, ਪਗ ਲਹਿ ਗਈ ਤਾਂ ਤੇਰਾ ਜੀਣਾ ਬੇਗ਼ੈਰਤਾਂ ਵਾਲਾ ਜੀਣਾ ਹੈ ਜਿਸ ਦਾ ਕੋਈ ਮੁਲ ਨਹੀਂ। ਵਾਹਿਗੁਰੂ ਦਾ ਨਾਮ ਜਪ ਤੇਰੇ ਅੰਦਰੋਂ ਪਤਿਤਪੁਣੇ ਦਾ



Sri Satguru Jagjit Singh Ji eLibrary NamdhariElibrary@gmail.com

ਭਾਵ ਮੁਕ ਜਾਏਗਾ।

**ਜੇ ਜੀਵੈ ਪਤਿ ਲਥੀ ਜਾਇ।।**
**ਸਭ ਹਰਾਮੁ ਜੇਤਾ ਕਿਛੁ ਖਾਇ।।** (ਅੰਕ-142)

ਇਸ ਪਤਿਤਪੁਣੇ ਦੀ ਜ਼ਦ ਵਿਚ ਗੁਰੂ ਸਾਹਿਬ ਨੇ ਮੁਸਲਮਾਨਾਂ ਨੂੰ ਵੀ ਲਿਆਉਣ ਵਿਚ ਸੰਕੋਚ ਨਹੀਂ ਕੀਤਾ। ਉਨ੍ਹਾਂ ਤੇ ਵੀ ਚੋਟ ਕਰਦਿਆਂ ਕਹਿੰਦੇ ਹਨ ਕਿ ਮੁਸਲਮਾਨ ਵੀ ਦੋ-ਕਿਸਮਾ ਵਿਹਾਰ ਕਰਦੇ ਹਨ। ਇਸਲਾਮ ਦੇ ਧਾਰਨੀ ਹੋ ਕੇ ਤੇ ਉਸ ਦਾ ਪੂਰਾ ਪੂਰਾ ਦਖਾਵਾ ਤੇ ਭਰਮ ਜਾਲ ਵਿਛਾ ਕੇ ਕਰਮ ਅਜਿਹੇ ਕਰਦੇ ਹਨ ਜਿਨ੍ਹਾਂ ਦਾ ਇਸਲਾਮ ਦੀ ਪਵਿਤਰਤਾ ਨਾਲ ਦੂਰ ਦਾ ਵੀ ਵਾਸਤਾ ਨਹੀਂ। ਕਾਜ਼ੀ ਨਕਾਹ ਪੜ੍ਹਾਉਂਦੇ ਹਨ ਪਰ ਵਿਚੋਂ ਸ਼ੈਤਾਨ ਹਨ। ਉਤੋਂ ਇਨਸਾਫ ਕਰਦੇ ਹਨ ਪਰ ਵਿਚੋ ਵਿਚ ਰਿਸ਼ਵਤ ਲੈ ਕੇ ਗ਼ਲਤ ਫੈਸਲੇ ਦੇਂਦੇ ਹਨ। ਬਾਬਰ ਵਰਗਾ ਜਰਵਾਣਾ ਕੂੜ ਤੇ ਪਾਪ ਦੀ ਜੰਜ ਲੈ ਕੇ ਖੁਰਾਸਾਨ ਤੋਂ ਚਲ ਕੇ ਭਾਰਤ ਨੂੰ ਲੁਟਣ ਆਇਆ ਹੈ। ਕੀ ਇਹ ਧਾਰਮਿਕ ਕਰਮ ਹੈ? ਨਹੀਂ ਇਹ ਤਾਂ ਧਰਮ ਦੇ ਪਤਿਤਪੁਣੇ ਦੀ ਇਕ ਹੋਰ ਪਰਕਾਰ ਦੀ ਹੀ ਮਿਸਾਲ ਹੈ ਜਿਸ ਵਿਚ ਇਖਲਾਕ ਨਾਂ ਦੀ ਕੋਈ ਚੀਜ਼ ਨਹੀਂ।

ਗੁਰੂ ਨਾਨਕ ਸਾਹਿਬ ਦੇ ਪਤਿਤਪੁਣੇ ਬਾਰੇ ਉਕਤ ਸਪੱਸ਼ਟ ਵਿਚਾਰ ਸਾਨੂੰ ਸਭ ਨੂੰ ਅਜਿਹਾ ਜੀਵਨ ਜੀਣ ਤੋਂ ਹੋੜਦੇ ਹਨ। ਪਤਿਤਪੁਣੇ ਦੀ ਕੋਝੀ ਪਰਚਲਤ ਰੁਚੀ ਤੋਂ ਅਜ ਸਾਰਾ ਸਿੱਖ ਸਮਾਜ ਦੁਖੀ ਹੈ। ਸਭ ਕੁਝ ਨੌਜਵਾਨਾਂ ਦੇ ਹਥਾਂ ਵਿਚ ਹੈ। ਕਵੀ ਸੰਤਾ ਸਿੰਘ ਆਜਜ਼ ਨੌਜਵਾਨ ਪਤਿਤ ਸਿੱਖ ਨੂੰ ਇਵੇਂ ਸੰਬੋਧਨ ਕਰਦਾ ਹੈ:

*ਦਸ ਭੁਲੜ ਸਿਖ ਜਵਾਨਾ, ਕਿਉਂ ਭਟਕੇਂ ਭੁਲ ਨਿਸ਼ਾਨਾ*
*ਕਿਉਂ ਤਜਿਆ ਗੁਰਸਿੱਖ ਬਾਣਾ, ਕੀ ਔਕੜ ਬਣੀ ਲਾਚਾਰੀ*

*ਕੀ ਖਟਿਆ ਰੂਪ ਗਵਾ ਕੇ, ਸਿਖੀ ਦੀ ਮੋਹਰ ਮਿਟਾ ਕੇ*
*ਮਸਤਕ ਤੇ ਦਾਗ ਲਵਾ ਕੇ, ਖਟ ਲਈ ਪੰਥਕ ਗਦਾਰੀ*
*ਕਿਉਂ ਤੂੰ ਭਰਮਾਂ ਵਿਚ ਪੈਂਦੈਂ, ਕਿਉਂ ਸਿਦਕ ਨਾ ਸਾਦਕ ਰਹਿੰਦੈਂ*
*ਕਿਉਂ ਪਤਿਤਪੁਣੇ ਵਲ ਢਹਿੰਦੈਂ, ਕਿਉਂ ਤਜ ਬਹਿੰਦੈਂ ਸਰਦਾਰੀ*

*ਕਿਉਂ ਸਿੱਖ-ਮਰਿਆਦਾ ਤੋੜੇਂ, ਕਿਉਂ ਗੁਰੂ ਘਰੋਂ ਮੁਖ ਮੋੜੇਂ*
*ਕਿਉਂ ਸੰਗ ਬੁਰਿਆਂ ਦਾ ਲੋੜੇਂ, ਲਾਵੇਂ ਬਦੀਆਂ ਨਾਲ ਤੂੰ ਯਾਰੀ*

*ਤਕ ਲਾਲ ਦੋ ਭੋਲੇ ਭੋਲੇ, ਛਿਪ ਗਏ ਕੰਧਾਂ ਦੇ ਉਹਲੇ*
*ਮਿਟ ਗਏ ਪਰ ਮੂਲ ਨਾ ਡੋਲੇ, ਗਏ ਅਰਸ਼ੀਂ ਮਾਰ ਉਡਾਰੀ*
*ਸਿੰਘਾਂ ਨੇ ਮਰਨਾ ਸਿਖਿਆ, ਇਤਿਹਾਸ ਖੂਨ ਨਾਲ ਲਿਖਿਆ*
*ਨਹੀਂ ਮੰਗੀ ਪਰਾਣਾਂ ਦੀ ਭਿਖਿਆ, ਰਖ ਸਿਦਕ ਜਿੰਦੜੀ ਵਾਰੀ*

*ਮਾਵਾਂ ਨੇ ਲਾਲ ਕੁਹਾਏ, ਗਲ ਸਿਰਾਂ ਦੇ ਹਾਰ ਪੁਆਏ*
*ਮਿਟ ਸਿੱਖੀ ਸਿਦਕ ਨਿਭਾਏ, ਸਿਖ ਕੌਮ ਜਾਏ ਬਲਿਹਾਰੀ*

*ਗ਼ਮ ਦੁਖ ਵਿਚ ਕਰ ਅਰਦਾਸੇ, ਲੜਦੇ ਰਹੇ ਭੁਖ ਪਿਆਸੇ*
*ਬੁਲ੍ਹਾਂ ਤੇ ਨਚਦੇ ਹਾਸੇ, ਸਿੰਘਾਂ ਤੋਂ ਮੌਤ ਵੀ ਹਾਰੀ*



Sri Satguru Jagjit Singh Ji eLibrary NamdhariElibrary@gmail.com

ਮਨੂੰ ਦੀਆਂ ਨਹੀਂ ਹੁਣ ਮਾਰਾਂ, ਨਹੀਂ ਸ਼ਰਾਅ ਦੀਆਂ ਤਲਵਾਰਾਂ
ਗਜ਼ਨੀ ਦੀਆਂ ਨਹੀਂ ਲਲਕਾਰਾਂ, ਫਿਰ ਕਿਉਂ ਤੂੰ ਹਿੰਮਤ ਹਾਰੀ

ਅਜ ਮਾਨ ਜਗਤ ਵਿਚ ਤੇਰਾ, ਧੰਨ ਸੰਪਤ ਧਾਮ ਘਨੇਰਾ
ਸੁਖਚੈਨ ਅਰਾਮ ਵਡੇਰਾ, ਤੇਰੀ ਸੁਖਾਂ ਨੇ ਮਤ ਮਾਰੀ
ਮਨ ਭਾਉਂਦਾ ਖਾ ਸਕਦਾ ਏਂ, ਜਗ ਭਾਉਂਦਾ ਪਾ ਸਕਦਾ ਏਂ
ਨਹੀਂ ਕੇਸ ਕਟਾ ਸਕਦਾ ਤੂੰ, ਤੂੰ ਇਸਦਾ ਨਹੀਂ ਅਧਿਕਾਰੀ

ਦਸਮੇਸ਼ ਦੀ ਕੇਸ ਅਮਾਨਤ, ਕਿਉਂ ਇਸ ਵਿਚ ਕਰੇਂ ਖਿਆਨਤ
ਕਿਉਂ ਖਟਦਾ ਪੰਥ ਤੋਂ ਲਾਅਨਤ, ਫੇਰੇਂ ਕਿਉਂ ਜੜ੍ਹ ਤੇ ਆਰੀ

ਜੋ ਕੌਮ ਨੂੰ ਰੁਸਵਾ ਕਰਦੇ, ਗ਼ੈਰਾਂ ਦਾ ਪਾਣੀ ਭਰਦੇ
ਉਹ ਢਾਹੁਣ ਚੁਬਾਰੇ ਘਰ ਦੇ, ਬਣਦੇ ਅਪਰਾਧੀ ਭਾਰੀ

ਉਠ ਸਮਝ ਸੰਭਾਲ ਤੂੰ ਵੇਲਾ, ਲੁਟ ਗਿਉਂ ਨਾ ਬਚਿਆ ਧੇਲਾ
ਲਗਾ ਗੁਰਮਤਿ ਦਾ ਹੈ ਮੇਲਾ, ਆ ਮੁੜ ਜੁੜ ਜਾ ਇਕ ਵਾਰੀ

ਗੁਰ ਚਰਨੀਂ ਸੀਸ ਧਰੇਂਗਾ, ਹੱਥ ਜੋੜ ਕੇ ਬਿਨੇ ਕਰੇਂ ਗਾ
ਮਨ ਮਤ ਦੀ ਮੈਲ਼ ਹਰੇਂਗਾ, ਮੁੜ ਮਿਲ ਜਾਊ ਸਰਦਾਰੀ

ਕਵੀ ਦਿਲਬਾਗ ਸਿੰਘ 'ਵੀਰ' ਪਤਿਤਪੁਣੇ ਨੂੰ ਨਰਕ ਕੁੰਭੀ ਵਿਚ ਧਕੇ ਜਾਣ ਤੁਲ ਜਾਣਦਾ ਕਹਿੰਦਾ ਹੈ:

ਸ਼ਕਲ ਆਪਣੀ ਦੇ ਕੇ ਸਭ ਤਾਈਂ, ਰਚਿਆ ਰੂਪ ਅਕਾਲ ਸੰਸਾਰ ਲੋਕੋ
ਈਸਾਈ, ਪਾਰਸੀ, ਮੁਸਲਮਾਨ, ਹਿੰਦੂ,
ਨਾਲੇ ਘੜਿਆ ਸਿੰਘ ਸਰਦਾਰ ਲੋਕੋ
ਵੇਦ, ਉਪਨਿਸ਼ਦ, ਸਿਮਰਤੀਆਂ ਸਣੇ ਸ਼ਾਸਤਰ,
ਰਹੇ ਕੁਰਾਨ ਅੰਜੀਲ ਪੁਕਾਰ ਲੋਕੋ
ਮੇਰੇ ਦਰ ਤੇ ਆਨ ਪਰਵਾਨ ਹੋਵੇ, ਸਾਬਤ ਸੂਰਤਿ ਸਿਰ ਦਸਤਾਰ ਲੋਕੋ

ਕਲਗੀਧਰ ਨੇ ਤਾਹੀਉਂ ਇਹ ਰੂਪ ਦੇ ਕੇ
ਪੁਤ ਅਕਾਲ ਦਾ ਖਾਲਸਾ ਸਾਜਿਆ ਸੀ
ਰਹਿਤਵਾਨ ਨੂੰ ਗੁਰੂ ਦੀ ਦੇ ਪਦਵੀ
ਚੇਲਾ ਬਣ ਕੇ ਆਪ ਨਿਵਾਜਿਆ ਸੀ

ਦਸਮੇਸ਼ ਪਿਤਾ ਨੇ ਬਖਸ਼ਿਆ ਮਾਨ ਜਿਹੜਾ
ਮਿਟੀ ਘਟਿਆਂ ਵਿਚ ਕਿਉਂ ਰੋਲਦੇ ਹੋ
ਅਮਰ ਬਣਨ ਲਈ ਬਖਸ਼ੀ ਦਾਤ ਅੰਮ੍ਰਿਤ,
ਅੰਮ੍ਰਿਤ ਵਿਚ ਪਏ ਜ਼ਹਿਰ ਕਿਉਂ ਘੋਲਦੇ ਹੋ


Sri Satguru Jagjit Singh Ji eLibrary NamdhariElibrary@gmail.com

*ਅਸਲ ਰੂਪ ਕਰਤਾਰ ਦਾ ਬਖਸ਼ਿਆ ਜੋ,*
*ਉਸ ਰੂਪ ਨੂੰ ਤੋੜ ਮਰੋੜਦੇ ਹੋ*
*ਪਤਿਤ ਹੋ ਕੇ ਗੁਰੂ ਨੂੰ ਕੰਡ ਦਿੰਦੇ,*
*ਨਰਕ ਕੁੰਭੀ ਦੇ ਦਵਾਰ ਕਿਉਂ ਖੋਹਲਦੇ ਹੋ?*

ਕਿਸੇ ਵੀ ਕਾਰਨ ਵਸ ਪਤਿਤ ਹੋਏ ਭੁਲੜ ਵੀਰਾਂ ਨਾਲ ਸਰ ਮੁਹੰਮਦ ਇਕਬਾਲ ਦੀ ਰਚਨਾ ਜਾਵੇਦ ਨਾਮੇ ਵਿਚੋਂ ਇਕ ਉਦਾਹਰਣ ਲੈ ਕੇ ਉਨ੍ਹਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਇਕਬਾਲ ਲਿਖਦਾ ਹੈ ਕਿ ਇਕ ਵਾਰੀ ਇਕ ਬਾਜ ਦਾ ਬੱਚਾ ਕਾਵਾਂ ਦੀ ਡਾਰ ਵਿਚ ਜਾ ਰਲਿਆ। ਉਹ ਉਕਾਬ ਬੱਚਾ ਆਪਣੇ ਮਹਾਨ ਵਿਰਸੇ ਤੋਂ ਬੇਮੁਖ ਹੋ ਕੇ ਕਾਵਾਂ ਵਿਚ ਚਲਾ ਤਾਂ ਗਿਆ ਪਰ ਕਾਂ ਇਸ ਕਰ ਕੇ ਉਸ ਦੀ ਕਦਰ ਨਹੀਂ ਸਨ ਕਰਦੇ ਕਿਉਂਕਿ ਉਹ ਜਾਣਦੇ ਸਨ ਕਿ ਇਹ ਆਪਣੇ ਵਿਰਸੇ ਤੋਂ ਟੁਟ ਕੇ ਨਿਤਾਣਾ ਹੋ ਗਿਆ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜਿਹੜਾ ਘਰ ਘਾਟ ਦਾ ਨਾ ਰਿਹਾ ਹੋਵੇ ਉਸ ਦਾ ਮੁਲ ਨਹੀਂ ਪੈਂਦਾ। ਮਝ ਦਾ ਮੁਲ ਵੀ ਕਿਲੇ ਤੇ ਬਝਣ ਨਾਲ ਹੀ ਬਝਦਾ ਏ। ਇਕਬਾਲ ਕਹਿੰਦਾ ਹੈ ਬਾਜ ਬੱਚੇ ਨੂੰ ਕਾਵਾਂ ਨੇ ਤਾਂ ਪਰਵਾਨਿਆ ਨਹੀਂ ਤੇ ਉਨ੍ਹਾਂ ਵਿਚ ਉਸ ਦੀ ਕੋਈ ਸਾਖ ਨਹੀਂ ਬਣੀ ਪਰ ਉਸ ਬਾਜ ਦੇ ਬੱਚੇ ਦਾ ਰਿਹਾ ਵੀ ਕੁਝ ਨਹੀਂ ਕਿਉਂਕਿ ਉਹ ਸੁਹਣੀਆਂ ਖਸਲਤਾਂ ਤੇ ਉਚੀ ਹਸਤੀ ਨਾਲ ਸਬੰਧਤ ਹੋਣ ਕਾਰਨ ਮਾਣ ਯੋਗ ਸੀ, ਸ਼ਾਹੀ ਪੰਛੀ ਸੀ। ਇਸ ਲਈ ਜੇ ਕਰ ਉਹ ਪਤਿਤ ਹੋ ਕੇ ਦੂਜਿਆਂ ਦੇ ਪਿਛੇ ਨਾ ਲਗਦਾ ਤਾਂ ਹੋ ਸਕਦਾ ਹੈ ਦੂਜੇ ਉਸ ਦੇ ਗੁਣਾਂ ਕਾਰਨ ਉਸ ਦੇ ਪਿਛੇ ਲਗਦੇ। ਇਕ ਨਿਕੀ ਜਿਹੀ ਨਾਦਾਨੀ ਕਾਰਨ ਉਸ ਤੋਂ ਆਪਣਾ ਤੇ ਆਪਣੀ ਕੁਲ ਦਾ ਕਿਤਨਾ ਵਡਾ ਨੁਕਸਾਨ ਹੋ ਗਿਆ ਹੈ? ਇਹੀ ਹਾਲ ਹਰ ਪਤਿਤ ਇਨਸਾਨ ਦਾ ਹੋ ਸਕਦਾ ਹੈ। ਇਹ ਗੱਲ ਸਾਡੇ ਧਿਆਨ ਗੋਚਰੇ ਹੋਣੀ ਚਾਹੀਦੀ ਹੈ ਕਿ ਪਤਿਤ ਸਿੱਖ ਨੌਜਵਾਨ ਨੂੰ ਸਿੱਖ ਭਾਈਚਾਰੇ ਵਿਚ ਚੰਗਾ ਰਿਸ਼ਤਾ ਨਹੀਂ ਮਿਲ ਸਕਦਾ ਕਿਉਂਕਿ ਉਹ ਸਿੱਖ ਨਹੀਂ ਜਾਪਦਾ ਅਤੇ ਨਾ ਹੀ ਹਿੰਦੂ ਪਰਿਵਾਰ ਵਿਚੋਂ ਚੰਗੀ ਤੇ ਖਾਨਦਾਨੀ ਲੜਕੀ ਮਿਲ ਸਕਦੀ ਹੈ ਕਿਉਂਕਿ ਉਸ ਦਾ ਪਛੋਕੜ ਹਿੰਦੂ ਧਰਮ ਤੋਂ ਕਾਫੀ ਭਿੰਨ ਹੈ।

ਹੁਣ ਤਾਂ ਇਥੇ ਤਕ ਵੀ ਦੇਖਿਆ ਗਿਆ ਹੈ ਕਿ ਪਤਿਤ ਲੜਕੇ ਦੇ ਪਰਿਵਾਰ ਵਾਲੇ ਆਪਣੀ ਧੀ ਭੈਣ ਦਾ ਯੋਗ ਵਰ ਲਭਣ ਵਿਚ ਵੀ ਦਿਕਤ ਮਹਿਸੂਸ ਕਰਨ ਲਗ ਪਏ ਹਨ ਕਿਉਂਕਿ ਹਰ ਕੋਈ ਗੁਰ ਸਿੱਖ ਪਰਿਵਾਰ ਲੜਕੀ ਦੇ ਭਰਾ ਆਦਿ ਦੇ ਕੇਸ ਕਟੇ ਹੋਣ ਕਾਰਨ ਉਸ ਪਰਿਵਾਰ ਵਿਚ ਰਿਸ਼ਤਾ ਕਰਨ ਤੋਂ ਕੰਨੀ ਕਤਰਾਂਦਾ ਹੈ। ਅਜਿਹੇ ਕੇਸਾਂ ਵਿਚ ਉਸ ਪ੍ਰਕਾਰ ਦੀ ਲੜਕੀ ਨੂੰ ਸਜ਼ਾ ਭੁਗਤਣੀ ਪੈਂਦੀ ਹੈ ਜਿਸ ਦੇ ਕਿ ਭਰਾ ਨੇ ਕੇਸ ਕਟਵਾਏ ਹੋਏ ਹੋਣ। ਇਹ ਵੀ ਦੇਖਣ ਵਿਚ ਆਇਆ ਹੈ ਕਿ ਵਡੇ ਵਡੇ ਖਾਨਦਾਨੀ ਗੁਰਸਿੱਖ ਘਰਾਂ ਦੇ ਲੜਕਿਆਂ ਨੇ ਕੇਸ ਕਟਵਾ ਕੇ ਆਪਣੇ ਪਰਿਤਸ਼ਠਾ ਵਾਲੇ ਮਾਪਿਆਂ ਜਾਂ ਹੋਰ ਬਜ਼ੁਰਗਾਂ ਨੂੰ ਫਜ਼ੂਲ ਦੀ ਸ਼ਰਮਸ਼ਾਰੀ ਵਿਚ ਪਾ ਦਿਤਾ ਹੈ ਅਤੇ ਉਨ੍ਹਾਂ ਦਾ ਸੁਸਾਇਟੀ, ਬਰਾਦਰੀ, ਭਾਈਚਾਰੇ ਆਦਿ ਵਿਚ ਵਿਚਰਨਾ ਮੁਸ਼ਕਲ ਕਰ ਦਿਤਾ ਹੈ। ਇਸ ਲਈ ਕੀ ਕੌਮ ਦੀ ਇਸ ਸਮੁਚੀ ਤੜਪ ਨੂੰ ਦੇਖਦਿਆਂ ਹੋਇਆਂ ਪਤਿਤ ਹੋਏ ਵੀਰਾਂ ਨੂੰ ਕੁਝ ਝੰਜੋੜਾ ਲਗੇਗਾ? ਵਾਹਿਗੁਰੂ ਉਨ੍ਹਾਂ ਨੂੰ ਸਮੱਤ ਬਖਸ਼ਣ ਤੇ ਉਹ ਵਾਪਸ ਸਿੱਖੀ ਸਰੂਪ ਵਿਚ ਪਰਤ ਕੇ ਗੁਰੂ ਘਰ ਦੀਆਂ ਖੁਸ਼ੀਆਂ ਦੇ ਮੁੜ ਕੇ ਪਾਤਰ ਬਣਨ ਤੇ ਨਾਲ ਹੀ ਮਹਾਨ ਵਿਰਸੇ ਦੇ ਮਾਲਕ ਤੇ ਵਾਰਸ ਵੀ।



Sri Satguru Jagjit Singh Ji eLibrary NamdhariElibrary@gmail.com

## ਸਪੋਰਟਸ ਕੈਪ ਪਾਉਣ ਦਾ ਘਟੀਆ ਸ਼ੌਕ

ਆਮ ਵੇਖਣ ਵਿਚ ਆਉਂਦਾ ਹੈ ਕਿ ਕਈ ਸਿੱਖ ਮੁੰਡੇ ਜੇ ਕਿਸੇ ਕਾਰਨ ਕਰਕੇ ਚਾਹੁੰਦਿਆਂ ਹੋਇਆਂ ਵੀ ਕੇਸ ਨਹੀਂ ਕਟਵਾਂਦੇ ਤਾਂ ਉਹ ਕੇਸਾਂ ਉਤੇ ਖਿਡਾਰੀਆਂ ਵਾਲੀ ਟੋਪੀ ਜੋ ਅਗੋਂ ਵਧੀ ਹੋਈ ਹੁੰਦੀ ਹੈ ਰੱਖ ਕੇ ਬਜ਼ਾਰਾਂ ਵਿਚ ਬੜੀ ਤੜੀ ਨਾਲ ਘੁੰਮਦੇ ਹਨ ਤੇ ਇਸੇ ਪਹਿਰਾਵੇ ਨਾਲ ਕਾਲਜਾਂ ਸਕੂਲਾਂ ਵਿਚ ਪੜ੍ਹਨ ਵੀ ਚਲੇ ਜਾਂਦੇ ਹਨ। ਉਨ੍ਹਾਂ ਦੀ ਸੋਚ ਅਨੁਸਾਰ ਉਹ ਇਹ ਟੋਪੀ ਪਾ ਕੇ ਵਧੇਰੇ ਚੁਸਤ, ਬਾਂਕੇ ਤੇ ਫੁਰਤੀਲੇ ਲਗਦੇ ਹਨ। ਉਹ ਇਹ ਸਮਝਦੇ ਹਨ ਕਿ ਜੇ ਹੋਰ ਕੁਝ ਵੀ ਨਾ ਹੋਵੇ ਤਾਂ ਵੀ ਉਹ ਇਸ ਟੋਪੀ ਦੇ ਪਾਉਣ ਨਾਲ ਖਿਡਾਰੀ ਤਾਂ ਜ਼ਰੂਰ ਦਿਸਦੇ ਹਨ। ਇਨ੍ਹਾਂ ਨੂੰ ਕੋਈ ਕਿਵੇਂ ਸਮਝਾਵੇ ਕਿ ਸਿੱਖਾਂ ਦਾ ਇਤਿਹਾਸ ਦਸਦਾ ਹੈ ਕਿ ਉਨ੍ਹਾਂ ਨੇ ਸਿਰਾਂ ਤੇ ਲੋਹ ਟੋਪ ਨਹੀਂ ਪਾਇਆ ਤੇ ਬਦਲੇ ਵਿਚ ਜੰਗਾਂ ਵਿਚ ਸ਼ਹੀਦੀਆਂ ਪ੍ਰਵਾਨ ਕੀਤੀਆਂ ਅਤੇ ਕੇਸਾਂ ਦਾ ਸਨਮਾਨ ਕਰਦੇ ਹੋਏ ਕੇਵਲ ਦਸਤਾਰਾਂ ਨੂੰ ਹੀ ਕੇਸਾਂ ਉਤੇ ਅੰਗੀਕਾਰ ਕੀਤਾ ਪਰ ਬੜੀ ਅਜੀਬ ਤੇ ਹਾਸੋਹੀਣੀ ਗਲ ਹੈ ਕਿ ਹੁਣ ਇਹ ਸਪੋਰਟਸ ਕੈਪ ਸਿੱਖ ਨੌਜਵਾਨਾਂ ਨੂੰ ਫੁਰਤੀਲਾ ਤੇ ਸ਼ਕਤੀਸ਼ਾਲੀ ਬਣਾ ਕੇ ਸਾਰਿਆਂ ਸਾਹਮਣੇ ਪੇਸ਼ ਕਰਨ ਦਾ ਆਖਰੀ ਸਹਾਰਾ ਬਣ ਕੇ ਰਹਿ ਗਈ ਜਾਪਦੀ ਹੈ। ਜੇ ਇਸ ਕੈਪ ਵਿਚ ਹੀ ਇਤਨਾ ਜਾਦੂ ਹੁੰਦਾ ਤਾਂ ਬਾਰਸੀਲੋਨਾ, ਐਟਲਾਂਟਾ ਤੇ ਸਿਡਨੀ ਓਲੰਪਿਕ ਖੇਡਾਂ ਵਿਚ ਭਾਰਤੀ ਖਿਡਾਰੀਆਂ ਦੀ ਉਹ ਦੁਰਦਸ਼ਾ ਨਾ ਹੁੰਦੀ ਜੋ ਹੋਈ ਹੈ। ਇਨ੍ਹਾਂ ਓਲੰਪਿਕ ਖੇਡਾਂ ਵਿਚ ਹਿਸਾ ਲੈਣ ਵਾਲੇ ਅਸਲੀ ਭਾਰਤੀ ਖਿਡਾਰੀ ਤਾਂ ਆਪਣੇ ਘਟੀਆ ਤੇ ਸ਼ਰਮਨਾਕ ਪ੍ਰਦਰਸ਼ਨ ਕਾਰਨ ਇਨ੍ਹਾਂ ਟੋਪੀਆਂ ਨੂੰ ਲੁਕਾਈ ਫਿਰਦੇ ਰਹੇ ਹਨ ਪਰ ਨਕਲੀ ਖਿਡਾਰੀ ਇਨ੍ਹਾਂ ਨੂੰ ਪਾ ਕੇ ਭਾਰਤੀ ਖਿਡਾਰੀਆਂ ਵਲੋਂ 'ਮਾਰੀਆਂ ਤੇਗ਼ਾਂ' ਤੇ 'ਅਰਜਤ ਕੀਤੀਆਂ ਪ੍ਰਾਪਤੀਆਂ' ਦੇ ਭਾਈਵਾਲ ਬਣ ਰਹੇ ਹਨ। ਸ਼ਰਮਸਾਰੀ ਦਾ ਸਾਥ ਦੇਣ ਵਾਲੇ ਅਣਜਾਣ ਸਿੱਖ ਵੀਰੋ ਕੁਝ ਤਾਂ ਖਿਆਲ ਕਰੋ ਆਪਣੇ ਮਹਾਨ ਵਿਰਸੇ ਦਾ। ਵੇਲਾ ਹੈ ਸੰਭਲਣ ਦਾ, ਆਪਣੇ ਵਿਰਸੇ ਨੂੰ ਸੰਭਾਲਣ ਦਾ, ਆਪਣੇ ਅੰਦਰ ਗੁਣ ਤੇ ਸ਼ਕਤੀ ਪੈਦਾ ਕਰਨ ਦਾ ਅਤੇ ਮਾਣ ਦੀ ਗੱਲ ਹੈ ਕਿ ਕੇਸ ਹਰ ਲਿਹਾਜ਼ ਨਾਲ ਸੂਰਮਗਤੀ ਵਿਚ ਵਾਧਾ ਕਰਦੇ ਹਨ ਅਤੇ ਇਹੀ ਕੇਸ, ਦਾਹੜੀ ਤੇ ਮੁਛਾਂ ਮਰਦਾਨਗੀ ਦੀ ਸ਼ਾਨ ਹਨ। ਕੇਸਾਂ ਦੀ ਪ੍ਰਦਰਸ਼ਨੀ ਵਿਚ ਅਨੰਦ ਹੈ, ਇਨ੍ਹਾਂ ਨੂੰ ਰਖਣ ਵਿਚ ਮਰਦਾਊਪੁਣੇ ਦਾ ਵਿਗਾਸ ਪਰਤੀਤ ਹੁੰਦਾ ਹੈ, ਜੁਝਾਰੂ ਤੇ ਮਾਣ ਜਨਕ ਵਿਰਸੇ ਨਾਲ ਜੋੜ ਜੁੜਦਾ ਹੈ, ਇਸ ਲਈ ਕੇਸਾਂ ਨੂੰ ਟੋਪੀਆਂ ਥਲੇ ਲੁਕਾਣਾ ਵਡਮੁਲੇ ਮਾਣਜਨਕ ਵਿਰਸੇ ਨੂੰ ਜ਼ਿੰਦਾ ਦਫਨਾਉਣਾ ਹੈ ਜੋ ਕਿਸੇ ਵੀ ਹਾਲਤ ਵਿਚ ਵਾਜਬ ਨਹੀਂ ਤੇ ਨਾ ਹੀ ਸ਼ੋਭਨੀਕ ਹੈ। ਫਲ ਸਰੂਪ ਇਸ ਰੁਚੀ ਨੂੰ ਜਿਤਨੀ ਜਲਦੀ ਤਲਾਂਜਲੀ ਦਿਤੀ ਜਾ ਸਕੇ ਸਾਡੇ ਸਾਰਿਆਂ ਦੇ ਹਿਤ ਵਿਚ ਰਹੇਗਾ। ਮਾਪਿਆਂ ਨੂੰ ਇਸ ਬਾਰੇ ਵਿਸ਼ੇਸ਼ ਹੋਸ਼ ਤੇ ਸੋਚ ਨਾਲ ਯੋਗ ਭੂਮਿਕਾ ਨਿਭਾਉਣੀ ਚਾਹੀਦੀ ਹੈ ਜੋ ਉਨ੍ਹਾਂ ਦਾ ਫਰਜ਼ ਵੀ ਹੈ। **ਇਕ ਨੌਜਵਾਨ ਨੂੰ ਸੂਰਮਗਤੀ ਦੇ ਬਦਲੇ ਫੈਸ਼ਨ ਰੂਪ ਵਿਚ ਜੋ ਕੁਝ ਵੀ ਮਿਲੇ ਉਹ ਉਸ ਲਈ ਘਾਟੇ ਵਾਲਾ ਸੌਦਾ ਹੈ ਜੋ ਉਸ ਨੂੰ ਕਦਾਚਿਤ ਪਰਵਾਨ ਨਹੀਂ ਕਰਨਾ ਚਾਹੀਦਾ। ਕੇਸ ਸੂਰਮਗਤੀ ਦਾ ਪਰਗਟਾਵਾ ਹਨ, ਸ਼੍ਰੋਮਣੀ ਸ਼ਿੰਗਾਰ ਹਨ ਤੇ ਉਨ੍ਹਾਂ ਉਤੇ ਸਪੋਰਟਸ ਕੈਪ ਰਖਣਾ ਸੂਰਮਗਤੀ ਨੂੰ ਢਕਣਾ ਹੈ, ਕਲੰਕਤ ਕਰਨਾ ਹੈ, ਬੱਜ ਲਾਉਣਾ ਹੈ। ਕੇਸਾਂ ਦੀ ਯੋਗ ਸੰਭਾਲ ਦੋਹਰੀ ਦਸਤਾਰ ਨਾਲ ਹੀ ਹੋ ਸਕਦੀ ਹੈ ਟੋਪੀ ਰੱਖ ਕੇ ਤੇ ਬਹੁਰੂਪੀਆ ਬਣ ਕੇ ਨਹੀਂ।** ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ



Sri Satguru Jagjit Singh Ji eLibrary NamdhariElibrary@gmail.com

ਵਿਚ ਇਸ ਬਾਰੇ ਕਈ ਸਿਖਿਆਦਾਇਕ ਗਲਾਂ ਕਹੀਆਂ ਗਈਆਂ ਹਨ ਜਿਨ੍ਹਾਂ ਵਲ ਹਰ ਸਿੱਖ ਦਾ ਧਿਆਨ ਜਾਣਾ ਚਾਹੀਦਾ ਹੈ। ਉਸ ਵਿਚ ਉਹ ਸਪੱਸ਼ਟ ਲਿਖਦਾ ਹੈ:

*ਹੋਇ ਸਿੱਖ ਸਿਰ ਟੋਪੀ ਧਰੈ*
*ਸਾਤ ਜਨਮ ਕੁਸ਼ਟੀ ਹੋਇ ਮਰੈ।*

ਅਜਿਹੇ ਮਨ ਮਤੀਏ ਨੂੰ ਸਤ ਜਨਮ ਕੋਹੜੀ ਹੋ ਕੇ ਬਤਾਉਣ ਦਾ ਸਰਾਪ ਦਿਤਾ ਗਿਆ ਹੈ। ਭਾਈ ਨੰਦ ਲਾਲ ਗੋਯਾ ਕੇਸਾਂ ਉਤੇ ਟੋਪੀ ਰਖਣ ਤੋਂ ਸਾਨੂੰ ਇਵੇਂ ਵਰਜਦੇ ਹਨ:

*ਮੋਹਰ ਤੁਰਕ ਕੀ ਸਿਰ ਧਰੈ ਲੋਹ ਲਗਾਵਹਿ ਚਰਨ*
*ਕਹੈ ਗੋਬਿੰਦ ਸਿੰਘ ਲਾਲ ਜੀ, ਫਿਰ ਫਿਰ ਹੋਇ ਤਿਸ ਮਰਨ।*

ਇਸੇ ਸਿਲਸਿਲੇ ਵਿਚ ਭਾਈ ਚੋਪਾ ਸਿੰਘ ਤਨਖਾਹ ਨਾਮਾ ਵਿਚ ਲਿਖਦਾ ਹੈ:

*ਜੋ ਕੇਸਾਧਾਰੀ ਟੋਪੀ ਰਖੇ ਸੋ ਭੀ ਤਨਖਾਹੀਆ...*
*ਕੇਸਾਂ ਨੂੰ ਵਾਲ ਆਖੇ ਸੋ ਤਨਖਾਹੀਆ....*
*ਨੰਗੇ ਕੇਸੀਂ ਭੋਜਨ ਕਰੇ ਸੋ ਤਨਖਾਹੀਆ....*

ਮੌਜੂਦਾ ਜ਼ਮਾਨੇ ਦਾ ਕਵੀ 'ਜਾਚਕ' ਇਸ ਮਸਲੇ ਤੇ ਇਵੇਂ ਬੋਲਦਾ ਹੈ:

*ਸਿਖੀ ਸਰੂਪ ਦੇ ਸੁੰਦਰ ਮੁਨਾਰਿਆਂ ਨੂੰ,*
*ਕੈਂਚੀ ਬਲੇਡ ਦੇ ਨਾਲ ਨੇ ਢਾਈ ਫਿਰਦੇ*

*ਕਈ ਗੁਰਸਿਖਾਂ ਦੇ ਪੁਤ ਪਤਿਤ ਹੋ ਕੇ*
*ਚਿਟੀ ਪਗ ਨੂੰ ਦਾਗ਼ ਨੇ ਲਾਈ ਫਿਰਦੇ*

*ਕਤਲ ਕਰਵਾਂਦੇ ਨੇ ਕੇਸ ਇਹ ਬੋਝ ਕਹਿ ਕੇ*
*ਐਪਰ ਸਰੀਰ ਦਾ ਬੋਝ ਇਹ ਚਾਈ ਫਿਰਦੇ*

*ਸੁੰਦਰ ਸੁਹਣੀ ਦਸਤਾਰ ਨੂੰ ਛਡ ਕੇ ਤੇ*
*ਅਜ ਟੋਪੀਆਂ ਸਿਰਾਂ ਤੇ ਪਾਈ ਫਿਰਦੇ*

*ਪਾਵਨ ਕੇਸਾਂ ਦਾ ਪੂਰਾ ਸਤਿਕਾਰ ਕਰਨੈ*
*ਇਹਨੂੰ ਸਮਝ ਕੇ ਸਿੱਖੀ ਦੀ ਮੋਹਰ ਆਪਾਂ*

*ਰੋਮ ਕਟਦੀਆਂ ਸਿੱਖਾਂ ਦੀਆਂ ਬੀਬੀਆਂ ਨੂੰ*
*ਕਰਨ ਦੇਈਏ ਨਾ ਪਾਪ ਇਹ ਘੋਰ ਆਪਾਂ*

*ਸਜਾਉਣੀ ਸਹੁਣੀ ਦਸਤਾਰ ਏ ਸੀਸ ਉਤੇ*
*ਨੰਗੇ ਸਿਰ ਨਹੀਂ ਤੁਰਨੀ ਕੋਈ ਤੋਰ ਆਪਾਂ*

*ਰਹਿਣੈ 'ਜਾਚਕ' ਸਦਾ ਹੀ ਸ਼ੇਰ ਬਣ ਕੇ*
*ਨਹੀਂ ਗਿਦੜ ਜਾਂ ਬਣਨਾ ਕੁਝ ਹੋਰ ਆਪਾਂ*

ਕਵੀ ਬਹੁਤ ਸਚ ਕਹਿੰਦਾ ਹੈ ਤੇ ਬਿਲਕੁਲ ਜਾਇਜ਼ ਵੀ।

ਉਕਤ ਸਾਰੇ ਪ੍ਰਮਾਣ ਤੇ ਦ੍ਰਿਸ਼ਟਾਂਤ ਪੁਰਜ਼ੋਰ ਢੰਗ ਨਾਲ ਸਿੱਖ ਬਚਿਆਂ ਨੂੰ ਅਣਜਾਣੇ ਵਿਚ ਜਾਂ ਫੈਸ਼ਨ ਪ੍ਰਸਤੀ ਦੇ ਉਤਸ਼ਾਹ ਵਿਚ ਆ ਕੇ ਆਪਣੇ ਪਵਿੱਤਰ ਕੇਸਾਂ ਉਤੇ ਟੋਪੀ ਪਾਉਣ ਤੋਂ ਵਰਜਦੇ ਹਨ ਇਸ ਲਈ ਸਾਨੂੰ ਕੇਸਾਂ ਦਾ ਸਤਿਕਾਰ ਕਰਦੇ ਹੋਏ


Sri Satguru Jagjit Singh Ji eLibrary NamdhariElibrary@gmail.com

ਨੰਗੇ ਸਿਰ ਨਹੀਂ ਰਹਿਣਾ ਚਾਹੀਦਾ ਤੇ ਨਾ ਹੀ ਦਸਤਾਰ ਤੋਂ ਬਿਨਾਂ ਇਹ ਕਿਸੇ ਹੋਰ ਚੀਜ਼ ਨਾਲ ਢਕਣੇ ਹੀ ਚਾਹੀਦੇ ਹਨ। **ਦਸਤਾਰ ਸਿੱਖ ਦਾ ਤਾਜ ਹੈ ਜੋ ਗੁਰੂ ਸਾਹਿਬ ਨੇ ਆਪਣੇ ਲਾਡਲੇ ਪੁਤਰਾਂ ਨੂੰ ਪਿਆਰ ਭੇਂਟ ਕੀਤਾ ਹੈ। ਕੇਸ ਗੁਰੂ ਜੀ ਦੀ ਨਿਸ਼ਾਨੀ ਹਨ। ਕੀ ਇਸ ਬਹੁਮੁਲੀ ਨਿਸ਼ਾਨੀ ਤੇ ਸਾਨੂੰ ਗੌਰਵ ਨਹੀਂ? ਕੀ ਇਸ ਨਿਸ਼ਾਨੀ ਨੂੰ ਸੰਭਾਲਣਾ ਸਾਡਾ ਫਰਜ਼ ਨਹੀਂ?**

ਹਰ ਪ੍ਰੇਮਕਾ ਆਪਣੇ ਪ੍ਰੇਮੀ ਦੀ ਨਿਸ਼ਾਨੀ ਨੂੰ ਦਿਲ ਜਾਨ ਤੋਂ ਪਿਆਰ ਕਰਦੀ ਉਸਨੂੰ ਸਤਾਂ ਪਰਦਿਆਂ ਵਿਚ ਸੰਭਾਲ ਕੇ ਰਖਦੀ ਹੈ ਫਿਰ ਅਸੀਂ ਆਪਣੇ ਪ੍ਰੀਤਮ ਮਾਹੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਕੇਸਾਂ ਰੂਪੀ ਪ੍ਰੇਮ ਨਿਸ਼ਾਨੀ ਨੂੰ ਉਸੇ ਸਤਿਕਾਰ ਤੇ ਪਿਆਰ ਵਿਚ ਕਿਉਂ ਨਹੀਂ ਸੰਭਾਲ ਸਕਦੇ ਜਿਵੇਂ ਕਿ ਪਿਆਰ ਦੀ ਦੁਨੀਆ ਵਿਚ ਸ਼ੋਭਦਾ ਹੈ।

**ਗੁਰੂ ਗੋਬਿੰਦ ਸਿੰਘ ਸਾਹਿਬ ਜੋਤੀ ਜੋਤ ਸਮਾਉਣ ਲਗਿਆਂ ਆਪਣੀ ਆਤਮਾ ਗੁਰੂ ਗ੍ਰੰਥ ਵਿਚ ਤੇ ਸਰੀਰ ਖਾਲਸਾ ਪੰਥ ਵਿਚ ਵਲੀਨ ਕਰ ਗਏ ਹਨ। ਉਨ੍ਹਾਂ ਦੇ ਹੁਕਮਾਂ ਤੇ ਚਲਦਿਆਂ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਗੁਰੂ ਰੂਪ ਵਿਚ ਸਤਿਕਾਰ ਕਰਦੇ ਹਾਂ ਤੇ ਉਸ ਵਿਚੋਂ ਕੰਨਾ, ਬਿੰਦੀ ਇਧਰ ਉਧਰ ਕਰਨ ਨੂੰ ਪਾਪ ਸਮਝਦੇ ਹਾਂ, ਕਿਉਂਕਿ ਉਹ ਗੁਰੂ ਹਨ, ਗੁਰੂ ਦੀ ਆਤਮਾ ਹਨ ਫਿਰ ਆਪਣੇ ਕੇਸਾਂ ਨੂੰ ਕਤਲ ਕਰਕੇ ਖਾਲਸੇ ਦਾ ਸਰੂਪ ਵਿਗਾੜਨ ਦਾ ਸਾਨੂੰ ਕੀ ਹੱਕ ਹੈ? ਕੀ ਅਜਿਹਾ ਕਰਨ ਨਾਲ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਅਗੇ ਵਿਸ਼ੇਸ਼ ਤੌਰ ਤੇ ਜਵਾਬ ਦੇਹ ਨਹੀਂ ਹੋਵਾਂਗੇ ਕਿਉਂਕਿ ਇਵੇਂ ਅਸੀਂ ਉਨ੍ਹਾਂ ਦਾ ਰੂਪ ਵਿਗਾੜਨ ਦੀ ਗੁਸਤਾਖ਼ੀ ਕਰ ਰਹੇ ਹਾਂ।**

ਜੇ ਕੇਸਾਂ ਨੂੰ ਅਤੇ ਹੋਰ ਕਕਾਰਾਂ ਨੂੰ ਅਸੀਂ ਗੁਰੂ ਸਾਹਿਬ ਦੀ ਨਿਸ਼ਾਨੀ, ਉਨ੍ਹਾਂ ਦਾ ਦਿਤਾ ਅਨਮੋਲ ਤੋਹਫਾ ਸਮਝਦੇ ਹਾਂ ਤਾਂ ਸਾਨੂੰ ਇਨ੍ਹਾਂ ਦਾ ਉਸ ਤਰ੍ਹਾਂ ਸਤਿਕਾਰ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਪ੍ਰਸਿਧ ਵਿਦਵਾਨ ਪ੍ਰੋ· ਪੂਰਨ ਸਿੰਘ ਸਾਨੂੰ ਸਮਝਾਉਂਦੇ ਹਨ। ਉਹ ਕਹਿੰਦੇ ਹਨ: ਜਦੋਂ ਉਸ (ਗੁਰੂ) ਨੇ ਮੇਰੇ ਕੇਸਾਂ ਨੂੰ ਕੋਮਲ ਹੱਥਾਂ ਨਾਲ ਛੋਹ ਲਿਆ ਤੇ ਮੈਨੂੰ ਅਸੀਸ ਦੇ ਦਿਤੀ ਤਾਂ ਮੈਂ ਇਨ੍ਹਾਂ ਕੇਸਾਂ ਦਾ ਕਟਵਾਇਆ ਜਾਣਾ ਕਿਵੇਂ ਸਹਿਨ ਕਰਦਾ? ਸਿੱਖ ਉਹ ਹੈ ਜੋ ਪੂਰੀ ਤਰ੍ਹਾਂ ਸਮਰਪਤ ਹੈ। **ਮੈਂ ਆਪਣੇ ਕੇਸਾਂ ਵਿਚ ਉਸ ਦੀ ਛੋਹ ਦੀ ਖੁਸ਼ਬੋ ਸੰਭਾਲੀ ਬੈਠਾ ਹਾਂ। ਮੈਂ ਵਿਹਾਉਣ ਜਾ ਰਹੀ ਨਾਰ ਹਾਂ। ਨਵੇਂ ਯੁਗ ਵਾਲਿਆਂ ਨੇ ਸੁਹਾਗਣ ਦਾ ਸਿਰ ਮੁਨ ਦਿਤਾ ਹੈ ਪਰ ਈਸਾ ਦੀਆਂ ਪਵਿਤਰ ਮੇਢੀਆਂ ਅਜ ਵੀ ਕਿਸੇ ਮਰਦ ਜਾਂ ਤੀਵੀਂ ਦੇ ਸਿਰ ਦਾ ਸਭ ਤੋਂ ਉਤਮ ਸ਼ਿੰਗਾਰ ਹਨ। ਅਸਮਾਨ ਵਿਚ ਉਡਦੇ ਬਦਲਾਂ ਦੀ ਰੂੰ ਵਿਚ ਬਿਜਲੀ ਛੁਪੀ ਹੋਈ ਹੁੰਦੀ ਹੈ। ਇਸੇ ਤਰ੍ਹਾਂ ਕੇਸ ਵੀ ਅਗੰਮੀ ਸ਼ਕਤੀ ਦੇ ਧਾਰਨੀ ਹਨ। ਇਨ੍ਹਾਂ ਵਿਚ ਵੀ ਬਹੁਤ ਸ਼ਕਤੀ ਛੁਪੀ ਹੋਈ ਹੈ। ਕਹਿੰਦੇ ਨੇ ਕੇਸ ਰਖਣੇ ਬੜੇ ਔਖੇ ਹੁੰਦੇ ਹਨ ਪਰ ਜਿਸ ਜੀਵਨ ਵਿਚ ਕੋਈ ਪਰੇਰਨਾ ਹੀ ਨਾ ਹੋਵੇ, ਉਸ ਦਾ ਜੀਣਾ ਹੋਰ ਵੀ ਜ਼ਿਆਦਾ ਔਖਾ ਹੁੰਦਾ ਹੈ। ਜੇ ਔਖ ਸੌਖ ਨੂੰ ਅਧਾਰ ਬਣਾ ਕੇ ਹੀ ਕੁਝ ਕਰਨਾ ਹੈ ਤਾਂ ਸਰੀਰ ਵੀ ਆਪਣੇ ਆਪ ਵਿਚ ਘਟ ਔਖਿਆਈ ਦੇਣ ਵਾਲਾ ਨਹੀਂ। ਰੋਜ਼ ਹਾਜਤ ਲਈ ਜਾਣਾ, ਨਾਹੁਣਾ, ਧੋਣਾ, ਕਪੜੇ ਪਾਉਣੇ, ਮੂੰਹ ਤੇ ਪਾਊਡਰ, ਕਰੀਮ ਤੇ ਹੋਰ ਕਈ ਕੁਝ ਮਲਣਾ, ਅਖਾਂ ਵਿਚ ਦਵਾਈ ਪਾਉਣਾ ਕੋਈ ਘਟ ਔਖਾ ਤਾਂ ਨਹੀਂ ਅਤੇ ਜਦੋਂ ਇਤਨੇ ਮੁਸ਼ਕਲ ਮਨੁੱਖੀ ਸਰੀਰ ਨੂੰ ਝਲ ਲਿਆ, ਇਸ ਅਸੰਭਵ ਜਹੀ**


Sri Satguru Jagjit Singh Ji eLibrary NamdhariElibrary@gmail.com

**ਦੁਨੀਆ ਨੂੰ ਪਰਵਾਨ ਕਰ ਲਿਆ ਤਾਂ ਮਨੁਖਤਾ ਦੇ ਰੂਹਾਨੀ ਤਾਜ ਕੇਸਾਂ ਤੋਂ ਹੀ ਛੁਟਕਾਰਾ ਪਾਉਣ ਦੀ ਗਲ ਨਿਰੀ-ਪੁਰੀ ਆਤਮਾ ਦਾ ਸਖਣਾ ਪੰਨ ਅਤੇ ਰਬੀ ਪ੍ਰੇਮ ਦਾ ਦੀਵਾਲੀਆ ਨਿਕਲਣ ਵਾਂਗ ਹੀ ਬਣ ਜਾਂਦੀ ਹੈ।** ਨਵੇਂ ਜ਼ਮਾਨੇ ਦੀ ਤੀਵੀਂ ਨੇ ਜਿਵੇਂ ਮੈਂ ਕਿਸੇ ਹੋਰ ਥਾਂ ਕਿਹਾ ਹੈ ਆਪਣੇ ਕੇਸਾਂ ਨੂੰ ਕਤਰ ਕੇ ਅਤੇ ਗੁਲਾਬੀ ਪੰਖੜੀਆਂ ਵਰਗੇ ਬੁਲ੍ਹਾਂ ਉਤੇ ਰੰਗ ਪੋਚ ਕੇ ਆਪਣੀ ਆਤਮਾ ਦਾ ਵਡਾ ਭਾਗ ਮਾਰ ਲਿਆ ਹੈ।...

ਸਾਡੇ ਗੁਰੂ ਵਲੋਂ ਜੋ ਸਾਡੇ ਮਾਂ, ਬਾਪ, ਭੈਣ ਜਾਂ ਪਤਨੀ ਤੋਂ ਵੀ ਸਾਨੂੰ ਪਿਆਰਾ ਹੈ, ਸਾਨੂੰ ਇਕ ਤੋਹਫਾ ਮਿਲਿਆ ਹੈ। ਲਾਹਨਤ ਹੈ ਸਾਨੂੰ ਜੋ ਅਸੀਂ ਇਸ ਦੇ ਗੁਣਾਂ ਬਾਰੇ ਬਹਿਸ ਕਰ ਰਹੇ ਹਾਂ। ਗੁਰੂ ਨੇ ਮੇਰੇ ਕੇਸਾਂ ਨੂੰ ਆਪਣੀ ਛੋਹ ਦੇ ਦਿਤੀ, ਸੋ ਮੈਂ ਕੇਸ ਰਖ ਰਿਹਾ ਹਾਂ। ਜਦੋਂ ਮੈਂ ਆਪਣੀ ਬਾਂਹ ਉਪਰ ਵਲ ਕਰਦਾ ਹਾਂ ਤਾਂ ਕੜਾ ਚਮਕਦਾ ਹੈ। ਮੈਨੂੰ ਗੁਰੂ ਦੀ ਬਾਂਹ ਦੀ ਯਾਦ ਆ ਜਾਂਦੀ ਹੈ ਜਿਸ ਉਤੇ ਇਹੋ ਜਿਹਾ ਕੜਾ ਚੜ੍ਹਿਆ ਹੋਇਆ ਸੀ ਭਾਵੇਂ ਇਹ ਬਾਂਹ ਉਸ ਗੁਰੂ ਦੀ ਤਾਂ ਨਹੀਂ। ਬਾਕੀ ਧਰਮਾਂ ਦੇ ਬਾਹਰੀ ਵਿਖਾਵੇ ਵਾਲੇ ਚਿੰਨ੍ਹ ਹਨ ਮੇਰਾ ਤਾਂ ਇਕ ਸਿੱਖ ਦਾ ਧਰਮ ਹੈ। ਗੁਰੂ ਨੇ ਮੈਨੂੰ ਪਿਆਰ ਕੀਤਾ। ਉਹਨੇ ਮੈਨੂੰ ਆਪਣਾ ਬਣਾ ਲਿਆ। ਕਿਰਪਾਨ ਗੁਰੂ ਦੇ ਟਿਕਾਣੇ ਵਾਲਾ ਮਨ ਹੈ। ਸਰਬ ਲੋਹ ਦਾ ਕੜਾ ਉਸ ਦੀ ਯਾਦ ਹੈ। ਕੇਸ ਇਕ ਬਰਫੀਲੀ ਚੋਟੀ ਦੁਆਲੇ ਛਾਏ ਬਦਲਾਂ ਵਾਂਗ ਹਨ—ਉਹ ਸਦਾ ਇਕੱਠੇ ਹੁੰਦੇ ਰਹਿੰਦੇ ਨੇ, ਹੁੰਦੇ ਰਹਿੰਦੇ ਨੇ ਤੇ ਵਰ੍ਹਦੇ ਰਹਿੰਦੇ ਨੇ ਫਿਰ ਵਰ੍ਹਦੇ ਰਹਿੰਦੇ ਨੇ।

ਮੇਰੇ ਪਵਿਤਰ ਕੇਸਾਂ ਵਿਚ ਗੰਗਾ, ਜਮਨਾ ਤੇ ਗੋਦਾਵਰੀ ਦੇ ਪਾਣੀ ਵਗਦੇ ਨੇ। ਕੀ ਮੇਰੇ ਕੋਲ ਉਹ ਕੰਘਾ ਵੀ ਹੈ ਜੋ ਗੁਰੂ ਨੇ ਦਿਤਾ ਸੀ? ਕੀ ਉਸ ਦੀਆਂ ਦਿਤੀਆਂ ਹੋਈਆਂ ਬਖਸ਼ਸ਼ਾਂ ਮੇਰੇ ਕੋਲ ਹਨ? ਮੈਂ ਉਨ੍ਹਾਂ ਨੂੰ ਗਵਾ ਦਿਤਾ ਹੋਵੇਗਾ ਪਰ ਮੈਂ ਆਪਣੇ ਕੇਸ ਨਹੀਂ ਗਵਾ ਸਕਦਾ। ਮੈਂ ਆਪਣੇ ਕੇਸ ਬਿਲਕੁਲ ਨਹੀਂ ਗਵਾ ਸਕਦਾ। ਅਸੀਂ ਉਸ ਦੇ ਰੁਹਾਨੀ ਸਪਾਹੀ ਹਾਂ। ਅਸੀਂ ਪ੍ਰੇਮ ਦੇ ਉਮਰ ਕੈਦੀ ਹਾਂ। ਇਹ ਪ੍ਰੇਮ ਦੀਆਂ ਬੇੜੀਆਂ ਹਨ ਜੋ ਸਾਡੀ ਅਜ਼ਾਦੀ ਦੀ ਕੀਮਤ ਵਜੋਂ ਹਨ। **ਹਰ ਸਿੱਖ ਗੁਰੂ ਗੋਬਿੰਦ ਸਿੰਘ ਦੇ ਕੇਸ ਤੇ ਉਸ ਦੀ ਦਾਹੜੀ ਪਾਲਦਾ ਹੈ। ਅਸੀਂ ਤਾਂ ਉਸ ਦੇ ਅਕਸ ਵਿਚ ਹੀ ਢਲੇ ਹੋਏ ਹਾਂ।** ਜਿਨ੍ਹਾਂ ਦਾ ਅਜੇ ਤੀਕ ਗੁਰੂ ਨਾਲ ਨਿਜੀ ਕਿਸਮ ਦਾ ਖੁਲ੍ਹਾ ਪ੍ਰੇਮ ਨਹੀਂ ਬਣਿਆ ਉਹ ਅਜੇ ਦਰਵਾਜ਼ੇ ਤੋਂ ਬਾਹਰ ਖੜੇ ਹਨ। ਕਿਸੇ ਪਰਚਾਰਕ ਦੇ ਲਹਿਜੇ ਵਿਚ ਸਾਡੇ ਨਾਲ ਗਲ ਨਾ ਕਰੋ। ਇਹ ਧਰਮ ਦੇ ਚਿੰਨ੍ਹ ਨਹੀਂ ਨਾ ਹੀ ਕਿਸੇ ਧਾਰਮਿਕ ਸ਼ਾਖਾ ਦੇ ਰੀਤੀ ਰਵਾਜ ਹਨ। ਇਹ ਤਾਂ ਨਿਸ਼ਾਨੀ ਹਨ ਇਸ ਗਲ ਦੀ ਕਿ ਅਸੀਂ ਪਰਨਾਈਆਂ ਹੋਈਆਂ ਨਾਰਾਂ ਹਾਂ। ਇਹ ਤਾਂ ਲਾੜੇ ਵਲੋਂ ਮਿਲੇ ਸਾਨੂੰ ਕੀਮਤੀ ਤੋਹਫੇ ਹਨ। ਉਸ ਨੇ ਸਾਨੂੰ ਇਹ ਆਪ ਦਿਤੇ, ਇਸ ਲਈ ਇਹ ਪਵਿਤਰ ਹਨ। ਵਹਿਮ? ਹਾਂ, ਕੋਈ ਇਸ ਨੂੰ ਵਹਿਮ ਸਮਝੇ ਤਾਂ ਪਿਆ ਸਮਝੇ, ਪਰ ਕਿਹੜੇ ਪਿਆਰ ਵਿਚ ਵਹਿਮ ਨਹੀਂ ਹੁੰਦਾ ਤੇ ਕਿਸ ਥਾਂ ਪਿਆਰ ਦੇ ਆਪਣੇ ਵਹਿਮ ਨਹੀਂ ਹੋਏ?

ਕੇਸਾਂ ਤੇ ਹੋਰ ਕਕਾਰਾਂ ਪ੍ਰਤੀ ਉਕਤ ਦਸੀ ਸ਼ਰਧਾ ਭਾਵਨਾ ਤੋਂ ਘਟ ਗਲ ਨਹੀਂ ਬਣਦੀ, ਇਸ ਲਈ ਸਾਨੂੰ ਇਨ੍ਹਾਂ ਬਾਰੇ ਆਪਣੇ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ। ਅਜਿਹਾ ਕਰਨਾ ਐਨ ਅਵਸ਼ਕ ਹੈ ਤੇ ਸਮੇਂ ਦੀ ਮੰਗ ਹੈ। ਆਓ ਗੁਰੂ ਦੀ ਸ਼ਾਬਾਸ਼ ਦੇ ਪਾਤਰ ਬਣੀਏ। ਗੁਰੂ ਦੇ ਹੋ ਕੇ ਰਹੀਏ, ਉਸ ਗੁਰੂ ਦੇ ਜਿਸ ਨੇ ਸਾਡੇ ਲਈ ਆਪਣਾ ਸਰਬੰਸ ਵਾਰ ਦਿਤਾ ਹੈ ਤੇ ਸਾਨੂੰ ਆਪਣਾ ਪੁਤਰ ਹੋਣ ਦਾ ਮਾਣ ਬਖਸ਼ਿਆ ਹੈ। ਪਿਉ



Sri Satguru Jagjit Singh Ji eLibrary NamdhariElibrary@gmail.com

ਨੂੰ ਭੁਲਣਾ ਅਕਿਰਤਘਣਤਾ ਹੈ, ਇਤਿਹਾਸ ਤੋਂ ਮੂੰਹ ਮੋੜਨਾ ਹੈ, ਬਖਸ਼ਸ਼ਾਂ ਤੋਂ ਖਾਲੀ ਹੋਣਾ ਹੈ, ਨਾ-ਕਦਰੇ ਅਖਵਾਣਾ ਹੈ। ਕੀ ਅਜਿਹਾ ਕਰਨਾ ਕਿਸੇ ਵੀ ਪਖੋਂ ਵਾਜਬ ਹੈ?

## ਮਿਸਟਰ ਤਿਆਨਬੀ ਵਲੋਂ ਖੂਬਸੂਰਤ ਮਨੁੱਖ ਲਈ ਕਸਵਟੀ

ਪ੍ਰੋ· ਪੂਰਨ ਸਿੰਘ ਦੇ ਵਿਚਾਰ ਪੜ੍ਹਨ ਮਗਰੋਂ ਆਓ ਤਿਆਨਬੀ ਨੂੰ ਮਿਲੀਏ ਤੇ ਦੇਖੀਏ ਉਹ ਕੀ ਕਹਿੰਦਾ ਹੈ। ਅਮਰੀਕਾ ਦੇ ਇਸ ਪ੍ਰਸਿਧ ਇਤਿਹਾਸਕਾਰ ਪਾਸੋਂ ਉਸ ਦੀ ਇਕ ਪਾਠਕਾ ਨੇ ਪੁਛਿਆ ਕਿ ਤੁਸੀਂ ਸਾਰੇ ਸੰਸਾਰ ਦੇ ਲੋਕਾਂ ਦਾ ਇਤਿਹਾਸ ਲਿਖਿਆ ਹੈ ਇਸ ਲਈ ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ। ਕਿਰਪਾ ਕਰਕੇ ਆਪਣੇ ਗਿਆਨ, ਤਜਰਬੇ ਅਤੇ ਸੋਚ ਦੇ ਅਧਾਰ ਤੇ ਇਹ ਦਸਣ ਦੀ ਖੇਚਲ ਕਰੋ ਕਿ ਦੁਨੀਆ ਵਿਚ ਸਭ ਤੋਂ ਖੂਬਸੂਰਤ ਮਨੁੱਖ ਕਿਹੜਾ ਹੈ? **ਤਿਆਨਬੀ ਨੇ ਬਿਨਾਂ ਝਿਜਕ ਆਪਣੀ ਪਾਠਕਾ ਨੂੰ ਦਸਿਆ ਕਿ ਸਭ ਤੋਂ ਸੁਹਣਾ ਮਨੁੱਖ ਉਹ ਸਿੱਖ ਹੈ ਜਿਸ ਨੇ ਆਪਣੇ ਸਿਰ ਤੇ ਪੂਰੇ ਪੂਰੇ ਕੇਸ ਤੇ ਮੂੰਹ ਤੇ ਖੁਲ੍ਹੀ ਦਾਹੜੀ ਰਖੀ ਹੋਈ ਹੈ ਕਿਉਂਕਿ ਅਜਿਹਾ ਮਨੁੱਖ ਹੀ ਅਕਾਲਪੁਰਖ ਵਲੋਂ ਪ੍ਰਦਾਨ ਕੀਤੇ ਪੂਰਨ ਸਰੂਪ ਵਿਚ ਹੈ।** ਖੂਬਸੂਰਤੀ ਦੇ ਇਸ ਵਰਨਣ ਨੂੰ ਸੁਣਕੇ ਪਾਠਕਾ ਹੈਰਾਨ ਰਹਿ ਗਈ ਅਤੇ ਇਹ ਜਵਾਬ ਸੁਣ ਕੇ ਉਸ ਨੇ ਫਿਰ ਸਵਾਲ ਕੀਤਾ ਕਿ ਜੋ ਕੁਝ ਤੁਸੀਂ ਕਿਹਾ ਹੈ ਇਹ ਤਾਂ ਠੀਕ ਹੀ ਹੋਵੇਗਾ ਪਰ ਹੁਣ ਲਗਦੇ ਹੱਥ ਇਹ ਵੀ ਦਸ ਦਿਓ ਕਿ ਤੁਹਾਡੇ ਖਿਆਲ ਅਨੁਸਾਰ ਸੰਸਾਰ ਭਰ ਵਿਚ ਸਭ ਤੋਂ ਬਦਸੂਰਤ ਮਨੁੱਖ ਕੌਣ ਹੈ ਤਾਂ ਉਸ ਨੇ ਫਿਰ ਝੱਟ ਕਿਹਾ ਕਿ ਸਿਖੀ ਮਰਿਆਦਾ ਨੂੰ ਨਾ ਸੰਭਾਲਣ ਵਾਲਾ ਸਿੱਖ। (ਸ੍ਰੀ ਤਿਆਨਬੀ ਦੀ ਉਕਤ ਵਾਰਤਾਲਾਪ ਗੁਰਮਤਿ ਕਾਲਜ ਪਟਿਆਲਾ ਦੇ ਸਾਬਕਾ ਪ੍ਰਿੰਸੀਪਲ ਤਨਜੀਤ ਸਿੰਘ ਨੇ ਗੁਰਬਾਣੀ ਵਿਚਾਰ ਕੇਂਦਰ ਪਟਿਆਲਾ ਵਿਖੇ 16-8-79 ਨੂੰ ਕੀਤੇ ਆਪਣੇ ਲੈਕਚਰ ਵਿਚ ਸ· ਕਪੂਰ ਸਿੰਘ ਆਈ·ਸੀ·ਐਸ· ਦੇ ਹਵਾਲੇ ਨਾਲ ਪੇਸ਼ ਕੀਤੀ)।

ਮਿਸਟਰ ਤਿਆਨਬੀ ਦੀ ਗਲ ਦੀ ਪੁਸ਼ਟੀ ਪ੍ਰਸਿਧ ਅੰਗਰੇਜ਼ ਲੇਖਕਾ ਸ੍ਰੀ ਮਤੀ ਪੀ·ਐਮ· ਵਾਈਲਮ ਆਪਣੇ ਢੰਗ ਨਾਲ ਕਰਦਿਆਂ ਆਪਣੀ ਪੁਸਤਕ ਵਿਚ ਆਪਣੇ ਅਧਿਐਨ, ਖੋਜ ਅਤੇ ਲੰਬੇ ਅਨੁਭਵ ਦੇ ਆਧਾਰ ਤੇ ਸਿਖਾਂ ਦੇ ਮਨਾਂ ਵਿਚ ਕੇਸਾਂ ਦੀ ਮਹੱਤਤਾ ਬਾਰੇ ਲਿਖਦੀ ਹੈ ਕਿ ਜੱਦ ਕੋਈ ਸਿੱਖ ਕੇਸ ਕਟਵਾ ਕੇ ਪਤਿਤ ਹੋ ਜਾਂਦਾ ਹੈ ਤਾਂ ਉਹ ਡੀਮੋਰੇਲਾਈਜ਼ ਹੋ ਜਾਂਦਾ ਹੈ। ਉਸ ਦਾ ਮਨੋਬਲ ਗਿਰ ਜਾਂਦਾ ਹੈ ਅਤੇ ਉਸ ਦੀ ਬਹੁਤੀ ਆਤਮਿਕ ਸ਼ਕਤੀ ਨਸ਼ਟ ਹੋ ਜਾਂਦੀ ਹੈ ਇਸ ਲਈ ਕੇਸ ਸਿੱਖ ਲਈ ਕੇਵਲ ਚਿੰਨ੍ਹ ਮਾਤਰ ਹੀ ਨਹੀਂ ਸਗੋਂ ਸ਼ਕਤੀ ਸਰੋਤ ਵੀ ਹਨ।

ਵਾਈਲਮ ਦੀ ਗਲ ਕਈ ਅਧਾਰਾਂ ਤੇ ਬਿਲਕੁਲ ਠੀਕ ਜਾਪਦੀ ਹੈ। ਅਧਿਆਤਮਿਕ ਪਖੋਂ ਜੇ ਗਲ ਕਰੀਏ ਤਾਂ ਹਰ ਸਿੱਖ ਪਹਿਲੇ ਸੰਤ ਹੈ ਤੇ ਫਿਰ ਸਿਪਾਹੀ। ਕੇਸ ਤੇ ਦਾਹੜੀ ਧਾਰਨ ਕਰਕੇ ਉਹ ਸੰਤ ਸਰੂਪ ਵਿਚ ਪਰਪੱਕ ਜਾਪਦਾ ਹੈ ਇਸ ਲਈ ਉਸ ਦਾ ਮਨੋਬਲ ਹਮੇਸ਼ਾ ਚੜ੍ਹਦੀ ਕਲਾ ਦਾ ਪ੍ਰਤੀਕ ਬਣਿਆ ਰਹਿੰਦਾ ਹੈ। **ਪ੍ਰੋ· ਜੀ·ਕੇ· ਗੈਸਕਲ ਅਨੁਸਾਰ ਸਿਰ ਉਤੇ ਬਿਰਾਜਮਾਨ ਕੇਸ, ਸਚਾਈ ਤੇ ਧਰਮ ਪ੍ਰਤੀ ਸ਼ਰਧਾ ਦੇ ਸਿੰਬਲ ਹਨ ਜਾਂ ਇਵੇਂ ਕਹਿ ਲਵੋ ਕਿ ਇਹ ਮਨ ਦੀ ਬੇਹਤਰੀਨ ਅਵਸਥਾ ਦੀ ਤਰਜਮਾਨੀ ਕਰਦੇ ਹਨ।** ਡੰਕਨ ਗਰੀਨਲੈਸ ਜੋ ਇਕ ਉਘਾ ਲੇਖਕ ਹੈ ਅਤੇ ਵਰਲਡ ਗਾਸਪਲ ਦਾ ਰਚਣਹਾਰਾ ਹੈ ਇਸੇ ਵਿਚਾਰ ਦੀ ਹੋਰ ਪਖੋਂ ਪੁਸ਼ਟੀ ਕਰਦਿਆਂ ਆਪਣੀ ਲਿਖਤ ਵਿਚ ਕੇਸਾਂ ਨੂੰ ਅਨੁਸ਼ਾਸਨ, ਹੌਸਲੇ ਤੇ ਦਰਿੜਤਾ ਦਾ



Sri Satguru Jagjit Singh Ji eLibrary NamdhariElibrary@gmail.com

ਟੈਸਟ ਗਰਦਾਨਦਾ ਹੋਇਆ ਕਹਿੰਦਾ ਹੈ ਕਿ ਸਿਖਾਂ ਨੇ ਉਸ ਸਮੇਂ ਵੀ ਕੇਸਾਂ ਨੂੰ ਬੇਪਨਾਹ ਪਿਆਰ ਤੇ ਸਤਿਕਾਰ ਦਿਤਾ ਜਦ ਇਹਨਾਂ ਨੂੰ ਰਖਣਾ ਆਪਣੇ ਆਪ ਨੂੰ ਮੌਤ ਦੇ ਮੂੰਹ ਵਿਚ ਸੁਟਣ ਸਮਾਨ ਸੀ। **ਇਸ ਲਈ ਕੇਸ ਸਿੱਖ ਨੂੰ ਕਿਸੇ ਪਵਿੱਤਰ ਮਨੋਰਥ ਲਈ ਅਸਹਿ ਤੇ ਅਕਹਿ ਦੁਖ ਤਸੀਏ ਤੇ ਅਤਿਆਚਾਰ ਝਲਣ ਸਬੰਧੀ ਹੌਸਲਾ ਰਖਣ ਵਾਸਤੇ ਟਰੇਂਡ ਅਖਵਾਉਣ ਲਈ ਸਨਮਾਨਜਨਕ ਸਰਟੀਫੀਕੇਟ ਹਨ।** ਕੇਸ ਉਸ ਨੂੰ ਸਦਾ ਤਿਆਰ ਬਰ ਤਿਆਰ ਰਖਦੇ ਹਨ ਕਿ ਉਹ ਧਰਮ ਅਤੇ ਨੇਕ ਕੀਮਤਾਂ ਲਈ ਹਸ ਹਸ ਕੇ ਸ਼ਹੀਦੀਆਂ ਪ੍ਰਾਪਤ ਕਰਨ ਲਈ ਸਦਾ ਉਪਲਬਧ ਹੈ। ਜ਼ਕਰੀਆ ਖਾਨ ਦੇ ਜ਼ਾਲਮਾਨਾ ਰਾਜ ਵਿਚ ਹਜ਼ਾਰਾਂ ਨਿਰਦੋਸ਼ ਸਿੱਖ ਲਾਹੌਰ ਦੇ ਸ਼ਹੀਦ ਗੰਜ ਖੇਤਰ ਵਿਚ ਹਰ ਰੋਜ਼ ਸ਼ਹੀਦ ਕੀਤੇ ਜਾਂਦੇ ਰਹੇ ਪਰ ਉਹ ਮੌਤ ਦੀ ਧਮਕੀ ਦੇ ਬਾਵਜੂਦ ਵੀ ਇਸਲਾਮ ਕਬੂਲ ਕਰਨ ਤੋਂ ਹਮੇਸ਼ਾ ਮੁਨਕਰ ਰਹੇ ਅਤੇ ਚਾਈਂ ਚਾਈਂ ਆਪਣੇ ਪ੍ਰਾਣ ਵਾਰ ਕੇ ਇਤਿਹਾਸ ਨੂੰ ਲਾਲ ਰੰਗ ਵਿਚ ਰੰਗ ਗਏ ਜੋ ਅਜ ਵੀ ਸੁਨਿਹਰੀ ਭਾਅ ਮਾਰਦਾ ਨਜ਼ਰ ਆਉਂਦਾ ਹੈ।

ਅੰਗਰੇਜ਼ੀ ਸ਼ਾਸਕਾਂ ਨੇ ਸਿਖਾਂ ਦੇ ਕੇਸਾਂ ਪ੍ਰਤੀ ਸਤਿਕਾਰ ਦੀ ਇਸ ਗਹਿਰੀ ਭਾਵਨਾ ਦਾ ਬਹੁਤ ਫਾਇਦਾ ਉਠਾਇਆ। ਉਹ ਜਾਣ ਗਏ ਸਨ ਕਿ ਕੇਸਾਂ ਦਾ ਤਿਆਗ ਕਰਵਾਣਾ ਸਿੱਖਾਂ ਦੇ ਸ਼ਾਨਦਾਰ ਤੇ ਮਾਣਯੋਗ ਇਤਿਹਾਸ ਨੂੰ ਨਸ਼ਟ ਕਰਨ ਸਮਾਨ ਹੋਵੇਗਾ ਜਿਸ ਨੂੰ ਸਿੱਖ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਣਗੇ ਪਰ ਇਸ ਦੇ ਉਲਟ ਜੇ ਉਹਨਾਂ ਦੀ ਮਰਿਆਦਾ ਦੇ ਸਤਿਕਾਰ ਦੀ ਗਲ ਤੋਰੀ ਜਾਵੇ ਤਾਂ ਉਹ ਅੰਗਰੇਜ਼ ਰਾਜ ਦੀ ਜੀ ਜਾਨ ਨਾਲ ਸੇਵਾ ਕਰਨ ਵਿਚ ਕਦੇ ਪਿਛੇ ਨਹੀਂ ਰਹਿਣਗੇ। ਇਸ ਭਾਵਨਾ ਨੂੰ ਅਮਲੀ ਰੂਪ ਦੇਣ ਹਿਤ ਉਹਨਾਂ ਇਹ ਐਲਾਨ ਕੀਤਾ ਕਿ ਅਗੇ ਤੋਂ ਜੋ ਵੀ ਸਿੱਖ, ਅੰਗਰੇਜ਼ ਫੌਜ ਵਿਚ ਲਿਆ ਜਾਵੇਗਾ ਉਸ ਲਈ ਜ਼ਰੂਰੀ ਹੋਵੇਗਾ ਕਿ ਉਹ ਫੌਜ ਦੀ ਸੇਵਾ ਵਿਚ ਆ ਕੇ ਪੂਰਨ ਅੰਮ੍ਰਿਤਧਾਰੀ ਤੇ ਕੇਸਾਧਾਰੀ ਹੋਵੇ। 19 ਮਾਰਚ 1851 ਤੋਂ ਇਸ ਸ਼ਾਨਦਾਰ ਰਵਾਇਤ ਦਾ ਪ੍ਰਾਰੰਭ ਹੋਇਆ ਅਤੇ ਅੰਗਰੇਜ਼ ਰਾਜ ਦੇ ਖਾਤਮੇ ਤਕ ਇਹ ਪਰਪਾਟੀ ਪੂਰਨ ਮਰਿਆਦਾ ਅਨੁਸਾਰ ਚਲਦੀ ਰਹੀ ਜਿਸ ਤੋਂ ਅੰਗਰੇਜ਼ੀ ਰਾਜ ਨੂੰ ਵਿਸ਼ਵਾਸ਼ਪੂਰਵਕ, ਬਲਵਾਨ, ਸਿਦਕੀ ਤੇ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਉਦਮਸ਼ੀਲ ਸਿੱਖ ਫੌਜੀਆਂ ਦੀਆਂ ਸ਼ਾਨਦਾਰ ਸੇਵਾਵਾਂ ਪ੍ਰਾਪਤ ਹੁੰਦੀਆਂ ਰਹੀਆਂ ਜਿਹਨਾਂ ਆਪਣੀਆਂ ਜਾਨਾਂ ਵਾਰ ਕੇ ਵੀ ਆਪਣੇ ਫਰਜ਼ਾਂ ਦੀ ਪੂਰਤੀ ਕੀਤੀ ਤੇ ਜਿਸ ਮੋਰਚੇ ਤੇ ਵੀ ਗਏ ਉਨ੍ਹਾਂ ਉਸ ਨੂੰ ਸਰ ਕਰ ਕੇ ਹੀ ਦੰਮ ਲਿਆ ਤੇ ਅਜਿਹਾ ਕਰ ਕੇ ਉਨ੍ਹਾਂ ਨੇ ਕੇਸਾਂ ਤੇ ਅੰਮ੍ਰਿਤ ਦੀ ਅਹਿਮੀਅਤ ਨੂੰ ਅਤੇ ਆਪਣੀ ਅਨੋਖੀ ਸੂਰਮਗਤੀ ਨੂੰ ਸਾਰੇ ਜਗਤ ਵਿਚ ਉਜਾਗਰ ਕਰ ਦਿਤਾ ਤੇ ਉਹ ਵੀ ਅਦੁਤੀ ਮਾਣ ਸਤਿਕਾਰ ਨਾਲ। ਅਜਿਹੇ ਸ਼ਾਨਦਾਰ ਇਤਿਹਾਸ ਨਾਲ ਸੁਸਜਤ ਕੇਸਾਂ ਪ੍ਰਤੀ ਸਾਡਾ ਨਜ਼ਰੀਆ ਭਰਪੂਰ ਮਾਣ ਵਾਲਾ ਹੋਣਾ ਅਵੱਸ਼ਕ ਹੈ।

## ਕੇਸਾਂ ਦੁਆਰਾ ਸੂਰਮਗਤੀ ਦੀਆਂ ਲਹਿਰਾਂ ਦੀ ਉਤਪਤੀ

ਸਰੀਰ ਵਿਗਿਆਨੀ ਤੇ ਮਨੋਵਿਗਿਆਨੀ ਹੁਣ ਇਸ ਗਲ ਨੂੰ ਮੰਨਣ ਲਗ ਪਏ ਹਨ ਕਿ ਕੇਸ ਮਨੁੱਖ ਨੂੰ ਨਿਰਭੈ ਬਣਾਂਦੇ ਹਨ ਤੇ ਉਸ ਨੂੰ ਡਰ ਤੋਂ ਮੁਕਤ ਕਰ ਕੇ ਅਦੁਤੀ ਹੌਸਲਾ ਪ੍ਰਦਾਨ ਕਰਨ ਵਿਚ ਬੜੀ ਵਡੀ ਭੂਮਿਕਾ ਨਿਭਾਉਂਦੇ ਹਨ। ਇਸ ਕਿਰਿਆ ਨੂੰ waves of courage ਦਾ ਨਾਂ ਦਿਤਾ ਗਿਆ ਹੈ। ਕੁਝ ਵਿਅਕਤੀ ਇਸਦੇ ਉਲਟ ਇਹ



Sri Satguru Jagjit Singh Ji eLibrary NamdhariElibrary@gmail.com

ਦਲੀਲ ਦੇਂਦੇ ਹਨ ਕਿ ਕੇਸ ਅਜਿਹਾ ਕੁਝ ਨਹੀਂ ਕਰਦੇ ਪਰ ਕੇਸਾਧਾਰੀ ਮਨੁੱਖ ਗ਼ੈਰ-ਕੇਸਾਧਾਰੀ ਮਨੁੱਖਾਂ ਨਾਲੋਂ ਜ਼ਿਆਦਾ ਮਰਦਾਊ ਲਗਦੇ ਹਨ ਇਸ ਲਈ ਦੂਜੀ ਧਿਰ ਕੇਸਾਂ ਵਾਲੇ ਮਨੁੱਖ ਦੀ ਜੋਸ਼ ਵਾਲੀ ਸੂਰਤ ਵਿਚੋਂ ਬਹਾਦਰੀ ਦੀਆਂ ਨਿਕਲੀਆਂ ਤਰੰਗਾਂ (waves of courage) ਦੇਖ ਕੇ ਹੀ ਡਰ ਜਾਂਦੀ ਹੈ ਤੇ ਆਪਣੇ ਹੌਸਲੇ ਪਸਤ ਕਰ ਲੈਂਦੀ ਹੈ। ਚਲੋ ਜੇ ਉਨ੍ਹਾਂ ਦੀ ਇਸ ਗਲ ਨੂੰ ਹੀ ਮੰਨ ਲਈਏ ਤਦ ਵੀ ਕੇਸਾਧਾਰੀ ਮਨੁੱਖ ਗ਼ੈਰ-ਕੇਸਾਧਾਰੀਆਂ ਤੋਂ ਤਕੜੇ ਦਿਸਦੇ ਹਨ ਤੇ ਵਧੇਰੇ ਹਾਲਤਾਂ ਵਿਚ ਜੇਤੂ ਵੀ। ਸ਼ਾਇਦ ਇਨ੍ਹਾਂ ਕਾਰਨਾਂ ਕਰ ਕੇ ਤੇ ਗੁਰੂ ਦੀ ਬਖਸ਼ਸ਼ ਅੰਮ੍ਰਿਤ ਦੀ ਪ੍ਰਾਪਤੀ ਕਾਰਨ ਗੁਰੂ ਦੇ ਸਿੰਘ, ਆਪਣੇ ਕੇਸਾਧਾਰੀ ਸਰੂਪ ਸਦਕਾ ਸਵਾ ਸਵਾ ਲੱਖ ਨਾਲ ਲੋਹਾ ਲੈਣ ਲਈ ਤਿਆਰ ਹੋ ਜਾਂਦੇ ਹਨ ਤੇ ਹਰ ਸਥਿਤੀ ਵਿਚ ਨਿਰਭੈ ਹੋ ਕੇ ਹਮੇਸ਼ਾ ਚੜ੍ਹਦੀ ਕਲਾ ਵਿਚ ਦੁਸ਼ਮਣ ਦਾ ਮੁਕਾਬਲਾ ਕਰ ਕੇ ਉਸ ਤੇ ਜਿਤ ਪ੍ਰਾਪਤ ਕਰਦੇ ਹਨ। ਹਾਰਨ ਦੀ ਭਾਵਨਾ ਕਦੇ ਉਨ੍ਹਾਂ ਦੇ ਮਨਾਂ ਵਿਚ ਆਈ ਹੀ ਨਹੀਂ। ਅੜੇ ਸੋ ਝੜੇ, ਮਰੋ ਜਾਂ ਮਾਰੋ, ਆਰ ਜਾਂ ਪਾਰ ਦੀ ਭਾਵਨਾ ਵਿਚ ਸਿਰ ਧੜ ਦੀ ਬਾਜ਼ੀ ਲਗਾ ਕੇ ਜਦ ਉਹ ਰਣਭੂਮੀ ਵਿੱਚ ਜੂਝਦੇ ਹਨ ਤਾਂ ਅਗਲਾ ਭਾਵੇਂ ਕਿਤਨਾ ਹੀ ਸ਼ਕਤੀ ਸ਼ਾਲੀ ਕਿਉਂ ਨਾ ਹੋਵੇ, ਉਸ ਦੇ ਪੈਰ ਉਖੜ ਹੀ ਜਾਂਦੇ ਹਨ। ਪੰਜਾਬ ਦਾ ਸਾਰਾ ਇਤਿਹਾਸ ਕੇਸਾਧਾਰੀ ਸੂਰਬੀਰ ਸਿੰਘ ਸੂਰਮਿਆਂ ਦੀਆਂ ਸੂਰਮਗਤੀ ਦੀਆਂ ਦਾਸਤਾਨਾਂ ਤੇ ਕਾਮਯਾਬੀਆਂ ਨਾਲ ਭਰਿਆ ਪਿਆ ਹੈ।

## ਨਵਾਂ ਬੰਦਾਵਾ

ਕੁਝ ਸਿਖਾਂ ਨੇ ਕੁਝ ਕਾਰਨਾਂ ਕਰਕੇ ਕੇਸ ਕਟਵਾ ਦਿਤੇ ਹਨ ਇਸ ਲਈ ਉਨ੍ਹਾਂ ਨੇ ਦਸਤਾਰ ਨੂੰ ਸਦਾ ਲਈ ਤਲਾਂਜਲੀ ਦੇ ਦਿਤੀ ਹੈ ਤੇ ਕੇਸਹੀਨ ਸਜਣਾਂ ਵਾਂਗਰਾਂ ਆਪਣਾ ਜੀਵਨ ਬਤੀਤ ਕਰਨ ਲਗ ਪਏ ਹਨ। ਪਰ ਕੁਝ ਵਿਅਕਤੀ ਹੋਰ ਕਿਸਮ ਦੇ ਵੀ ਦੇਖੇ ਗਏ ਹਨ ਜਿਨ੍ਹਾਂ ਨੇ ਕੇਸ ਕਟਵਾ ਲਏ ਹਨ ਤੇ ਥੋੜੀ ਥੋੜੀ ਦਾਹੜੀ ਰਖੀ ਹੋਈ ਹੈ। ਆਪਣਾ ਸ਼ੌਕ ਪੂਰਾ ਕਰਨ ਲਈ ਉਹ ਕੇਸ ਹੀਣ ਰੂਪ ਵਿਚ ਵਿਚਰਦੇ ਹਨ ਪਰ ਜਦ ਘਰ ਵਿਚ ਕੋਈ ਸਮਾਗਮ ਹੋਵੇ, ਪੰਜਾਬੀ ਜਾਂ ਸਿੱਖ ਸਮਾਜ ਵਿਚ ਵਿਚਰਨ ਦੀ ਜ਼ਰੂਰਤ ਹੋਵੇ ਜਾਂ ਕਿਸੇ ਕੀਰਤਨ, ਭੋਗ ਆਦਿ ਤੇ ਜਾਣਾ ਹੋਵੇ ਤਾਂ ਉਹ ਫੌਰਨ ਦਸਤਾਰ ਕਢਦੇ ਹਨ, ਸਿਰ ਉਤੇ ਕਪੜੇ ਦਾ ਇਕ ਊਨੂ ਜਿਹਾ ਬਣਾਕੇ ਜੂੜੇ ਦੀ ਥਾਂ ਰਖ ਕੇ ਉਤੇ ਪਗੜੀ ਬੰਨ੍ਹ ਲੈਂਦੇ ਹਨ ਤੇ ਆਪਣੇ ਆਪ ਨੂੰ ਸਿੱਖ ਅਖਵਾਉਣ ਦਾ ਢੌਂਗ ਰਚਾਣ ਲਗ ਪੈਂਦੇ ਹਨ। ਜਦ ਸਬੰਧਤ ਅਵਸਰ ਲੰਘ ਜਾਂਦਾ ਹੈ ਤਾਂ ਉਹ ਪਲਾਂ ਪਲਾਂ ਵਿਚ ਪਗੜੀ ਉਤਾਰ ਕੇ ਪਟਿਆਂ ਵਿਚ ਕੰਘੀ ਫੇਰ ਕੇ ਫਿਰ ਆਪਣਾ ਸਿਰ ਗੁੰਮ ਰੂਪ ਧਾਰਨ ਕਰ ਲੈਂਦੇ ਹਨ। ਅਜਿਹੇ ਬਹੁਰੂਪੀਆਂ ਨੂੰ ਕਈ ਵਾਰੀ ਹਫਤੇ ਦੇ ਆਖਰੀ ਦਿਨਾਂ ਵਿਚ ਦਿਨ ਵਿਚ ਦੋ ਦੋ ਤਿੰਨ ਤਿੰਨ ਵਾਰੀ ਇਹ ਡਰਾਮਾ ਕਰਕੇ ਆਪਣੀ ਜ਼ਮੀਰ ਨਾਲ ਧੋਖਾ ਕਰਨਾ ਪੈਂਦਾ ਹੈ। ਅਜਿਹੇ ਵਿਅਕਤੀਆਂ ਨੂੰ ਲੋਕੀ ਟਿਚਰ ਨਾਲ Weekend Sikhs ਕਹਿ ਕੇ ਵੀ ਬੁਲਾਂਦੇ ਹਨ ਪਰ ਇਸ ਦੇ ਬਾਵਜੂਦ ਵੀ ਅਜਿਹੇ ਲੋਕੀ ਸ਼ਾਇਦ ਇਹੀ ਸਮਝਦੇ ਹਨ ਕਿ ਇਸ ਡਬਲ ਰੋਲ ਨਾਲ ਉਹ ਸਮਾਜ ਵਿਚ ਆਪਣਾ ਯੋਗ ਅਕਸ ਬਣਾਈ ਰਖ ਰਹੇ ਹਨ ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਹਰ ਕੋਈ ਉਨ੍ਹਾਂ ਨੂੰ ਮੌਕਾ ਪਰਸਤ ਤੇ ਘਟੀਆ ਇਨਸਾਨ ਸਮਝਦਾ ਹੈ। 'ਨਾ ਰਾਜਾ ਨਾ ਸ਼ੇਰ ਵਿਚਕਾਰਲਾ ਮੇਲ' ਵਾਲੀ ਸਥਿਤੀ ਵਿਚ ਰਹਿਣਾ ਉਨ੍ਹਾਂ ਦੇ ਮਨ ਦੀ ਬੇਚੈਨੀ ਦਾ ਸੰਕੇਤ ਹੈ।

ਜੇ ਸਮਾਜ ਦੀ ਲਾਹਨਤ ਤੋਂ ਉਹ ਡਰਦੇ ਹਨ, ਧਰਮ ਦੀ ਕਰੋਪੀ ਤੋਂ ਘਬਰਾਂਦੇ



Sri Satguru Jagjit Singh Ji eLibrary NamdhariElibrary@gmail.com

ਹਨ ਤਾਂ ਹਿੰਮਤ ਕਰਕੇ ਦੋਬਾਰਾ ਸਿਖੀ ਸਰੂਪ ਵਿਚ ਪਰਵੇਸ਼ ਕਰ ਜਾਣ, ਉਨ੍ਹਾਂ ਦਾ ਸਵਾਗਤ ਹੈ ਅਤੇ ਜੇ ਗ਼ੈਰ-ਸਿੱਖ ਸਰੂਪ ਨੂੰ ਉਹ ਪਰਵਾਨ ਕਰਦੇ ਹਨ ਤਾਂ ਵੀ ਉਨ੍ਹਾਂ ਨੂੰ ਸਦਭਾਵਨਾ ਨਾਲ ਅਲਵਿਦਾ ਹੈ ਪਰ ਉਨ੍ਹਾਂ ਅਗੇ ਅਪੀਲ ਹੈ ਕਿ ਇਕੋ ਪਾਸੇ ਲਗਣ ਤਾਂ ਜੋ ਉਨ੍ਹਾਂ ਨੂੰ ਵੀ ਟਕਾਅ ਮਿਲੇ ਤੇ ਉਨ੍ਹਾਂ ਦੇ ਇਸ ਵਿਹਾਰ ਨਾਲ ਜੋ ਕੌਮ ਦਾ ਪ੍ਰਤੀਬਿੰਬ ਵਿਗੜਦਾ ਹੈ ਉਸ ਵਿਚ ਵੀ ਕੁਝ ਠਲ੍ਹ ਪੈ ਸਕੇ। ਪਰ ਕੇਸ ਕਟਵਾਣ ਵਾਲੇ ਇਨ੍ਹਾਂ ਸਾਰੇ ਵੀਰਾਂ ਨਾਲ ਇਕ ਇਤਿਹਾਸਕ ਘਟਨਾ ਜ਼ਰੂਰ ਹੀ ਸਾਂਝੀ ਕਰਨਾ ਚਾਹਾਂਗਾ ਤੇ ਹੋ ਸਕਦਾ ਹੈ ਕਿ ਉਸ ਦੀ ਰੌਸ਼ਨੀ ਵਿਚ ਹੀ ਇਹ ਸਿੱਖੀ ਸਰੂਪ ਵਿਚ ਪਰਤਣ ਦਾ ਦਲੇਰੀ ਭਰਿਆ ਫੈਸਲਾ ਲੈ ਲੈਣ।

ਸਾਨੂੰ ਸਾਰਿਆਂ ਨੂੰ ਇਸ ਇਤਿਹਾਸਕ ਸਚ ਦਾ ਪਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ 40 ਸਿੱਖ ਅਨੰਦ ਗੜ੍ਹ ਦੇ ਕਿਲ੍ਹੇ ਵਿਚ ਬੇਦਾਵਾ ਲਿਖ ਕੇ ਦੇ ਗਏ ਤੇ ਜਾਣ ਲਗਿਆਂ ਉਨ੍ਹਾਂ ਕਹਿ ਦਿਤਾ ਕਿ ਸਾਡਾ ਗੁਰੂ ਨਾਲ ਕੋਈ ਵਾਸਤਾ ਨਹੀਂ ਨਾ ਉਹ ਸਾਡਾ ਗੁਰੂ ਹੈ ਤੇ ਨਾ ਹੀ ਅਸੀਂ ਉਸਦੇ ਚੇਲੇ ਹਾਂ। ਉਨ੍ਹਾਂ ਦੇ ਚਲੇ ਜਾਣ ਮਗਰੋਂ ਮੁਗ਼ਲ ਫੌਜਾਂ ਨਾਲ ਜੰਗਾਂ ਕਰਦਿਆਂ ਕਰਦਿਆਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਖਦਰਾਣੇ ਦੀ ਢਾਬ ਤਕ 600 ਕਿਲੋਮੀਟਰ ਦਾ ਲੰਮਾ ਫਾਸਲਾ ਬਹੁਤ ਔਖ ਸੌਖ ਨਾਲ ਤਹਿ ਕੀਤਾ। ਇਸ ਸਫ਼ਰ ਵਿਚ ਉਨ੍ਹਾਂ ਦਾ ਸਭ ਕੁਝ ਗਵਾਚ ਗਿਆ। ਬੱਚੇ, ਪਰਿਵਾਰ, ਸਿੱਖ, ਸਾਹਿਤ, ਸਾਬੋ-ਸਮਾਨ ਨਾ ਰਿਹਾ ਪਰ ਉਹ ਬੇਦਾਵਾ ਉਨ੍ਹਾਂ ਬੜਾ ਸੰਭਾਲ ਕੇ ਰਖਿਆ। ਮੁਕਤਸਰ ਦੀ ਜੰਗ ਸਮੇਂ ਬੇਦਾਵਾ ਲਿਖ ਕੇ ਨਸੇ ਸਿੰਘਾਂ ਨੇ ਗੁਰੂ ਸਾਹਿਬ ਨਾਲ ਦੋਬਾਰਾ ਰਲ ਕੇ ਮੁਗ਼ਲਾਂ ਵਿਰੁਧ ਜੰਗ ਲੜੀ, ਸ਼ਹੀਦੀਆਂ ਪਾਈਆਂ ਤੇ ਆਖਰ ਮਹਾਂ ਸਿੰਘ ਵਲੋਂ ਮਿੰਨਤ ਕਰਨ ਤੇ ਗੁਰੂ ਜੀ ਨੇ ਆਪਣੇ ਭਟਕੇ ਹੋਏ ਇਨ੍ਹਾਂ 40 ਸਿੱਖਾਂ ਨੂੰ ਮਾਫ਼ ਕੀਤਾ ਤੇ ਬੇਦਾਵਾ ਪਾੜਿਆ।

**ਜੇ ਅਸੀਂ ਅਜ ਦੇ ਹਾਲਾਤਾਂ ਵਿਚ ਰਹਿੰਦੇ ਹੋਏ ਸੋਚੀਏ ਤਾਂ ਅਸੀਂ ਵੀ ਕੇਸ ਕਟਵਾ ਕੇ ਆਪਣੇ ਗੁਰੂ ਨੂੰ ਨਵੇਂ ਰੂਪ ਵਿਚ ਬੇਦਾਵਾ ਦੇ ਰਹੇ ਹਾਂ ਤੇ ਐਲਾਨੀਆ ਕਹਿ ਰਹੇ ਹਾਂ ਕਿ ਸਾਨੂੰ ਤੇਰੀਆਂ ਹਦਾਇਤਾਂ ਦੀ ਪ੍ਰਵਾਹ ਨਹੀਂ। ਠੀਕ ਹੈ ਇਵੇਂ ਕਰ ਕੇ ਅਸੀਂ ਜੋ ਕੁਝ ਵੀ ਕਰ ਰਹੇ ਹਾਂ ਉਸ ਨਾਲ ਕਿਸੇ ਦੀ ਵੀ ਖ਼ੁਸ਼ੀ ਸਾਡੇ ਨਾਲ ਨਹੀਂ ਅਤੇ ਹਾਲੇਂ ਸਾਨੂੰ ਇਸ ਗਲ ਦਾ ਪਤਾ ਨਹੀਂ ਪਰ ਕਿਸੇ ਵਕਤ ਸਾਨੂੰ ਜ਼ਰੂਰ ਸੋਝੀ ਹੋ ਹੀ ਜਾਏਗੀ ਕਿ ਅਸੀਂ ਗੁਰੂ ਦੇ ਸਿੱਖ ਬਣ ਕੇ ਵੀ ਕੇਸ ਕਤਲ ਕਰਵਾ ਕੇ ਉਸ ਮਹਾਨ ਗੁਰੂ ਨਾਲ ਧੋਖਾ ਕੀਤਾ ਹੈ, ਅਨਿਆਂ ਕੀਤਾ ਹੈ, ਵਿਸ਼ਵਾਸ਼ਘਾਤ ਕੀਤਾ ਹੈ। ਇਵੇਂ ਕੇਸ ਕਟਵਾ ਕੇ ਗੁਰੂ ਨੂੰ ਦਿਤਾ ਬੇਦਾਵਾ ਸਾਨੂੰ ਸਭ ਦੀਆਂ ਨਜ਼ਰਾਂ ਵਿਚ ਗੇਰਦਾ ਹੈ ਅਤੇ 40 ਮੁਕਤਿਆਂ ਵਾਂਗ ਭਾਰੀ ਹਰਜਾਨਾ ਚੁਕਾ ਕੇ ਸਾਨੂੰ ਆਪਣੇ ਇਸ ਬਜਰ ਪਾਪ ਦੀ ਮਾਫੀ ਗੁਰੂ ਕੋਲੋਂ ਮੰਗਣੀ ਪਵੇਗੀ।** ਇਤਿਹਾਸ ਸਾਨੂੰ ਸਪੱਸ਼ਟ ਰੂਪ ਵਿਚ ਸੁਚੇਤ ਕਰ ਰਿਹਾ ਹੈ ਕਿ ਅਸੀਂ ਗੁਰੂ ਤੋਂ ਬੇਮੁਖ ਹੋਣ ਦੀ ਘੋਰ ਅਵਗਿਆ ਨਾ ਕਰੀਏ। ਇਹ ਗੁਰੂ ਦੀ ਇਛਾ ਹੈ ਤੇ ਸਾਨੂੰ ਫਿਰ ਸਿੱਖੀ ਸਰੂਪ ਵਿਚ ਪਰਤ ਕੇ ਗੁਰੂ ਦੀ ਮਿਹਰਾਂ ਭਰੀ ਛਤਰ ਛਾਇਆ ਹੇਠ ਜਲਦੀ ਤੋਂ ਜਲਦੀ ਆ ਜਾਣਾ ਚਾਹੀਦਾ ਹੈ। ਗੁਰਬਾਣੀ ਵੀ ਅਜਿਹੇ ਭਟਕੇ ਭੈਣ ਭਰਾਵਾਂ ਨੂੰ ਅਜਿਹੀ ਸਿਖਿਆ ਤੇ ਚਲਣ ਦੀ ਹਦਾਇਤ ਕਰਦੀ ਹੈ:

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜੇ ਗੁਰ ਕੇ ਭਾਣੇ ਵਿਚਿ ਆਵੈ।।**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।** (ਅੰਕ-601-602)



Sri Satguru Jagjit Singh Ji eLibrary NamdhariElibrary@gmail.com

ਆਓ, ਗੁਰੂ ਤੋਂ ਬੇਮੁਖ ਹੋ ਕੇ ਤੇ ਵਿਛੜ ਕੇ ਚੋਟਾਂ ਖਾਣ ਨਾਲੋਂ ਉਸ ਦੀ ਸ਼ਰਨ ਵਿਚ ਪੈ ਕੇ ਉਸ ਦੀਆਂ ਰਹਿਮਤਾਂ ਦੇ ਪਾਤਰ ਬਣੀਏ, ਗੁਰੂ ਮਿਹਰਬਾਨ ਅਤੇ ਬਖਸ਼ਣਹਾਰ ਹੈ।

## ਦਾਹੜੀ ਦੇ ਸਫੇਦ ਰੋਮਾਂ ਨੂੰ ਚੁਗਣਾ

ਕਈ ਸਿੱਖ ਵੀਰ ਜੋ ਦਾਹੜੀ ਦੇ ਰੋਮਾਂ ਨੂੰ ਕਲਫ ਲਗਾ ਕੇ ਕਾਲਾ ਨਹੀਂ ਕਰਦੇ ਤਾਂ ਉਹ ਆਪਣੀ ਦਾਹੜੀ ਨੂੰ ਕਾਲਾ ਦਿਸਣ ਖਾਤਰ ਸ਼ੁਰੂ ਸ਼ੁਰੂ ਵਿਚ ਸਫੇਦ ਹੋਏ ਕੁਝ ਵਾਲਾਂ ਨੂੰ ਖਿਚ ਕੇ ਕੱਢ ਦੇਂਦੇ ਹਨ। ਇਹ ਵੀ ਆਪਣੇ ਆਪ ਵਿਚ ਮਾੜੀ ਆਦਤ ਹੈ ਅਤੇ ਸਿੱਖ ਰਹਿਤ ਮਰਿਆਦਾ ਅਨੁਸਾਰ ਅਣਉਚਿਤ ਹੈ। ਇਸ ਕਰਮ ਨਾਲ ਉਹ ਇਕ ਦੋ ਦਿਨਾਂ ਲਈ ਸਫੇਦ ਵਾਲਾਂ ਤੋਂ ਸੁਰਖਰੂ ਤਾਂ ਹੋ ਸਕਦੇ ਹਨ ਪਰ ਸਦਾ ਲਈ ਨਜਾਤ ਨਹੀਂ ਪਾ ਸਕਦੇ ਕਿਉਂਕਿ ਜਦ ਉਨ੍ਹਾਂ ਦੇ ਵਾਲ ਸਫੇਦ ਹੋਣ ਲਗ ਜਾਂਦੇ ਹਨ ਤਾਂ ਉਹ ਕਿਸੇ ਖਾਸ ਵਜ੍ਹਾ ਕਰ ਕੇ ਹੀ ਹੁੰਦੇ ਹਨ। ਉਸ ਵਜ੍ਹਾ ਨੂੰ ਖਤਮ ਕੀਤੇ ਬਿਨਾਂ ਕੇਵਲ ਸਫੇਦ ਰੋਮਾਂ ਨੂੰ ਖਿਚ ਕੇ ਬਾਹਰ ਕੱਢ ਦੇਣਾ ਕੋਈ ਹਲ ਨਹੀਂ ਹੈ ਕਿਉਂਕਿ ਉਥੇ ਅਤੇ ਵਾਲ ਖਿਚੀ ਗਈ ਥਾਂ ਦੇ ਆਸ ਪਾਸ ਹੋਰ ਤੇਜ਼ੀ ਨਾਲ ਵਾਲ ਸਫੇਦ ਹੋਣ ਲਗ ਜਾਂਦੇ ਹਨ। ਇਸ ਲਈ ਕਿਸ ਕਿਸ ਰੋਮ ਨੂੰ ਖਿਚਿਆ ਜਾ ਸਕੇਗਾ ਤੇ ਕਿਉਂ। ਇਸ ਗਲ ਨੂੰ ਅਨੁਭਵ ਕਰਦਿਆਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਇਕ ਕੌਤਕ ਵਰਤਾਇਆ ਸੀ। ਗਲ ਇਵੇਂ ਹੋਈ ਕਿ ਗੁਰੂ ਸਾਹਿਬ ਦੇ ਦਰਬਾਰ ਵਿਚ ਹਰ ਰੋਜ਼ ਇਕ ਬਹੁਤ ਹੀ ਸੁਹਣਾ ਨੌਜਵਾਨ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਂਦਾ। ਗੁਰੂ ਸਾਹਿਬ ਨੂੰ ਜਦ ਉਹ ਦਿਸਦਾ ਤਾਂ ਉਹ ਉਸ ਨੂੰ ਕੋਲ ਬੁਲਾ ਕੇ ਉਸ ਨੂੰ ਛਾਤੀ ਨਾਲ ਲਗਾ ਲੈਂਦੇ। ਬਾਕੀ ਸੰਗਤ ਵੀ ਦੇਖ ਕੇ ਹੈਰਾਨ ਹੁੰਦੀ। ਇਕ ਦਿਨ ਇਕ ਸਿੱਖ ਨੇ ਹਿੰਮਤ ਕਰਕੇ ਗੁਰੂ ਸਾਹਿਬ ਤੋਂ ਪੁਛ ਹੀ ਲਿਆ ਕਿ ਮਹਾਰਾਜ ਇਸ ਨੌਜਵਾਨ ਨਾਲ ਇਤਨਾ ਪਿਆਰ ਵਾਲਾ ਤੇ ਵਿਸ਼ੇਸ ਕਿਸਮ ਦਾ ਵਿਵਹਾਰ ਕਰਨ ਦਾ ਰਹਸ ਕੀ ਹੈ? ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਰਿਸ਼ਟ ਪੁਸ਼ਟ ਲੰਮ ਸਲੰਮਾ ਜਵਾਨ ਹੈ ਪਰ ਇਸ ਦੇ ਨਾਲ ਨਾਲ ਇਸ ਨੇ ਆਪਣਾ ਦਾਹੜਾ, ਮੁਛਾਂ ਤੇ ਦਸਤਾਰ ਵੀ ਸੰਵਾਰ ਕੇ ਰਖੀਆਂ ਹੋਈਆਂ ਹਨ ਜੋ ਸਾਨੂੰ ਬਹੁਤ ਪਿਆਰੀਆਂ ਲਗਦੀਆਂ ਹਨ। ਨੌਜਵਾਨ ਆਪਣੀ ਇਹ ਉਪਮਾ ਸੁਣ ਕੇ ਫੂਲਿਆ ਨਾ ਸਮਾਇਆ ਤੇ ਘਰ ਜਾ ਕੇ ਉਸ ਨੇ ਆਪਣੇ ਆਪਨੂੰ ਸ਼ੀਸ਼ੇ ਸਾਹਮਣੇ ਖੜਾ ਕਰਕੇ ਗਹੁ ਨਾਲ ਦੇਖਿਆ ਤੇ ਬਹੁਤ ਖੁਸ਼ ਹੋਇਆ ਕਿ ਸਚ ਮੁਚ ਗੁਰੂ ਸਾਹਿਬ ਨੇ ਉਸ ਦੀ ਬਹੁਤ ਹੀ ਜਾਇਜ਼ ਤਾਰੀਫ ਕੀਤੀ ਹੈ। ਉਸ ਹੋਰ ਉਦਮ ਜੁਟਾਣੇ ਸ਼ੁਰੂ ਕੀਤੇ ਕਿ ਇਸ ਤੋਂ ਵੀ ਸੁਹਣਾ ਬਣ ਕੇ ਰੋਜ਼ ਗੁਰੂ ਸਾਹਿਬ ਦੇ ਦੀਵਾਨ ਵਿਚ ਜਾਵੇ। ਇਸ ਪਰਪੰਚ ਵਿਚ ਉਸ ਨੂੰ ਆਪਣੇ ਦਾਹੜੇ ਵਿਚੋਂ ਦੋ ਸਫੇਦ ਰੋਮ ਦਿਸ ਆਏ। ਉਹ ਇਹ ਰੋਮ ਦੇਖ ਕੇ ਬੇਚੈਨ ਹੋ ਉਠਿਆ ਕਿ ਜੇਕਰ ਇਹ ਗੁਰੂ ਸਾਹਿਬ ਦੀ ਨਜ਼ਰੀਂ ਪੈ ਗਏ ਤਾਂ ਉਹ ਸਮਝਣਗੇ ਕਿ ਇਸ ਦੀ ਜਵਾਨੀ ਢਲਣੀ ਸ਼ੁਰੂ ਹੋ ਗਈ ਹੈ ਇਸ ਲਈ ਹੋ ਸਕਦਾ ਹੈ ਉਹ ਉਸਨੂੰ ਸਭ ਤੋਂ ਵਧ ਪਸੰਦ ਕਰਨਾ ਬੰਦ ਹੀ ਕਰ ਦੇਣ। ਇਹ ਖ਼ਿਆਲ ਆਉਂਦਿਆਂ ਹੀ ਉਸ ਨੇ ਉਹ ਦੋਨੋਂ ਸਫੇਦ ਰੋਮ ਦਾਹੜੇ ਵਿਚੋਂ ਖਿਚ ਕੇ ਕੱਢ ਦਿਤੇ ਤੇ ਇਵੇਂ ਕਰ ਕੇ ਕੁਝ ਸੰਤੋਖ ਮਹਿਸੂਸ ਕੀਤਾ।

ਅਗਲੇ ਦਿਨ ਚਾਈਂ ਚਾਈਂ ਦੀਵਾਨ ਵਿਚ ਗਿਆ ਅਤੇ ਜਦ ਗੁਰੂ ਸਾਹਿਬ ਉਸ ਨੂੰ ਪਿਆਰ ਨਾਲ ਗਲਵਕੜੀ ਵਿਚ ਲੈਣ ਲਗੇ ਤਾਂ ਉਨ੍ਹਾਂ ਦੀ ਨਜ਼ਰ ਉਸ ਦੇ ਸਫੇਦ


Sri Satguru Jagjit Singh Ji eLibrary NamdhariElibrary@gmail.com

ਰੋਮਾਂ ਵਲ ਪਈ ਜੋ ਉਸ ਦੀ ਦਾਹੜੀ ਵਿਚ ਰੋਜ਼ ਚਮਕਦੇ ਸਨ। ਗੁਰੂ ਜੀ ਉਨ੍ਹਾਂ ਦੋਹਾਂ ਸਫੇਦ ਰੋਮਾਂ ਨੂੰ ਉਸ ਦੀ ਦਾਹੜੀ ਵਿਚ ਨਾ ਦੇਖ ਕੇ ਪਿਛੇ ਹਟ ਗਏ ਤੇ ਉਸ ਨੂੰ ਦੁਰਕਾਰ ਕੇ ਪਰੇ ਕਰ ਦਿਤਾ ਕਿ ਹੁਣ ਤੂੰ ਸੁਹਣਾ ਤੇ ਬਾਅਸੂਲ ਨਹੀਂ ਰਿਹਾ ਇਸ ਲਈ ਮੇਰੇ ਲਈ ਵੀ ਤੂੰ ਕੋਈ ਵਿਸ਼ੇਸ਼ ਨਹੀਂ ਰਿਹਾ। ਨੌਜਵਾਨ ਨੇ ਆਪਣੇ ਕੀਤੇ ਤੇ ਬਹੁਤ ਸ਼ਰਮਸਾਰੀ ਮਹਿਸੂਸ ਕੀਤੀ ਤੇ ਉਸ ਨੇ ਭਰੀ ਸੰਗਤ ਵਿਚ ਆਪਣੀ ਕੁਤਾਹੀ ਦੀ ਮਾਫੀ ਮੰਗੀ ਤੇ ਅਗੇ ਤੋਂ ਹਰ ਪਰਕਾਰ ਦੇ ਰੋਮਾਂ ਦਾ ਪੂਰਾ ਪੂਰਾ ਸਤਿਕਾਰ ਕਰਨ ਦਾ ਵਚਨ ਦਿਤਾ। ਸਾਰੀ ਸੰਗਤ ਨੂੰ ਵੀ ਗੁਰੂ ਸਾਹਿਬ ਨੇ ਤਾਕੀਦ ਕੀਤੀ ਕਿ ਸਫੇਦ ਰੋਮਾਂ ਨੂੰ ਖਿਚ ਕੇ ਬਾਹਰ ਨਹੀਂ ਕਢਣਾ ਤੇ ਇਸ ਕੁਰੀਤੀ ਤੋਂ ਹਰ ਹਾਲਤ ਵਿਚ ਗੁਰੇਜ਼ ਕਰਨਾ ਹੈ।

## ਦੇਸ਼ ਰੂਪੀ ਘਰ ਦੀ ਰਾਖੀ ਲਈ ਸਿੰਘ ਸਜੋ

ਪੰਡਿਤ ਮਦਨ ਮੋਹਨ ਮਾਲਵੀਆ ਉਚ ਪਾਏ ਦੇ ਸਿਆਸਤਦਾਨ ਤੇ ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਸਿੱਖ ਧਰਮ ਦਾ ਅਧਿਐਨ ਕੀਤਾ ਤੇ ਇਸ ਫਿਲਾਸਫੀ ਨੂੰ ਮਾਨਵ ਹਿਤ ਲਈ ਬਹੁਤ ਉਤਮ ਪਾਇਆ। ਉਨ੍ਹਾਂ ਦੇਖਿਆ ਕਿ ਸਿੱਖ ਆਪਣੇ ਨਵੇਕਲੇ ਬਾਣੇ, ਬਾਣੀ ਤੇ ਕੇਸਾਂ ਸਦਕਾ ਲਖਾਂ ਵਿਚ ਖਲੋਤੇ ਵੀ ਅਸਾਨੀ ਨਾਲ ਪਛਾਣੇ ਜਾਂਦੇ ਹਨ। ਇਨ੍ਹਾਂ ਦੀ ਸਿਰਜਨਾ ਗੁਰੂ ਸਾਹਿਬਾਨ ਨੇ ਮਜ਼ਲੂਮਾਂ ਦੀ ਰਾਖੀ ਤੇ ਦੇਸ਼ ਦੀ ਆਨ ਸ਼ਾਨ ਕਾਇਮ ਰਖਣ ਲਈ ਹੀ ਕੀਤੀ ਹੈ। ਇਹ ਐਸੇ ਇਨਸਾਨ ਹਨ ਜੋ ਜ਼ੁਲਮ ਦੇ ਖਿਲਾਫ ਡਟ ਸਕਦੇ ਹਨ। ਇਨ੍ਹਾਂ ਦੇ ਕੇਸਾਧਾਰੀ ਰੂਪ ਤੋਂ ਉਮਡਦੇ ਮਰਦਾਊਪੁਣੇ ਤੇ ਸ਼ਕਤੀ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੇ ਇਕ ਵਾਰੀ 1921 ਵਿਚ ਮੁਲਤਾਨ ਵਿਖੇ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਬੜੇ ਤਪਾਕ ਨਾਲ ਕਿਹਾ ਕਿ ਜੇ ਭਾਰਤ ਵਾਸੀ ਆਪਣੇ ਘਰ ਨੂੰ ਸੁਰਖਿਅਤ ਰਖਣਾ ਚਾਹੁੰਦੇ ਹਨ ਤਾਂ ਉਹ ਆਪਣੇ ਪਰਿਵਾਰ ਵਿਚੋਂ ਇਕ ਬਚੇ ਨੂੰ ਕੇਸਾਧਾਰੀ ਬਣਾ ਕੇ ਗੁਰੂ ਦਾ ਸਿੱਖ ਸਜਾਉਣ ਤਾਂ ਜੋ ਦੇਸ਼ ਦੇ ਕਲਿਆਨ ਤੇ ਜ਼ੁਲਮ ਦੇ ਵਿਨਾਸ਼ ਲਈ ਇਹ ਅਕਾਲਪੁਰਖ ਦੀ ਫੌਜ ਹੋਰ ਸ਼ਕਤੀ ਸ਼ਾਲੀ ਹੋ ਕੇ ਵਧੇਰੇ ਕਾਰਗਰ ਭੂਮਿਕਾ ਨਿਭਾ ਸਕੇ। ਪੰਜਾਬੀਆਂ ਵਿਚ ਪੰਡਿਤ ਜੀ ਦੇ ਇਸ ਕਥਨ ਦਾ ਕਾਫੀ ਪ੍ਰਭਾਵ ਪਿਆ ਪਰ ਉਨ੍ਹਾਂ ਦੇ ਉਹ ਵਿਚਾਰ ਜਦ ਦੇਸ਼ ਦੀਆਂ ਦੂਜੇ ਪਰਾਂਤਾਂ ਦੀਆਂ ਅਖ਼ਬਾਰਾਂ ਵਿਚ ਛਪੇ ਤਾਂ ਕਈਆਂ ਨੇ ਆਪਣੇ ਇਕ ਇਕ ਪੁਤਰ ਨੂੰ ਪਰਿਵਾਰ ਵਿਚ ਕੇਸਾਧਾਰੀ ਸਿੰਘ ਸਜਾਣਾ ਸ਼ੁਰੂ ਕਰ ਦਿਤਾ। ਸਿੱਖ ਧਰਮ ਪਰਚਾਰ ਕਮੇਟੀ ਨੇ ਵੀ ਦੂਜੇ ਸੂਬਿਆਂ ਵਿਚ ਆਪਣਾ ਸਾਹਿਤ ਵੰਡਿਆ ਜਿਸ ਨੇ ਸਿੱਖ ਸਿਧਾਂਤਾਂ ਦੀ ਗ਼ੈਰ-ਸਿੱਖ ਸਜਣਾਂ ਵਿਚ ਸੋਝੀ ਕਰਵਾਣ ਵਿਚ ਬੜੀ ਮਦਦ ਕੀਤੀ। ਨਤੀਜੇ ਵਜੋਂ ਗ਼ੈਰ-ਸਿੱਖ ਸਜਣ ਕੇਸ ਰਖ ਕੇ ਪੂਰਨ ਸਿੰਘ ਸਜੇ। ਉਨ੍ਹਾਂ ਵਿਚੋਂ ਕੁਝ ਦੇ ਕੇਸਾਂ ਤੇ ਸਿੱਖੀ ਬਾਰੇ ਅਨੁਭਵ ਨਿਮਨ ਅਨੁਸਾਰ ਦਿਤੇ ਜਾਂਦੇ ਹਨ।

## ਅਲੀਗੜ੍ਹੀਏ ਲਾਲਾ ਬਾਬੂ ਰਾਮ ਦੀ ਇੱਛਾ

ਲਾਲਾ ਬਾਬੂ ਰਾਮ ਅਲੀਗੜ੍ਹ ਦੇ ਉਘੇ ਵਕੀਲਾਂ ਵਿਚੋਂ ਸਨ। ਜਦ ਕਿਸੇ ਸਾਬਤ ਸੂਰਤ ਸਿੱਖ ਨੂੰ ਦੇਖਦੇ ਤਾਂ ਖੁਸ਼ ਹੁੰਦੇ। ਕਿਤਾਬਾਂ ਪੜ੍ਹਨ ਦੇ ਸ਼ੌਕ ਨੇ ਸਿੱਖ ਧਰਮ ਦੇ ਨੇੜੇ ਕਰ ਦਿਤਾ। ਆਖਿਰ ਬੁਢਾਪੇ ਦੀ ਅਵਸਥਾ ਵਿਚ ਪਹੁੰਚ ਕੇ ਮਨ ਵਿਚ ਆਇਆ ਕਿ ਉਮਰ ਰਸੀਦਾ ਹੋਣ ਕਾਰਨ ਖੁਦ ਤਾਂ ਸਿੱਖ ਨਹੀਂ ਸਜ ਸਕਦਾ ਪਰ ਜੇ ਆਪਣੇ ਪੁਤਰ ਨੂੰ ਸਿੱਖ ਸਜਾ ਦੇਵਾਂ ਤਾਂ ਵੀ ਮਨ ਨੂੰ ਬਹੁਤ ਤਸਕੀਨ ਮਿਲੇਗੀ। ਖਾਹਿਸ਼ ਨੂੰ ਪੂਰਾ


Sri Satguru Jagjit Singh Ji eLibrary NamdhariElibrary@gmail.com

ਕਰਨ ਲਈ ਆਪਣੇ ਪੁਤਰ ਨੂੰ ਸਿੰਘ ਸਜਣ ਦੀ ਪ੍ਰੇਰਨਾ ਕੀਤੀ ਤਾਂ ਉਹ ਲੜਕਾ ਕੇਸ ਰਖ ਕੇ ਸਿੰਘ ਸਜ ਗਿਆ। **ਬਾਬੂ ਜੀ ਨੇ ਇਕ ਦਿਨ ਸਿੱਖ ਮਿਸ਼ਨ ਦੇ ਦਫਤਰ ਵਿਚ ਜਾ ਕੇ ਬੜੇ ਫ਼ਖ਼ਰ ਨਾਲ ਇਹ ਗਲ ਕਹਿੰਦਿਆਂ ਖੁਸ਼ੀ ਪ੍ਰਗਟਾਈ ਕਿ ਜਦ ਮੇਰਾ ਲੜਕਾ ਸਿੰਘ ਸਜੇ ਸਰੂਪ ਵਿਚ ਮੇਰੇ ਸਾਹਮਣੇ ਤੋਂ ਲੰਘਦਾ ਹੈ ਤਾਂ ਮੈਨੂੰ ਗੁਰੂ ਗੋਬਿੰਦ ਸਿੰਘ ਦੇ ਇਹ ਸ਼ਬਦ ਯਾਦ ਆ ਜਾਂਦੇ ਹਨ ਕਿ 'ਓਟ ਅਕਾਲ ਦੀ, ਪਰਚਾ ਸ਼ਬਦ ਦਾ ਤੇ ਦੀਦਾਰ ਖਾਲਸੇ ਦਾ'। ਇਸ ਤਰ੍ਹਾਂ ਮੈਂ ਆਪਣੇ ਲੜਕੇ ਦੇ ਦਰਸ਼ਨ ਕਰ ਕੇ ਨਿਹਾਲ ਹੋ ਜਾਂਦਾ ਹਾਂ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਸੇ ਸਰੂਪ ਦਾ ਧਾਰਨੀ ਬਣਿਆ ਹੋਇਆ ਹੈ।**

ਲਾਲਾ ਜੀ ਦੇ ਇਸ ਮਿਸਾਲੀ ਪਰਯਤਨ ਤੇ ਅਮਲ ਕਰਦਿਆਂ ਹੋਇਆਂ ਉਨ੍ਹਾਂ ਦੇ ਇਕ ਹੋਰ ਸਾਥੀ ਬਦਾਯੂੰ ਨਿਵਾਸੀ ਸ੍ਰੀ ਜਫਾ ਵਕੀਲ ਨੇ ਵੀ ਆਪਣੇ ਸਪੁੱਤਰ ਨੂੰ ਸਿੰਘ ਸਜਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। (ਹਵਾਲਾ ਪੁਸਤਕ ਸਫਲ ਜੀਵਨ-ਪੰਨਾ 73-74)

## ਆਰੀਆ ਸਮਾਜੀ ਸਵਾਮੀ ਹੁਕਮ ਸਿਹੁੰ ਤੋਂ ਸ· ਹੁਕਮ ਸਿੰਘ

ਸਵਾਮੀ ਹੁਕਮ ਸਿਹੁੰ ਯੂ·ਪੀ· ਦੇ ਜ਼ਿਲ੍ਹਾ ਅਲੀਗੜ੍ਹ ਦੇ ਇਕ ਵਿਦਵਾਨ ਸਜਣ ਸਨ ਜੋ ਆਰੀਆ ਪ੍ਰਤੀਨਿਧ ਸਭਾ ਉਤਰ ਪਰਦੇਸ਼ ਦੇ ਪ੍ਰਧਾਨ ਵੀ ਰਹਿ ਚੁਕੇ ਸਨ। ਉਹ ਆਰੀਆ ਸਮਾਜੀ ਸਨ ਪਰ ਸਿੱਖ ਲਹਿਰ ਦੇ ਯੂ·ਪੀ· ਪਹੁੰਚਣ ਤੇ ਸਿੱਖ ਧਰਮ ਦਾ ਅਧਿਐਨ ਕਰਨ ਤੇ ਉਨ੍ਹਾਂ ਦਾ ਇਹ ਨਿਸ਼ਚਾ ਬਣ ਗਿਆ ਕਿ ਭਾਵੇਂ ਆਰੀਆ ਸਮਾਜ ਵੀ ਜ਼ਾਤ ਪਾਤ ਦੇ ਵਿਤਕਰੇ ਨੂੰ ਮਿਟਾਉਣ ਦੇ ਹੱਕ ਵਿਚ ਹੈ ਪਰ ਜਿਤਨੇ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਅਮਲੀ ਰੂਪ ਵਿਚ ਸਿੱਖ ਗੁਰੂ ਸਾਹਿਬਾਨ ਨੇ ਇਸ ਕੁਰੀਤੀ ਦਾ ਖੰਡਨ ਕੀਤਾ ਹੈ ਉਤਨਾ ਕਿਸੇ ਹੋਰ ਨੇ ਨਹੀਂ ਕੀਤਾ ਇਸ ਲਈ ਹਿੰਦੂ ਸਮਾਜ ਨੂੰ ਰੂੜ੍ਹੀਵਾਦ ਤੇ ਜ਼ਾਤ ਪਾਤ ਦੇ ਚੁੰਗਲ ਤੋਂ ਕੱਢਣ ਲਈ ਸਿੱਖ ਸਭਿਆਚਾਰ ਨੂੰ ਵਿਕਸਤ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਉਹ ਸਿੱਖ ਧਰਮ ਵਲ ਅਕਰਸ਼ਤ ਹੁੰਦੇ ਗਏ। **ਇਕ ਵਾਰੀ ਦੀਵਾਲੀ ਦੇ ਅਵਸਰ ਤੇ ਹਰਿਮੰਦਰ ਸਾਹਿਬ ਆਏ। ਸਾਰੇ ਜਨ ਸਮੂਹ ਨੂੰ ਇਕ ਥਾਂ ਬੈਠਦਿਆਂ, ਇਸ਼ਨਾਨ ਕਰਦਿਆਂ, ਲੰਗਰ ਛਕਦਿਆਂ, ਸੇਵਾ ਕਰਦਿਆਂ ਦੇਖ ਕੇ ਬਹੁਤ ਖੁਸ਼ ਹੋਏ ਤੇ ਉਨ੍ਹਾਂ ਨੇ ਸਿੰਘ ਸਜਣ ਅਤੇ ਅੰਮ੍ਰਿਤ ਛਕਣ ਦਾ ਮਨ ਬਣਾ ਲਿਆ ਤੇ ਅੰਮ੍ਰਿਤ ਛਕ ਕੇ ਸਿੰਘ ਸਜੇ। ਉਨ੍ਹਾਂ ਫਰਮਾਇਆ ਕਿ ਸਿੰਘ ਸਜਣ ਤੋਂ ਬਿਨਾਂ ਹੁਣ ਤਕ ਜੋ ਜੀਵਨ ਮੈਂ ਬਤੀਤ ਕੀਤਾ ਹੈ ਉਹ ਵਿਅਰਥ ਹੀ ਗਿਆ ਹੈ। ਬਚਪਨ ਤੇ ਜਵਾਨੀ ਤਾਂ ਭੁਲੇਖੇ ਵਿਚ ਹੀ ਬੀਤ ਗਏ ਹੁਣ ਬੁਢਾਪਾ ਸੰਵਾਰਨ ਲਈ ਸਿੰਘ ਸਜਿਆ ਹਾਂ, ਇਹ ਅਕਾਲਪੁਰਖ ਦੀ ਮੇਰੇ ਤੇ ਮਿਹਰ ਹੋਈ ਹੈ।** (ਹਵਾਲਾ ਪੁਸਤਕ ਸਫਲ ਜੀਵਨ-ਪੰਨਾ 77)

ਜੇ ਪੰਜਾਬ ਵੱਲ ਝਾਤ ਮਾਰੀਏ ਤਾਂ ਦਿਸੇਗਾ ਕਿ ਕਈ ਹਿੰਦੂ ਵੀਰ, ਸਿੰਘ ਸਜ ਕੇ ਦੇਸ਼ ਕੌਮ ਦੀ ਕਿਸਮਤ ਬਣਾਉਣ ਵਿਚ ਬਹੁਤ ਵਡਾ ਯੋਗਦਾਨ ਪਾ ਗਏ ਹਨ। ਸ੍ਰੀ ਰਾਮ ਜੀ ਦਾਸ, ਭਗਤ ਪੂਰਨ ਸਿੰਘ ਦੇ ਰੂਪ ਵਿਚ ਮਹਾਨ ਨਿਸ਼ਕਾਮ ਮਾਨਵ ਸੇਵੀ ਹੋਏ ਹਨ। ਨਾਨਕ ਚੰਦ ਤੋਂ ਮਾਸਟਰ ਤਾਰਾ ਸਿੰਘ ਬਣੇ ਉੱਤਮ ਇਨਸਾਨ ਨੇ ਕੌਮ ਨੂੰ ਬੇਪਨਾਹ ਸ਼ਕਤੀ ਪ੍ਰਦਾਨ ਕੀਤੀ। ਨਥੂ ਰਾਮ ਤੋਂ ਪ੍ਰੋ· ਸਾਹਿਬ ਸਿੰਘ ਵਜੋਂ ਉਭਰੇ ਗੁਰ ਸਿੱਖ ਵਿਦਵਾਨ ਨੇ ਗੁਰੂ ਗ੍ਰੰਥ ਸਾਹਿਬ ਦਾ ਸ਼ਾਨਦਾਰ ਸਟੀਕ ਤਿਆਰ ਕੀਤਾ। ਰਾਮ



Sri Satguru Jagjit Singh Ji eLibrary NamdhariElibrary@gmail.com

ਨਰਾਇਣ ਦਾਸ ਤੋਂ ਸ· ਰਾਮ ਨਰਾਇਣ ਸਿੰਘ ਦਰਦੀ ਦੇ ਨਾਂ ਤੇ ਪ੍ਰਸਿਧ ਹੋਏ ਸ਼ਾਇਰ ਨੇ ਆਪਣੀ ਕਾਬਲੀਅਤ ਦੇ ਜੋਹਰ ਦਖਾ ਕੇ ਸਭ ਨੂੰ ਚਕਰਤ ਕਰ ਦਿਤਾ। ਅਜਿਹੀਆਂ ਮਿਸਾਲਾਂ ਹੋਰ ਵੀ ਕਈ ਦਰਜਨਾਂ ਉਪਲਬਧ ਹਨ ਜਿਥੇ ਸਿਖੀ ਸਰੂਪ ਵਿਚ ਆਉਣ ਵਾਲੇ ਮਨੁੱਖਾਂ ਨੇ ਕੌਮ ਤੇ ਮਾਨਵਤਾ ਨੂੰ ਆਪਣੇ ਗੁਣਾਂ ਨਾਲ ਮਾਲਾ ਮਾਲ ਕੀਤਾ ਹੈ।

## ਕਿਵੇਂ ਕਾਇਆ ਕਲਪ ਹੋ ਗਿਆ

ਆਗਰੇ ਵਿਚ ਚਮੜਾ ਰੰਗਣ ਵਾਲੇ (ਖਟੀਕਾਂ) ਦਾ ਇਕ ਮੁਹਲਾ ਹੈ। ਉਸ ਮੁਹਲੇ ਦਾ ਇਕ ਖਟੀਕ ਆਪਣੇ ਉਦਮਾਂ ਨਾਲ ਬਹੁਤ ਅਮੀਰ ਹੋ ਗਿਆ। ਉਸ ਆਪਣੇ ਮੁਹਲੇ ਵਿਚ ਆਲੀਸ਼ਾਨ ਹਵੇਲੀ ਬਣਵਾਈ ਜੋ ਟਾਂਗਿਆਂ ਦੇ ਅਡੇ ਪਾਸ ਸੀ। ਜਦ ਵੀ ਕੋਈ ਪੁਛਦਾ ਕਿ ਇਹ ਸ਼ਾਨਦਾਰ ਹਵੇਲੀ ਕਿਸ ਦੀ ਹੈ ਤਾਂ ਟਾਂਗੇ ਵਾਲੇ ਇਹੀ ਕਹਿੰਦੇ ਕਿ ਫਲਾਣੇ ਚਮਾਰ ਦੀ ਹੈ। ਉਸ ਅਮੀਰ ਹੋਏ ਚਮਾਰ ਨੂੰ ਆਪਣੇ ਬਾਰੇ ਅਜਿਹੇ ਸ਼ਬਦ ਸੁਣ ਕੇ ਬਹੁਤ ਦੁਖ ਹੁੰਦਾ। ਉਹ ਇਸ ਸਮਸਿਆ ਦਾ ਹੱਲ ਲਭਣਾ ਚਾਹੁੰਦਾ ਸੀ ਜੋ ਉਸ ਨੂੰ ਮਿਲ ਨਹੀਂ ਸੀ ਰਿਹਾ। ਅੰਤ ਉਸ ਨੂੰ ਕਿਸੇ ਨੇ ਸਲਾਹ ਦਿਤੀ ਕਿ ਜੇ ਤੂੰ ਇਸ ਹੀਨਤਾ ਭਾਵ ਤੋਂ ਖਹਿੜਾ ਛੁਡਾਉਣਾ ਚਾਹੰਦਾ ਏਂ ਤਾਂ ਕੇਸ ਰਖ ਕੇ ਸਿੱਖ ਸਜ ਜਾ ਕਿਉਂਕਿ ਉਥੇ ਜ਼ਾਤ ਪਾਤ ਦੀ ਬੀਮਾਰੀ ਨਹੀਂ ਹੈ। ਸਾਰੇ ਤੈਨੂੰ ਸਰਦਾਰ ਜੀ ਕਹਿ ਕੇ ਬੁਲਾਉਣਗੇ। ਉਸਨੂੰ ਗਲ ਪਸੰਦ ਆਈ ਤੇ ਕੇਸ ਰਖ ਕੇ ਸਿੰਘ ਸਜ ਗਿਆ ਤੇ ਬੜੀ ਸਜ ਧਜ ਨਾਲ ਰਹਿਣ ਲਗ ਪਿਆ। ਜਿਧਰੋਂ ਲੰਗਦਾ ਲੋਕੀ ਸਰਦਾਰ ਸਾਹਿਬ ਕਹਿ ਕੇ ਸਲਾਮ ਕਰਦੇ ਤੇ ਹਰ ਕੋਈ ਦਿਨਾਂ ਦਿਨਾਂ ਵਿਚ ਕਹਿਣ ਲਗ ਪਿਆ ਕਿ ਇਹ ਹਵੇਲੀ ਫਲਾਣੇ ਸਰਦਾਰ ਦੀ ਹੈ। ਇਵੇਂ ਕੇਸਾਂ ਨੇ ਤੇ ਸਿਖੀ ਨੇ ਉਸ ਦੇ ਹੀਨਤਾ ਭਾਵ ਨੂੰ ਸਰੇਸ਼ਠਤਾ ਵਾਲੇ ਪ੍ਰਭਾਵ ਵਿਚ ਬਦਲਣ ਦਾ ਕਰਿਸ਼ਮਾ ਕਰ ਵਖਾਇਆ। (ਪੁਸਤਕ ਸਫਲ ਜੀਵਨ-ਪੰਨਾ 72)

**ਉਕਤ ਸਾਰੀਆਂ ਘਟਨਾਵਾਂ ਵਾਈਲਮ ਦੇ ਇਸ ਕਥਨ ਨੂੰ ਪੁਸ਼ਟੀ ਬਖਸ਼ਦੀਆਂ ਹਨ ਕਿ ਕੇਸ ਮਨੋਬਲ ਉਚਾ ਕਰਦੇ ਹਨ, ਸ਼ਕਤੀ ਦਾ ਅਹਿਸਾਸ ਜਗਾਂਦੇ ਹਨ, ਮਰਦਾਊਪੁਣੇ ਤੇ ਇਜ਼ਤ ਦੇ ਸੂਚਕ ਹਨ। ਸਿਖ ਇਨ੍ਹਾਂ ਦੇ ਧਾਰਨੀ ਬਣ ਕੇ ਮਾਣ ਤੇ ਜਸ ਖਟ ਰਹੇ ਹਨ।**

## ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੇ ਕੇਸਾਂ ਬਾਰੇ ਬੇਦਾਰੀ

ਔਰੰਗਜ਼ੇਬ ਨੇ ਆਪਣੇ ਜ਼ੁਲਮਾਂ ਨਾਲ ਸਾਰੀ ਭਾਰਤੀ ਕੌਮ ਨੂੰ ਇਤਨਾ ਭੈਭੀਤ ਕੀਤਾ ਹੋਇਆ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੀ ਦਿੱਲੀ ਚਾਂਦਨੀ ਚੌਕ ਵਿਖੇ ਸ਼ਹਾਦਤ ਹੋਣ ਉਪਰੰਤ ਉਹਨਾਂ ਦੀ ਦੇਹ ਨੂੰ ਸੰਭਾਲਣ ਲਈ ਅਗੇ ਵਧਣ ਤੋਂ ਲੋਕੀ ਹਿਚਕਚਾਉਣ ਲਗੇ। ਦੂਜੇ ਪਾਸੇ ਇਹ ਗਲ ਵੀ ਜ਼ਰੂਰ ਸੀ ਕਿ ਸਾਰੀ ਕੌਮ ਵਿਚ ਬਾਦਸ਼ਾਹ ਦੀ ਇਸ ਜ਼ਾਲਮਾਨਾ ਕਾਰਵਾਈ ਪ੍ਰਤੀ ਰੋਹ ਵੀ ਮੌਜੂਦ ਸੀ ਜਿਹੜਾ ਕਾਫੀ ਚਿਰ ਤਕ ਲੋਕਾਂ ਨੂੰ ਬੇਚੈਨ ਕਰਦਾ ਰਿਹਾ। ਗੁਰੂ ਜੀ ਦੇ ਕੁਝ ਸ਼ਰਧਾਲੂਆਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਮਗਰੋਂ ਔਰੰਗਜ਼ੇਬ ਬਾਦਸ਼ਾਹ ਤੇ ਕਈ ਵਾਰ ਕੀਤੇ ਜਿਹਨਾਂ ਦਾ ਜ਼ਿਕਰ ਉਸਦਾ ਦਰਬਾਰੀ ਮੁਨਸ਼ੀ ਮੁਹੰਮਦ ਸਾਫੀ ਕਰਦਿਆਂ ਲਿਖਦਾ ਹੈ ਕਿ 8 ਫਗਣ 1732 ਨੂੰ ਬਾਦਸ਼ਾਹ ਜਾਮਾ ਮਸਜਿਦ ਵਿਚ ਨਮਾਜ਼ ਅਦਾ ਕਰਨ ਉਪਰੰਤ ਬੇੜੀ ਤੋਂ ਉਤਰ ਕੇ ਆਪਣੇ ਤਖਤੇ-ਰਵਾਂ ਤੇ ਸਵਾਰ ਹੋਇਆ ਤਾਂ ਗੁਰੂ ਤੇਗ਼



Sri Satguru Jagjit Singh Ji eLibrary NamdhariElibrary@gmail.com

ਬਹਾਦਰ ਦੇ ਇਕ ਬਦਬੱਖਤ ਤੇ ਸਿਰ ਫਿਰੇ ਚੇਲੇ ਨੇ ਉਸ ਨੂੰ ਦੋ ਇੱਟਾਂ ਮਾਰੀਆਂ ਜਿਹਨਾਂ ਵਿਚੋਂ ਇਕ ਤਖਤ ਦੇ ਜਾ ਵਜੀ। ਇਸੇ ਤਰ੍ਹਾਂ ਦਿਲੀ ਵਿਖੇ ਹੀ ਬਾਦਸ਼ਾਹ ਦੀ ਸਵਾਰੀ ਤੇ ਕਿਸੇ ਨੇ ਦੂਰ ਤੋਂ ਡੰਡਾ ਵਗਾਹ ਕੇ ਮਾਰਿਆ ਜਿਹੜਾ ਬਾਦਸ਼ਾਹ ਦੇ ਛਤਰ ਦੇ ਅਗਲੇ ਹਿਸੇ ਤੇ ਲਗਾ। ਇਕ ਵਾਰੀ ਫਿਰ ਜਦ ਔਰੰਗਜ਼ੇਬ ਜਾਮਾ ਮਸਜਿਦ ਤੋਂ ਨਿਕਲਣ ਉਪਰੰਤ ਘੋੜੇ ਤੇ ਸਵਾਰ ਹੋਣ ਲਗਾ ਤਾਂ ਇਕ ਆਦਮੀ ਅਚਾਨਕ ਹੀ ਨੰਗੀ ਤਲਵਾਰ ਹੱਥ ਵਿਚ ਲਹਿਰਾਉਂਦਾ ਉਸ ਤਕ ਜਾ ਪੁਜਾ। ਭਾਵੇਂ ਉਸ ਵਲੋਂ ਕੋਈ ਵਾਰ ਕਰਨ ਤੋਂ ਪਹਿਲਾਂ ਸਿਪਾਹੀਆਂ ਨੇ ਉਸ ਨੂੰ ਫੜ ਲਿਆ ਫਿਰ ਵੀ ਇਕ ਰਖਿਅਕ ਮੁਕਰਮ ਖਾਂ ਦੀ ਉਂਗਲੀ ਬੁਰੀ ਤਰ੍ਹਾਂ ਫਟੜ ਹੋ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬੇਦਾਰ ਹੋਈ ਭਾਵਨਾ ਨੂੰ ਸੰਗਠਿਤ ਕਰਕੇ ਕੇਸਾਧਾਰੀ ਖਾਲਸੇ ਦੀ ਸਿਰਜਨਾ ਕੀਤੀ ਜਿਸਨੇ ਜ਼ਾਲਮ ਮੁਗ਼ਲ ਹਕੂਮਤ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਨੂੰ ਠਲ੍ਹ ਪਾਉਣ ਲਈ ਸਭ ਪ੍ਰਕਾਰ ਦੀਆਂ ਕੁਰਬਾਨੀਆਂ ਖਿੜੇ ਮਥੇ ਕੀਤੀਆਂ ਤੇ ਭਾਰਤ ਦੀ ਅਣਖ ਤੇ ਸਵੈਮਾਨ ਦੀ ਬਹਾਲੀ ਲਈ ਰਾਹ ਮੋਕਲਾ ਕਰ ਦਿਤਾ।

## ਸਿੱਖਾਂ ਦੇ ਸਿਰਾਂ ਤੇ ਕੇਸਾਂ ਦਾ ਮੁਲ

ਅੰਗਰੇਜ਼ ਇਤਿਹਾਸਕਾਰ ਮੈਲਕਮ ਨੇ ਸਿੱਖਾਂ ਦੇ ਸੰਖੇਪ ਇਤਿਹਾਸ ਵਿਚ ਲਿਖਿਆ ਹੈ ਕਿ 18ਵੀਂ ਸਦੀ ਵਿਚ ਕਿਸੇ ਹਿੰਦੂ ਜਾਂ ਸਿੱਖ ਨੂੰ ਲੰਮੇ ਕੇਸ ਜਾਂ ਦਾਹੜੀ ਰੱਖਣ ਦੀ ਆਗਿਆ ਨਹੀਂ ਸੀ ਪਰ ਜਿਹੜਾ ਕੇਸ ਅਤੇ ਦਾਹੜੀ ਮੁਨਾਉਣ ਤੋਂ ਇਨਕਾਰ ਕਰਦਾ ਸੀ ਉਸ ਲਈ ਸਿਧੀ ਮੌਤ ਦੀ ਸਜ਼ਾ ਸੀ। ਅਜਿਹੇ ਸੰਗੀਨ ਆਦੇਸ਼ਾਂ ਦੇ ਬਾਵਜੂਦ ਵੀ ਕੇਸ ਦਾਹੜੀਆਂ ਦੇ ਉਪਾਸ਼ਕ ਸਿੱਖ ਆਪਣੇ ਮੰਤਵ ਦੀ ਪੂਰਤੀ ਲਈ ਵਡੇ ਤੋਂ ਵਡੇ ਭੈ-ਭੀਤੀ ਆਦੇਸ਼ਾਂ ਦੀ ਪ੍ਰਵਾਹ ਨਾ ਕਰਦੇ। ਇਹੀ ਇਤਿਹਾਸਕਾਰ ਮੈਲਕਮ ਅਗੇ ਹੋਰ ਲਿਖਦਾ ਹੈ ਕਿ ਸਿਖਾਂ ਦੇ ਕੇਸ ਰਖਣ ਕਰਕੇ ਇਨ੍ਹਾਂ ਦੇ ਸਿਰਾਂ ਦੇ ਮੁਲਾਂ ਬਾਰੇ ਆਦੇਸ਼ਾਂ ਦੀ ਪ੍ਰਵਾਹ ਨਾ ਕਰਦੇ ਹੋਏ ਲੋਕਾਂ ਵਲੋਂ ਸਿੰਘ ਸਜਣਾ ਜਾਰੀ ਰਿਹਾ। ਇਸ ਸਿਲਸਿਲੇ ਵਿਚ ਉਸਨੇ ਪੰਜਾਬ ਵਿਚ ਉਸ ਸਮੇਂ ਪ੍ਰਚਲਿਤ ਇਕ ਰਵਾਇਤ ਦਾ ਜ਼ਿਕਰ ਕੀਤਾ ਜੋ ਇਵੇਂ ਹੈ: ਜੇਕਰ ਕਿਸੇ ਪੰਜਾਬਣ ਮਾਂ ਪਾਸੋਂ ਕੋਈ ਦੂਜੀ ਔਰਤ ਪੁਛੇ ਕਿ ਭੈਣੇ ਤੇਰੇ ਕਿਤਨੇ ਪੁਤਰ ਹਨ ਤਾਂ ਉਹ ਜਵਾਬ ਦਿੰਦੀ ਹੈ ਕਿ ਹਨ ਤਾਂ ਸੁਖ ਨਾਲ ਚਾਰ ਪਰ ਉਨ੍ਹਾਂ ਵਿਚੋਂ ਇਕ ਸਿੰਘ ਸਜ ਗਿਆ ਹੈ। ਭਾਵ ਇਹ ਕਿ ਸਿੰਘ ਸਜਣਾ ਮੌਤ ਨੂੰ ਸਿਧੀ ਅਵਾਜ਼ ਮਾਰਨਾ ਸੀ ਪਰ ਕਿਉਂਕਿ ਗੁਰੂ ਦੇ ਸੂਰਬੀਰ ਸਪੁਤਰ ਸਿੰਘ ਸੂਰਮੇ ਦੇਸ਼ ਕੌਮ ਦੀ ਰਾਖੀ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਰਹੇ ਸਨ, ਇਸ ਲਈ ਹਰ ਘਰ ਵਿਚੋਂ ਇਕ ਦੋ ਪੁਤਰਾਂ ਨੂੰ ਮਾਵਾਂ ਚਾਵਾਂ ਨਾਲ ਸਿੰਘ ਸਜਾਂਦੀਆਂ ਅਤੇ ਇਨ੍ਹਾਂ ਦੇ ਕਾਰਨਾਮਿਆਂ ਤੇ ਮਾਣ ਕਰਦੀਆਂ ਸਨ। ਜਦ ਕਦੀ ਇਹ ਸੂਰਮੇ ਦੁਸ਼ਮਣ ਨਾਲ ਲੋਹਾ ਲੈਣ ਉਪਰੰਤ ਆਪਣੇ ਘਰਾਂ ਵਲ ਚੱਕਰ ਮਾਰਦੇ ਤਾਂ ਪੰਜਾਬੀ ਮਾਵਾਂ ਆਪਣੇ ਇਨ੍ਹਾਂ ਸਪੁਤਰਾਂ ਦਾ ਤਿਆਗ, ਇਖਲਾਕ ਤੇ ਕੁਬਾਨੀ ਦੇ ਜਜ਼ਬੇ ਦੀ ਕਦਰਦਾਨੀ ਵਜੋਂ ਮਾਣ ਨਾਲ ਕਹਿੰਦੀਆਂ ਸਨ 'ਆ ਗਏ ਨਿਹੰਗ ਬੂਹੇ ਖੋਲ੍ਹ ਦਿਓ ਨਿਸੰਗ' ਭਾਵ ਇਹ ਕਿ ਜਦ ਇਹੋ ਜਿਹੇ ਬਹਾਦਰ ਸੂਰਮੇ ਘਰ ਵਿਚ ਹੋਣ ਤਾਂ ਡਰ ਕੇ ਬੂਹੇ ਬੰਦ ਰਖਣ ਦੀ ਲੋੜ ਨਹੀਂ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਸਿੰਘਾਂ ਨੇ ਅਤਿਅੰਤ ਖਤਰੇ ਭਰੀ ਜ਼ਿੰਦਗੀ ਜੀ ਕੇ ਵੀ ਜ਼ਾਲਮਾਂ ਹੱਥੋਂ ਦੇਸ਼ ਦੀ ਆਜ਼ਾਦੀ ਲੈਣ ਦੀ ਸ਼ਮ੍ਹਾ ਨੂੰ ਜਗਾਈ ਰਖਿਆ ਤੇ ਜ਼ਾਲਮ ਮੁਗ਼ਲੀਆ ਰਾਜ ਦਾ ਖਾਤਮਾ ਕਰ ਕੇ ਹੀ ਸਾਹ ਲਿਆ।


Sri Satguru Jagjit Singh Ji eLibrary NamdhariElibrary@gmail.com

## ਕੇਸ ਰਖਣ ਬਾਰੇ ਸਹਿਜਧਾਰੀ ਸਿੱਖਾਂ ਨੂੰ ਪ੍ਰੇਰਨਾ

ਕੇਸ ਕਿਸੇ ਵੀ ਕੰਮ ਨੂੰ ਕੁਸ਼ਲਤਾ ਪੂਰਵਕ ਕਰਨ ਵਿਚ ਵਿਘਨ ਨਹੀਂ ਪਾਉਂਦੇ, ਜੋ ਇਹ ਕਹਿੰਦੇ ਹਨ ਕਿ ਇਹ ਵਿਘਨ ਪਾਉਂਦੇ ਹਨ ਉਹ ਹੁਜਤ ਬਾਜ਼ੀ ਜਾਂ ਗਲਤ ਬਿਆਨੀ ਕਰਦੇ ਹਨ ਜਾਂ ਫਿਰ ਮਨ ਦੀ ਕਮਜ਼ੋਰੀ ਪ੍ਰਗਟਾਉਂਦੇ ਹਨ। ਇਸ ਕਮਜ਼ੋਰੀ ਨੂੰ ਸਾਹਮਣੇ ਰਖ ਕੇ ਲੋਕੀ ਕੇਸ ਕਟਵਾਉਂਦੇ ਹਨ ਪਰ ਬੜੀਆਂ ਬੜੀਆਂ ਗਵਾਹੀਆਂ ਮੌਜੂਦ ਹਨ ਜਿਥੇ ਸਿੰਘਾਂ ਨੇ ਕੇਸਾਂ ਦੀ ਪੂਰੀ ਪੂਰੀ ਸੰਭਾਲ ਰਖਦੇ ਹੋਏ ਆਪਣੀ ਮਹਤਵਪੂਰਣ ਸੇਵਾ ਨੂੰ ਸ਼ਲਾਘਾ ਯੋਗ ਢੰਗ ਨਾਲ ਨਭਾਇਆ ਹੈ। ਮਲਕ ਹਰਦਿੱਤ ਸਿੰਘ ਨੇ ਬਰਿਟਿਸ਼ ਏਅਰ ਫੋਰਸ ਵਿਚ ਆਪਣੇ ਖਾਲਸੇਈ ਸਰੂਪ ਨਾਲ ਹੀ ਸ਼ਾਨਦਾਰ ਸੇਵਾ ਕੀਤੀ ਜਿਸਦਾ ਹਰ ਇਕ ਉਤੇ ਉਸਾਰੂ ਪ੍ਰਭਾਵ ਪਿਆ ਰਿਹਾ।

ਜੇ ਮਨ ਦ੍ਰਿੜ ਹੋਵੇ ਤਾਂ ਕੋਈ ਵੀ ਸਮਸਿਆ ਆੜੇ ਨਹੀਂ ਆ ਸਕਦੀ ਪਰ ਕਚੇ ਮਨ ਨਾਲ ਤਾਂ ਕੁਝ ਵੀ ਸੰਵਰ ਨਹੀਂ ਸਕਦਾ। ਕਈ ਮਨੁੱਖ ਇਸੇ ਡਾਵਾਂ ਡੋਲ ਸਥਿਤੀ ਵਿਚ ਕਈ ਕਈ ਪੀੜ੍ਹੀਆਂ ਸਹਿਜ ਧਾਰੀ ਅਵਸਥਾ ਵਿਚ ਹੀ ਵਿਚਰਦੇ ਰਹੇ। ਕੇਸ ਰਖਣ ਬਾਰੇ ਜਾਂ ਤਾਂ ਉਨ੍ਹਾਂ ਨੂੰ ਝਾਕਾ ਹੀ ਰਿਹਾ ਜਾਂ ਫਿਰ ਯੋਗ ਪ੍ਰੇਰਨਾ ਨਾ ਮਿਲ ਸਕੀ। ਇਸ ਸਿਲਸਿਲੇ ਵਿਚ ਸਵਰਗੀ ਮਹੰਤ ਹਰਦਰਸ਼ਨ ਸਿੰਘ ਸੇਵਾ ਪੰਥੀ ਦੀ ਉਦਾਹਰਣ ਸਾਡੇ ਸਾਹਮਣੇ ਹੈ। ਉਹ ਸਿੰਘ ਸਜਣ ਤੋਂ ਪਹਿਲੇ ਕਰਮ ਚੰਦ ਦੇ ਨਾਂ ਨਾਲ ਜਾਣੇ ਜਾਂਦੇ ਸਨ। ਇਕ ਵਾਰੀ ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਗਏ। ਸ· ਗੁਰਬਚਨ ਸਿੰਘ ਆਪਣੇ ਇਕ ਆਰਟੀਕਲ ਵਿਚ ਲਿਖਦੇ ਹਨ ਕਿ ਜਦ ਉਹਨਾਂ ਨੇ ਉਥੇ ਜਾ ਕੇ ਗੁਰੂ ਗ੍ਰੰਥ ਸਾਹਿਬ ਅਗੇ ਮਥਾ ਟੇਕਿਆ ਤਾਂ ਉਹਨਾਂ ਦੇ ਮਨ ਵਿਚ ਫੁਰਨਾ ਫੁਰਿਆ ਤੇ ਉਹਨਾਂ ਆਪਣੇ ਆਪ ਨੂੰ ਕਿਹਾ, ਕਰਮ ਚੰਦਾ ਤੂੰ ਆਪਣੇ ਗੁਰੂ ਅਗੇ ਮਥਾ ਟੇਕ ਕੇ ਆਪਣਾ ਸਭ ਕੁਝ ਸਮਰਪਤ ਤਾਂ ਕਰਦਾ ਏਂ ਪਰ ਗੁਰੂ ਵਲੋਂ ਦਿਤੇ ਸਰੂਪ ਤੋਂ ਮੁਨਕਰ ਏਂ। ਇਹ ਤਾਂ ਧੋਖਾ ਹੈ ਨਿਰਾ ਧੋਖਾ ਜੋ ਤੂੰ ਆਪਣੇ ਤੇ ਆਪਣੇ ਗੁਰੂ ਨਾਲ ਕਰਦਾ ਆ ਰਿਹਾ ਏਂ। ਜੇ ਤੂੰ ਗਰੂ ਦਾ ਸਚਾ ਸਿੱਖ ਏਂ ਤਾਂ ਹੁਣ ਗੁਰੂ ਦੇ ਸਰੂਪ ਦਾ ਧਾਰਨੀ ਹੋਏ ਬਗ਼ੈਰ ਆਪਣਾ ਸਿਰ ਗੁਰੂ ਦੀ ਹਜ਼ੂਰੀ ਵਿਚੋਂ ਚੁਕ ਕੇ ਦਿਖਾ? ਇਸ ਲਈ ਇਹ ਪਾਖੰਡ ਛਡ ਕੇ ਸਿੰਘ ਸਜ। ਗੁਰੂ ਗੋਬਿੰਦ ਸਿੰਘ ਜੀ ਦੇ ਤਖਤ ਤੇ ਆ ਕੇ ਮਨ ਵਿਚ ਦੋਹਰਾ ਪ੍ਰਭਾਵ ਨਾ ਰਖ। ਸ· ਗੁਰਬਚਨ ਸਿੰਘ ਕਹਿੰਦੇ ਹਨ ਬਸ ਇਹ ਸੰਕਲਪ ਮਨ ਵਿਚ ਆਇਆ ਤਾਂ ਮਹੰਤ ਨੇ ਕੇਸ ਵਧਾਉਣੇ ਸ਼ੁਰੂ ਕਰ ਦਿਤੇ। ਉਥੇ ਹੀ ਅੰਮ੍ਰਿਤ ਪਾਨ ਕਰਕੇ ਪੂਰਨ ਗੁਰਸਿਖੀ ਸਰੂਪ ਧਾਰਨ ਕੀਤਾ ਤੇ ਉਨ੍ਹਾਂ ਦੀ ਦੇਖੋ ਦੇਖੀ ਹਜ਼ਾਰਾਂ ਕਚੇ ਪਿਲੇ ਸਿੱਖਾਂ ਤੇ ਉਹਨਾਂ ਦੇ ਸਹਿਜਧਾਰੀ ਸੇਵਾ ਪੰਥੀ ਸਾਥੀਆਂ ਨੇ ਵੀ ਕੇਸ ਸਜਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਵੇਖਣ ਵਿਚ ਆਇਆ ਹੈ ਕਿ ਸਿਖੀ ਧਾਰਨਾ ਰਖਣ ਵਾਲੇ ਸਜਣਾਂ ਨੂੰ ਥੋੜ੍ਹੀ ਜਿਹੀ ਪ੍ਰੇਰਨਾ ਤੇ ਹਲਾਸ਼ੇਰੀ ਮਿਲ ਜਾਣ ਨਾਲ ਕੁਝ ਭਟਕੇ ਹੋਏ ਜਾਂ ਕੇਸਾਂ ਦੀ ਮਹਤਤਾ ਤੋਂ ਅਣਜਾਣ ਸਜਣ ਕੇਸਾਂ ਦੀ ਬੇਦਬੀ ਛਡ ਸਕਦੇ ਹਨ। ਸੰਤ ਤੇਜਾ ਸਿੰਘ ਦਸਦੇ ਹਨ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਉਹ ਇਕ ਵਾਰੀ ਭੁਚਾਲ ਨਾਲ ਬਰਬਾਦ ਹੋਏ ਕੋਇਟਾ ਸ਼ਹਿਰ ਵਿਚ ਗਏ ਜੋ ਹੁਣ ਪਾਕਿਸਤਾਨ ਵਿਚ ਹੈ। ਉਥੇ ਇਕ ਦੰਦਾਂ ਦੇ ਸਿੱਖ ਡਾਕਟਰ ਨੇ ਉਨ੍ਹਾਂ ਨੂੰ ਖਾਣੇ ਤੇ ਬੁਲਾਇਆ। ਡਾਕਟਰ ਦੀ ਦਾਹੜੀ ਕਟੀ ਹੋਈ ਵੇਖ ਕੇ ਸੰਤ ਜੀ ਨੇ ਖਾਣੇ ਦਾ ਸਦਾ ਠੁਕਰਾ ਦਿਤਾ। ਸਿੱਖ ਡਾਕਟਰ ਨੇ ਸੰਤ ਜੀ ਨੂੰ ਦਸਿਆ


Sri Satguru Jagjit Singh Ji eLibrary NamdhariElibrary@gmail.com

ਕਿ ਉਸ ਦਾ ਬਹੁਤਾ ਵਾਹ ਅੰਗਰੇਜ਼ ਮਰੀਜ਼ਾਂ ਨਾਲ ਹੈ ਇਸ ਲਈ ਉਸਨੂੰ ਆਪਣੀ ਵਧੀ ਹੋਈ ਦਾਹੜੀ ਕੁਝ ਓਪਰੀ ਜਾਪਦੀ ਸੀ ਜਾਂ ਇਵੇਂ ਕਹਿ ਲਵੋ ਕਿ ਉਸ ਦੇ ਪੁਰਾਤਨ ਕਿਸਮ ਦੇ ਤੰਗ ਨਜ਼ਰੀਏ ਦੀ ਪ੍ਰਦਰਸ਼ਨੀ ਬਣਦੀ ਸੀ ਜਿਸ ਕਰਕੇ ਉਸਨੇ ਦਾਹੜੀ ਕਟ ਦਿਤੀ ਤਾਂ ਜੋ ਉਸ ਦਾ ਆਪਣੇ ਅੰਗਰੇਜ਼ ਮਰੀਜ਼ਾਂ ਨਾਲ ਖੁਲ੍ਹਾ ਡੁਲ੍ਹਾ ਰਿਸ਼ਤਾ ਤੇ ਰਾਬਤਾ ਬਣਿਆ ਰਹੇ। ਇਸ ਦੇ ਉਤਰ ਵਿਚ ਸੰਤ ਨੇ ਉਸ ਨੂੰ ਸਮਝਾਂਦਿਆਂ ਕਿਹਾ ਕਿ ਉਹ (ਸੰਤ) ਆਪਣੀ ਇਸ ਖੁਲ੍ਹੀ ਦਾਹੜੀ ਨਾਲ ਅਮਰੀਕਾ ਦੇ ਰਾਸ਼ਟਰਪਤੀ ਨਾਲ ਖਾਣਾ ਖਾਣ ਵਿਚ ਫਖਰ ਸਮਝਦੇ ਹਨ ਪਰ ਤੂੰ ਆਪਣੀ ਖੁਲ੍ਹੀ ਦਾਹੜੀ ਨਾਲ ਆਪਣੇ ਮਰੀਜ਼ਾਂ ਨਾਲ ਸੰਪਰਕ ਰਖਣ ਵਿਚ ਸ਼ਰਮਸਾਰੀ ਮਹਿਸੂਸ ਕਰਦਾ ਏਂ। ਕਿਹੋ ਜਿਹਾ ਡਰਪੋਕ ਤੇ ਬਲਹੀਨ ਸਿਖ ਏਂ ਤੂੰ? ਇਤਨੀ ਗਲ ਨਾਲ ਹੀ ਡਾਕਟਰ ਅੰਦਰੋਂ ਕਾਇਮ ਹੋ ਗਿਆ ਤੇ ਉਸ ਨੇ ਕੇਸਾਂ ਤੇ ਦਾਹੜੀ ਦਾ ਪੂਰਾ ਪੂਰਾ ਸਤਿਕਾਰ ਕਰਨਾ ਸ਼ੁਰੂ ਕਰ ਦਿਤਾ। ਅੱਜ ਵੀ ਸਾਰੀ ਦੁਨੀਆ ਵਿਚ ਵਸਦੇ ਬਹੁਤ ਸਾਰੇ ਸਿੱਖ ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਪੁਲਿਸ/ਮਿਲਟਰੀ ਅਧਿਕਾਰੀ ਕੇਸ ਦਾਹੜੀਆਂ ਤੇ ਦਸਤਾਰਾਂ ਦੀ ਮੌਜੂਦਗੀ ਵਿਚ ਮਾਨਵਤਾ ਦੀ ਸੇਵਾ ਕਰਦਿਆਂ ਆਪਣੇ ਦੇਸ਼ ਕੌਮ ਤੇ ਧਰਮ ਦਾ ਮਾਣ ਵਧਾ ਰਹੇ ਹਨ। **ਅਸਲੀਅਤ ਤਾਂ ਇਹ ਹੈ ਕਿ ਕੇਸਾ ਧਾਰੀ ਸਰੂਪ ਸਦਕਾ ਹੀ ਭਾਰਤ ਦੀ ਗੁਲਾਮੀ ਤੋਂ ਨਜਾਤ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਦੇਸ਼ ਦੀ ਅਜ਼ਾਦੀ ਲਈ ਦਿਤੀਆਂ ਗਈਆਂ 4770 ਕੁਰਬਾਨੀਆਂ ਵਿਚੋਂ ਡਾ· ਮੌਲਾਨਾ ਆਜ਼ਾਦ ਅਨੁਸਾਰ 3694 ਕੇਵਲ ਦਾਹੜੀ ਕੇਸਾਂ ਵਾਲੇ ਸੂਰਬੀਰ ਸਿੱਖਾਂ ਦੀਆਂ ਹਨ। ਕੇਸ ਦਾਹੜੀ ਰੱਖ ਕੇ ਸਿੱਖ ਇਕ ਅਨੁਸ਼ਾਸਨ ਵਿਚ ਰਹਿੰਦਾ ਹੈ,ਉਸ ਵਿਚ ਮਾਨਵਤਾ ਲਈ ਨਿਸ਼ਕਾਮ ਭਾਵਨਾ ਵਿਚ ਕੁਝ ਕਰ ਗੁਜ਼ਰਨ ਦੀ ਪ੍ਰਬਲ ਇੱਛਾ ਹਮੇਸ਼ਾ ਬਣੀ ਰਹਿੰਦੀ ਹੈ ਜਿਹੜੀ ਉਸਨੂੰ ਸਦਾ ਚੜ੍ਹਦੀਕਲਾ ਪ੍ਰਦਾਨ ਕਰਦੀ ਹੈ ਤੇ ਉਹ ਉਤਸ਼ਾਹੀ ਭਾਵਨਾ ਦੇ ਵਿਸਮਾਦੀ ਮੰਡਲ ਦਾ ਵਸਨੀਕ ਬਣਿਆ ਰਹਿੰਦਾ ਹੈ।** ਕੇਸ ਕਟਵਾਣ ਨਾਲ ਉਸ ਦੀ ਇਹ ਇਲਾਹੀ ਸ਼ਕਤੀ ਤੇ ਉਦਮਸ਼ੀਲਤਾ ਗ੍ਰਹਿਣੀ ਜਾਂਦੀ ਹੈ ਤੇ ਮਾਨਸਿਕ ਤੌਰ ਤੇ ਉਹ ਬਲਹੀਨ ਹੋ ਕੇ ਇਕ ਰੁਟੀਨ ਵਾਲਾ ਮਨੁੱਖ ਬਣ ਕੇ ਹੀ ਰਹਿ ਜਾਂਦਾ ਹੈ। **ਪਰ ਗੁਰੂ ਦਾ ਸਿੱਖ ਸਾਧਾਰਨ ਵਿਅਕਤੀ ਨਹੀਂ, ਆਪਣੇ ਵਿਰਸੇ ਕਰ ਕੇ ਵਿਸ਼ੇਸ਼ ਹੈ, ਆਪਣੀ ਜੀਵਨ-ਜਾਚ ਕਾਰਨ ਮਹਾਨ ਹੈ। ਇਸ ਲਿਹਾਜ਼ ਨਾਲ ਉਹ ਧੰਨ ਭਾਗਾ ਹੈ।**

## ਕੇਸ ਰਖਣ ਬਾਰੇ ਆਲੋਚਨਾ

ਕੁਝ ਲੋਕੀ ਕੇਸ ਰੱਖਣ ਬਾਰੇ ਆਲੋਚਨਾ ਕਰਦੇ ਰਹਿੰਦੇ ਹਨ ਕਿ ਕੇਸ ਤਾਂ ਇਕ ਬਾਹਰੀ ਚਿੰਨ੍ਹ ਹਨ, ਇਹਨਾਂ ਦੀ ਧਾਰਮਿਕ ਮਹਤਤਾ ਕੀ ਹੋ ਸਕਦੀ ਹੈ? ਧਰਮ ਤਾਂ ਅੰਦਰੇ ਨੂੰ ਸ਼ੁਧ ਕਰਨ ਦੀ ਕਿਰਿਆ ਹੈ, ਬਾਹਰੀ ਦਿਖਾਵਾ ਨਹੀਂ। ਸੰਖੇਪ ਵਿਚ ਇਸ ਦੇ ਉੱਤਰ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਅਸਲੀਅਤ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ, ਆਪਣੇ ਸਿੱਖ ਨੂੰ ਨਾ-ਲੁਕਣ, ਨਾ-ਛਿਪਣ ਵਾਲਾ ਅਜਿਹਾ ਸਿਪਾਹੀ ਬਣਾਉਣਾ ਚਾਹੁੰਦੇ ਸਨ ਜੋ ਦੇਸ਼ ਕੌਮ ਦੀ ਸ਼ਾਨ ਉਤੇ ਮਰ ਮਿਟਣ ਵਾਸਤੇ ਵਚਨਬਧ ਹੋਵੇ ਤੇ ਇਹ ਮਰਜੀਵੜਾ ਦੂਰੋਂ ਹੀ ਪਛਾਣਿਆ ਜਾ ਸਕੇ। ਔਰੰਗਜ਼ੇਬ ਦੀ ਸਮੂਹ ਹਿੰਦੂ ਧਰਮ ਦੀ ਇਸਲਾਮ ਵਿਚ ਬਦਲੀ ਦੀ ਕਟੜ ਨੀਤੀ ਨੂੰ ਠਲ੍ਹ ਪਾਉਣ ਖਾਤਰ, ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੇ ਪ੍ਰਾਣਾਂ ਦੀ ਬਲੀ ਦੇਣੀ ਪਈ ਤਾਂ ਜੋ ਉਹਨਾਂ ਦੇ


Sri Satguru Jagjit Singh Ji eLibrary NamdhariElibrary@gmail.com

ਅਨੁਯਾਈਆਂ ਵਿਚ ਅਨਿਆਂ ਵਿਰੁਧ ਉਠਣ ਤੇ ਜੂਝਣ ਦਾ ਹੌਸਲਾ ਪੈਦਾ ਹੋ ਸਕੇ ਤੇ ਉਹ ਇਕ ਜ਼ਾਬਤੇ ਵਿਚ ਵੀ ਬਝ ਸਕਣ। ਇਸ ਜ਼ਾਬਤੇ ਅਤੇ ਨਵੀਂ ਪਹਿਚਾਣ ਲਈ ਕੇਸਾਂ ਤੋਂ ਵਧ ਹੋਰ ਕਿਹੜੀ ਚੀਜ਼ ਹੋ ਸਕਦੀ ਹੈ ਅਤੇ ਉਹ ਵੀ ਜੋ ਕੁਦਰਤ ਨੇ ਮਨੁੱਖ ਨੂੰ ਮੁਫਤ ਦਿਤੀ ਹੋਵੇ? ਕੇਸ ਰਖਕੇ ਸਿੱਖ ਅਸਲੀਅਤ ਤੋਂ ਪਰੇ ਨਹੀਂ ਸਨ ਹੋ ਸਕਦੇ ਇਸ ਲਈ ਇਸ ਪਹਿਚਾਣ ਨਾਲ ਉਹਨਾਂ ਵਿਚ ਸਵੈਮਾਣ ਅਤੇ ਸਵੈ-ਹੌਸਲਾ ਵਧਿਆ। **ਕੇਸ ਸਿੱਖ ਨੂੰ ਹਰ ਸਮੇਂ ਯਾਦ ਦਿਵਾਉਂਦੇ ਰਹਿੰਦੇ ਹਨ ਕਿ ਉਸ ਨੇ ਇਕ ਸਚੇ ਸਿੰਘ ਵਾਂਗ ਕਰਮ ਕਰਨਾ ਹੈ, ਜਲਾਦ ਨਹੀਂ ਬਣਨਾ। ਦੁਖੀਆਂ ਦੀ ਮਦਦ, ਗਰਜ਼ਮੰਦਾਂ ਦੀ ਸਹਾਇਤਾ ਤੇ ਨਿਤਾਣਿਆਂ ਦੀ ਰਾਖੀ ਕਰਨੀ ਹੈ। ਕਿਉਂਕਿ ਗੁਰਸਿੱਖ ਅਕਾਲ ਪੁਰਖ ਦੀ ਫੌਜ ਦੇ ਨੇਕ ਸਿਪਾਹੀ ਹਨ ਤੇ ਇਸ ਲਈ ਗੁਰੂ ਵਲੋਂ ਨਿਸ਼ਚਿਤ ਵਰਦੀ ਧਾਰਨ ਕਰਨੀ ਉਹਨਾਂ ਦਾ ਅਵਲੀਨ ਫਰਜ਼ ਬਣਦਾ ਹੈ। ਜਿਵੇਂ ਫੌਜੀ ਲਈ ਪੂਰੀ ਯੂਨੀਫਾਰਮ ਜ਼ਰੂਰੀ ਹੈ ਇਸੇ ਤਰ੍ਹਾਂ ਸਿੱਖ ਲਈ ਪੂਰਨ ਕੇਸ ਜ਼ਰੂਰੀ ਹਨ ਜੋ ਉਸਦੀ ਵਰਦੀ ਦਾ ਪ੍ਰਮੁਖ ਭਾਗ ਹਨ। ਇਹ ਵੀ ਸਪੱਸ਼ਟ ਹੈ ਕਿ ਅਧੂਰੀ ਵਰਦੀ ਵਾਲੇ ਫੌਜੀ ਦਾ ਮੁਰੇਲ ਵੀ ਅਧੂਰਾ ਹੁੰਦਾ ਹੈ।**

ਗੁਰਮਤਿ ਦੇ ਨਾਮਵਰ ਵਿਦਵਾਨ ਡਾ· ਭਾਈ ਵੀਰ ਸਿੰਘ ਦੇ ਭਰਾਤਾ ਡਾ· ਬਲਬੀਰ ਸਿੰਘ ਪਾਸੋਂ ਵੀ ਇਕ ਅੰਗਰੇਜ਼ ਔਰਤ ਨੇ ਇਹੀ ਗਲ ਪੁਛੀ ਕਿ ਸਿਖੀ ਵਿਚ ਹੋਰ ਤਾਂ ਸਾਰੀਆਂ ਗਲਾਂ ਠੀਕ ਹਨ ਪਰ ਸਿੱਖ ਕੇਸ ਰਖਣ ਤੇ ਲੋੜ ਨਾਲੋਂ ਵਧ ਜ਼ੋਰ ਕਿਉਂ ਦਿੰਦੇ ਹਨ ਜਦ ਕਿ ਕੇਸ ਕੇਵਲ ਬਾਹਰੀ ਦਿਖਾਵਾ ਹੀ ਹਨ ਜਾਂ ਖ਼ੂਬਸੂਰਤੀ ਤੇ ਮਰਦਾਨਗੀ ਦੇ ਚਿੰਨ੍ਹ ਰੂਪ ਹਨ। ਉਤਰ ਵਿਚ ਡਾ· ਸਾਹਿਬ ਨੇ ਉਸ ਔਰਤ ਨੂੰ ਸਾਧਾਰਨ ਭਾਸ਼ਾ ਵਿਚ ਝੋਨੇ ਦੀ ਮਿਸਾਲ ਦੇਂਦਿਆਂ ਸਮਝਾਇਆ ਕਿ ਜਿਵੇਂ ਝੋਨਾ ਜਦ ਤਕ ਛਿਲਕੇ ਵਿਚ ਰਹਿੰਦਾ ਹੈ ਉਸ ਨੂੰ ਕੋਈ ਖਾ ਨਹੀਂ ਸਕਦਾ ਇਸੇ ਤਰ੍ਹਾਂ ਜਦ ਤਕ ਸਿੱਖ ਕੇਸਾਂ ਨਾਲ ਪਰੀਪੂਰਣ ਹੈ ਉਸ ਨੂੰ ਵੀ ਕੋਈ ਖਾ ਨਹੀਂ ਸਕਦਾ, ਆਪਣੇ ਆਪ ਵਿਚ ਖਪਾ ਨਹੀਂ ਸਕਦਾ ਤੇ ਉਹ ਕਾਇਮ ਹੈ ਤੇ ਸਾਬਤ ਸੂਰਤ ਵਿਚ ਹੈ। ਜਦ ਉਹ ਇਨ੍ਹਾਂ ਕੇਸਾਂ ਤੋਂ ਮੁਕਤ ਹੋ ਗਿਆ ਤਾਂ ਸਾਰਿਆਂ ਵਿਚ ਰਲ ਜਾਵੇਗਾ ਤੇ ਖਾਧਾ ਜਾਵੇਗਾ ਜਾਂ ਇਵੇਂ ਕਹਿ ਲਵੋ ਕਿ ਉਸਦੀ ਆਪਣੀ ਪਹਿਚਾਣ ਮੁਕ ਜਾਵੇਗੀ। ਡਾ· ਸਾਹਿਬ ਦੀ ਇਸ ਮਿਸਾਲ ਤੋਂ ਮਗਰੋਂ ਉਸ ਅੰਗਰੇਜ਼ ਔਰਤ ਨੂੰ ਕੇਸਾਂ ਦੀ ਹੋਰ ਧਾਰਮਿਕ ਜਾਂ ਸਮਾਜਿਕ ਮਹਤਤਾ ਜਾਨਣ ਦੀ ਲੋੜ ਨਾ ਹੋਈ ਤੇ ਉਸਦੀ ਪੂਰੀ ਪੂਰੀ ਤਸੱਲੀ ਹੋ ਗਈ।

## ਕੇਸ ਤੇ ਨਾਖੁਨ ਕਟਵਾਉਣ ਵਿਚ ਸਮਾਨਤਾ?

ਕੇਸ ਕਟਣ ਵਾਲੇ ਸਜਣ ਕਈ ਵਾਰ ਇਹ ਦਲੀਲ ਦੇਂਦੇ ਹਨ ਕਿ ਜੇ ਕੇਸ ਨਹੀਂ ਕਟਣੇ ਚਾਹੀਦੇ ਤਾਂ ਨਹੁੰ ਵੀ ਨਹੀਂ ਕਟਣੇ ਚਾਹੀਦੇ ਕਿਉਂਕਿ ਉਹ ਵੀ ਤਾਂ ਪ੍ਰਮਾਤਮਾ ਨੇ ਹੀ ਮਨੁੱਖ ਨੂੰ ਕਿਸੇ ਖਾਸ ਪਰਯੋਜਨ ਲਈ ਪ੍ਰਦਾਨ ਕੀਤੇ ਹਨ ਅਤੇ ਮਨੁੱਖ ਦੇ ਸਰੀਰ ਦਾ ਇੱਕ ਅਨਿਖੜਵਾਂ ਜੀਵਤ ਅੰਗ ਹਨ। ਇਸ ਬਾਰੇ ਲਿਖਿਆ ਜਾਂਦਾ ਹੈ ਕਿ ਗੁਲਾਬੀ ਨਾਖੁਨ ਜੀਵਤ ਅੰਗ ਹਨ ਜੋ ਪੋਟਿਆਂ ਨਾਲ ਜੁੜੇ ਹੋਏ ਹੁੰਦੇ ਹਨ ਤੇ ਉਨ੍ਹਾਂ ਨੂੰ ਸਹਾਰਾ ਦੇ ਕੇ ਪੁਖਤਗੀ (ਪਕਿਆਈ) ਬਖਸ਼ਦੇ ਹਨ ਪਰ ਇਨ੍ਹਾਂ ਦਾ ਜਿਹੜਾ ਚਿਟਾ ਤੇ ਮਧਮ ਜਿਹਾ ਭਾਗ ਪੋਟਿਆਂ ਤੋਂ ਅਗੇ ਆ ਜਾਂਦਾ ਹੈ ਉਹ ਜੀਵਤ ਨਹੁੰ ਨਹੀਂ ਹੁੰਦਾ। ਇਸ ਨੂੰ ਕੱਟਣ ਲਗਿਆਂ ਤਕਲੀਫ ਨਹੀਂ ਹੁੰਦੀ ਜਦ ਕਿ ਜੀਵਤ ਨਹੁੰ ਨੂੰ ਕੱਟਣ ਲਗਿਆਂ ਦਰਦ ਨਾਲ ਚੀਕਾਂ ਨਿਕਲਦੀਆਂ ਹਨ। ਮੁਰਦਾ ਨਾਖੁਨ ਨੂੰ ਉਂਗਲ ਨਾਲ



Sri Satguru Jagjit Singh Ji eLibrary NamdhariElibrary@gmail.com

ਜੋੜੀ ਰੱਖਣਾ ਹਰ ਪ੍ਰਕਾਰ ਦੀ ਰੁਕਾਵਟ ਦਾ ਕਾਰਨ ਬਣਦਾ ਹੈ ਤੇ ਜ਼ਰਾ ਜਿਤਨੀ ਵੀ ਲਾਪਰਵਾਹੀ ਵਰਤਣ ਨਾਲ ਜੇ ਇਹ ਕਿਸੇ ਚੀਜ਼ ਨਾਲ ਅੜ ਜਾਂ ਖਹਿ ਜਾਵੇ ਤਾਂ ਜੀਵਤ ਨਾਖੁਨ ਦਾ ਵੀ ਨੁਕਸਾਨ ਕਰ ਦੇਂਦਾ ਹੈ। ਮੁਰਦਾ ਤੇ ਬੇਲੋੜਾ ਹੋ ਜਾਣ ਕਾਰਨ ਇਸ ਨੂੰ ਕਟ ਦੇਣਾ ਹੀ ਉਚਿਤ ਤੇ ਜ਼ਰੂਰੀ ਹੈ ਵਰਨਾ ਇਸ ਵਿਚ ਗੰਦਗੀ ਭਰ ਜਾਂਦੀ ਹੈ ਜੋ ਹੱਥਾਂ ਰਾਹੀਂ ਕੋਈ ਚੀਜ਼ ਖਾਣ ਨਾਲ ਮੂੰਹ ਵਿਚ ਜਾ ਕੇ ਸਿਹਤ ਖਰਾਬ ਕਰ ਦੇਂਦੀ ਹੈ। ਸਿੱਖ ਧਰਮ ਸਫ਼ਾਈ ਨੂੰ ਬਹੁਤ ਮਹੱਤਤਾ ਦੇਂਦਾ ਹੈ ਕਿਉਂਕਿ ਖੁਦਾਈ ਮਗਰੋਂ ਸਫਾਈ ਦੀ ਮਹਤਤਾ ਆਮ ਸੁਣਨ ਵਿਚ ਆਉਂਦੀ ਹੈ। ਇਸ ਲਈ ਮੁਰਦਾ ਨਾਖੁਨ ਕਟਣਾ ਗ਼ਲਤ ਗਲ ਨਹੀਂ ਹੈ, ਹਾਂ ਇਸ ਦਾ ਕੇਸਾਂ ਨਾਲ ਮੇਲ ਕਰਨਾ ਜ਼ਰੂਰ ਗ਼ਲਤ ਗਲ ਹੈ। ਅਸੀਂ ਕੇਸਾਂ ਨੂੰ ਦੋਨੋਂ ਟਾਈਮ ਕੰਘਾ ਕਰਕੇ ਉਨ੍ਹਾਂ ਨੂੰ ਸਾਫ ਸੁਥਰਾ ਰੱਖਣ ਦੇ ਨਾਲ ਉਨ੍ਹਾਂ ਵਿਚੋਂ ਮਰੇ ਹੋਏ ਕੇਸਾਂ ਨੂੰ ਵੀ ਬਾਹਰ ਕੱਢਣ ਦੀ ਕਿਰਿਆ ਜ਼ਰੂਰ ਕਰਦੇ ਹਾਂ ਕਿਉਂਕਿ ਮਰੇ ਹੋਏ ਕੇਸ ਆਪ ਮੁਹਾਰੇ ਜੜ੍ਹਾਂ ਤੋਂ ਵਖਰੇ ਹੋ ਜਾਣ ਕਾਰਨ ਬੇਲੋੜੇ ਹੋ ਜਾਂਦੇ ਹਨ ਇਸ ਲਈ ਕੰਘਾ ਕਰਨ ਨਾਲ ਖੁਦ ਬਖੁਦ ਬਾਹਰ ਆ ਜਾਂਦੇ ਹਨ।

## ਕੇਸਾਂ ਦੇ ਜੀਵਤ ਹੋਣ ਦੇ ਸਬੂਤ

ਜਦ ਕੋਈ ਵਿਅਕਤੀ ਬੇਹਦ ਡਰ ਜਾਂ ਜੋਸ਼ ਦੀ ਹਾਲਤ ਵਿਚ ਹੁੰਦਾ ਹੈ ਤਾਂ ਯਕਦਮ ਉਸ ਦੇ ਸਰੀਰ ਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ ਜੋ ਉਸ ਨੂੰ ਉਸ ਸਥਿਤੀ ਨਾਲ ਸ਼ਕਤੀਸ਼ਾਲੀ ਢੰਗ ਨਾਲ ਨਿਪਟਣ ਲਈ ਹੋਰ ਊਰਜਾ ਪ੍ਰਦਾਨ ਕਰਨ ਦੀ ਕਿਰਿਆ ਵਿਚ ਲਗ ਜਾਂਦੇ ਦਸੇ ਗਏ ਹਨ। ਇਹ ਕੰਡਿਆਂ ਵਾਂਗਰਾਂ ਖੜਾ ਹੋ ਕੇ ਰੋਮਾਂ ਦਾ ਕਾਰਜ ਕਰਨ ਲਗ ਜਾਣਾ ਖੁਦ ਹੀ ਇਸ ਗਲ ਦਾ ਪਰਮਾਣ ਹੈ ਕਿ ਰੋਮ ਜੀਵਤ ਚੀਜ਼ ਹਨ। ਇਥੇ ਹੀ ਬਸ ਨਹੀਂ ਸੂਖਮ ਯੰਤਰਾਂ ਨਾਲ ਕੇਸਾਂ ਦੇ ਕੱਟਣ ਉਤੇ ਇਨ੍ਹਾਂ ਦਾ ਰੋਣਾ ਵੀ ਸੁਣਿਆ ਜਾ ਸਕਦਾ ਹੈ ਤੇ ਤੜਫੜਾਹਟ ਵੇਖੀ ਜਾ ਸਕਦੀ ਹੈ। ਇਹ ਤਥ ਇਸ ਗਲ ਦੇ ਪ੍ਰਮਾਣ ਨੂੰ ਹੋਰ ਵਜ਼ਨੀ ਬਣਾਉਂਦੇ ਹਨ ਕਿ ਕੇਸ ਜੀਵਤ ਅੰਗ ਹਨ, ਮੁਰਦਾ, ਨਿਰਜਿੰਦ, ਬੇਲੋੜੀ ਤੇ ਬੋਝਲ ਚੀਜ਼ ਨਹੀਂ। ਬੋਝਲ ਚੀਜ਼ ਤਾਂ ਉਹ ਹੁੰਦੀ ਹੈ ਜੋ ਸਰੀਰ ਤੋਂ ਵਖਰੀ ਹੋਵੇ ਤੇ ਸਰੀਰ ਨੇ ਚੁਕੀ ਹੋਈ ਹੋਵੇ। ਜੇ ਸਰੀਰ ਦੇ ਬਾਕੀ ਸਾਰੇ ਅੰਗ ਸਰੀਰ ਲਈ ਬੋਝ ਨਹੀਂ ਤਾਂ ਕੇਸ ਬੋਝ ਕਿਵੇਂ ਹੋ ਸਕਦੇ ਹਨ? ਅਜਿਹੀ ਸੋਚ ਸਾਡੀ ਨਾਸਮਝੀ ਤਾਂ ਹੋ ਸਕਦੀ ਹੈ, ਦਰੁਸਤ ਤੇ ਸਚੀ ਧਾਰਨਾ ਨਹੀਂ ਹੋ ਸਕਦੀ।

## ਪਛਮੀ ਦੇਸ਼ਾਂ ਵਿਚ ਕੇਸਾਂ ਦੀ ਲੋੜ

ਵਾਹਿਗੁਰੂ ਦੇ ਹੁਕਮ ਨਾਲ ਅਮਰੀਕਾ ਵਿਚ ਕੇਸਾਧਾਰੀ ਤਿਆਰ ਬਰ ਤਿਆਰ ਨਵੇਂ ਸਜੇ ਅਮਰੀਕਨ ਸਿੰਘਾਂ ਦੇ ਉਚੇ ਸੁਚੇ ਕਿਰਦਾਰ, ਸਪੱਸ਼ਟ ਅਤੇ ਮੁਲ੍ਹਮਾ-ਰਹਿਤ ਜੀਵਨ, ਗੁਰੂ ਆਸ਼ੇ ਅਨੁਸਾਰ ਸਥਾਪਿਤ ਕੀਤੀ ਰਹੁ-ਰੀਤੀ ਅਤੇ ਅਮਲੀ ਤੌਰ ਤੇ ਸੁਚੱਜੇ ਇਖਲਾਕ ਦੇ ਧਾਰਨੀ ਸਿੰਘਾਂ ਦੀਆਂ ਮਿਸਾਲਾਂ ਨੇ ਪਛਮ ਵਿਚ ਅਧਿਆਤਮਿਕ ਸੋਝੀ ਲਈ ਸੁਖਾਵੇਂ ਵਾਤਾਵਰਣ ਦੇ ਪਿੜ ਬੰਨ੍ਹਣੇ ਵੀ ਅਰੰਭ ਕਰ ਦਿਤੇ ਹਨ ਅਤੇ ਕੇਸਾਂ ਵਾਲੇ ਅਮਰੀਕਨ ਸਿੰਘਾਂ ਨੂੰ ਸਾਰੀਆਂ ਖੂਬੀਆਂ ਦਾ ਸੰਗਰਹਿ ਸਮਝਿਆ ਜਾਣ ਲਗ ਪਿਆ ਹੈ। ਇਹਨਾਂ ਕਾਰਨਾਂ ਕਰਕੇ ਵੀ ਉਥੇ ਕੇਸਾਂ ਬਾਰੇ ਜਗਿਆਸਾ ਇਤਨੀ ਵਧ ਗਈ ਕਿ ਅਮਰੀਕਾ ਦੀ ਫੌਜ ਵਿਚ ਕੇਸਾਧਾਰੀ ਰੂਪ ਵਿਚ ਨੌਕਰੀ ਕਰਨ ਦੀ ਆਗਿਆ ਦੇਣ ਲਈ ਅਮਰੀਕਾ ਸਰਕਾਰ ਨੂੰ ਆਪਣੇ ਫੌਜੀ ਨਿਯਮਾਂ ਵਿਚ ਢਿਲ ਦੇਣੀ ਪਈ। ਅਜੀਬ ਗਲ ਹੈ ਕਿ 20ਵੀਂ ਸਦੀ ਦੇ ਪ੍ਰਾਰੰਭ ਵਿਚ ਅਮਰੀਕੀ ਨਾਗਰਿਕਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਫੌਜ ਵਿਚ ਭਰਤੀ ਹੋਣ ਕਾਰਨ ਕੇਸ ਕਟਵਾਣ ਦਾ ਉਤਸ਼ਾਹ ਹੋਇਆ ਤੇ ਉਸੇ ਸਦੀ ਦੇ ਅੰਤਲੇ ਇਕ ਦੋ ਦਹਾਕਿਆਂ ਵਿਚ ਬੜੀਆਂ ਜਦੋ-ਜਹਿਦਾਂ ਮਗਰੋਂ ਕੇਸਾਧਾਰੀ ਅਮਰੀਕਨਾਂ ਨੇ ਕੇਸ ਦਾਹੜੀ ਰਖ ਕੇ ਫੌਜ ਵਿਚ ਸੇਵਾ ਕਰਨ ਦਾ ਆਪਣਾ ਅਧਿਕਾਰ ਵਾਪਸ ਪ੍ਰਾਪਤ ਕੀਤਾ ਹੈ।

**ਸੋ ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਕੇਸ ਅਕਾਲਪੁਰਖ ਨੇ ਮਨੁੱਖ ਨੂੰ ਬਿਨਾਂ ਕਿਸੇ ਜ਼ਾਤ-ਪਾਤ ਨੂੰ ਦੇਖਦਿਆਂ ਹੋਇਆਂ ਤੌਹਫੇ ਵਜੋਂ ਦਿਤੇ ਹਨ ਇਸ ਲਈ ਇਨ੍ਹਾਂ ਨੂੰ ਫੈਸ਼ਨ ਦੀ ਬਲੀ ਚੜ੍ਹਾ ਕੇ ਮਨੁਖਤਾ ਨੂੰ ਬੇਤਰਤੀਬੇ ਜੀਵਨ ਵਲ ਨਹੀਂ ਘਸੀਟਿਆ ਜਾਣਾ ਚਾਹੀਦਾ ਸਗੋਂ ਇਨ੍ਹਾਂ ਨੂੰ ਠੀਕ ਠਾਕ ਹਾਲਤ ਵਿਚ ਰਖ ਕੇ ਇਸ ਗਲ ਦਾ ਅਹਿਸਾਸ ਕਰਾਉਣਾ ਚਾਹੀਦਾ ਹੈ ਕਿ ਅਸੀਂ ਪਰਮਾਤਮਾ ਦੀ ਇਸ ਦਾਤ ਨੂੰ ਸੰਭਾਲ ਕੇ ਰਖਣ ਵਿਚ ਇਸ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ ਕਿ ਅਸੀਂ ਅਕਾਲਪੁਰਖ ਨੂੰ ਮਹਾਨ ਸਮਝਦੇ ਹਾਂ ਅਤੇ ਉਸ ਵਲੋਂ ਦਿਤੇ ਸਰੂਪ ਨੂੰ ਉਸੇ ਹੀ ਰੂਪ ਵਿਚ ਧਾਰਨ ਕਰਕੇ ਉਸ ਦੀ ਆਗਿਆਕਾਰਤਾ ਅਤੇ ਮਿਹਰ ਦ੍ਰਿਸ਼ਟੀ ਵਿਚ ਰਹਿੰਦੇ ਹਾਂ। ਕੇਸਾਧਾਰੀ ਹੋ ਕੇ ਅਸੀਂ ਉਸ ਦੀ ਸੂਰਤ ਵਾਲੇ ਹੋਣ ਦਾ ਗੌਰਵ ਪ੍ਰਾਪਤ ਕਰ ਸਕਦੇ ਹਾਂ ਕਿਉਂਕਿ ਜਿਹਨਾਂ ਵੀ ਮਹਾਨ ਆਤਮਾਵਾਂ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਵਾਹਿਗੁਰੂ ਦੇ ਦਰਸ਼ਨ ਕੀਤੇ ਹਨ ਉਹਨਾਂ ਨੇ ਕਿਸੇ ਨਾ ਕਿਸੇ ਢੰਗ ਵਿਚ ਉਸ ਦੇ ਲੰਮੇ ਸੁਹਣੇ ਕੇਸਾਂ ਦੀ ਤਾਰੀਫ ਕੀਤੀ ਹੈ। ਇਸੇ ਕਰਕੇ ਹੀ ਵਾਹਿਗੁਰੂ ਦੇ ਗੁਣਾਤਮਕ ਨਾਵਾਂ ਵਿਚ ਇਕ ਨਾਂ 'ਕੇਸਵ' ਵੀ ਹੈ ਜਿਸ ਦੇ ਅਰਥ ਹਨ 'ਕੇਸਾਂ ਵਾਲਾ'।**

ਇਸ ਸਾਰੇ ਬਹੁਪੱਖੀ ਅਧਿਐਨ ਦਾ ਸਿੱਟਾ ਇਹ ਹੀ ਨਿਕਲਦਾ ਹੈ ਕਿ ਹਰ ਪਰਕਾਰ ਦੇ ਵਧ ਰਹੇ ਪਰਦੂਸ਼ਨਾਂ ਕਾਰਨ ਮਨੁੱਖੀ ਹਸਤੀ ਨੂੰ ਜੋ ਸਰੀਰਕ ਅਤੇ ਮਾਨਸਿਕ ਖਤਰੇ ਪੇਸ਼ ਆ ਰਹੇ ਹਨ, ਉਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ **ਇਹ ਵਿਚਾਰ ਬੜੀ ਗੰਭੀਰਤਾ ਨਾਲ ਸ਼ਕਤੀ ਫੜ ਰਹੇ ਹਨ ਕਿ ਇਸ ਧਰਤੀ ਦੇ ਮਨੁੱਖ ਦਾ ਧਰਮ ਭਾਵੇਂ ਕੋਈ ਵੀ ਕਿਉਂ ਨਾ ਹੋਵੇ ਉਸ ਨੂੰ ਪਰਦੂਸ਼ਨ ਅਤੇ ਹੋਰ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਆਪਣੇ ਸਰੀਰ ਦੇ ਇਕ ਇਕ ਰੋਮ ਨੂੰ ਪੂਰੀ ਸਾਵਧਾਨੀ ਨਾਲ ਸੰਭਾਲ ਕੇ ਰੱਖਣਾ ਪਵੇਗਾ। ਇਸ ਵਿਚ ਹੀ ਉਸ ਦਾ ਭਲਾ ਤੇ ਕਲਿਆਣ ਹੈ।** ਭਾਰਤ ਵਿਚ 3-12-1984 ਨੂੰ ਭੁਪਾਲ ਸ਼ਹਿਰ ਵਿਖੇ ਹੋਏ ਗੰਭੀਰ ਗੈਸ ਲੀਕ ਦੁਖਾਂਤ ਨੂੰ ਸਾਹਮਣੇ ਰਖਦਿਆਂ ਹੋਇਆਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿਉਂਕਿ ਉਥੇ ਕਈ ਹਜ਼ਾਰ ਬੇਕਸੂਰ ਭਾਰਤੀ ਗੈਸ ਦੇ ਰਸਾਵ ਕਾਰਨ ਮਾਰੇ ਗਏ ਜਦ ਕਿ ਇਸ ਦੁਖਾਂਤ ਵਿਚ ਕੇਸਾਧਾਰੀ ਸਿੱਖ ਨਹੀਂ ਮਰੇ ਭਾਵੇਂ ਕਿ ਉਹ ਵੀ ਉਸ ਸ਼ਹਿਰ ਵਿਚ ਕਾਫੀ ਗਿਣਤੀ ਵਿਚ ਵਸਦੇ ਸਨ। ਜੇ ਉਨ੍ਹਾਂ ਦੇ ਨਾ ਮਰਨ ਦਾ ਕਾਰਨ ਉਨ੍ਹਾਂ ਦੇ ਕੇਸ, ਦਾਹੜੀਆਂ ਤੇ ਮੁੱਛਾਂ ਸਨ ਤਾਂ ਇਸ ਗਲ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਡੇ ਸਰੀਰ ਤੇ ਉਗੇ ਵੱਖ ਵੱਖ ਪਰਕਾਰ ਦੇ ਰੋਮ ਕਿਤਨੇ ਜ਼ਰੂਰੀ ਹਨ ਅਤੇ ਉਨ੍ਹਾਂ ਦੇ ਰਖਣ ਵਿਚ ਹੀ ਸਾਡੀ ਸੁਰਖਿਆ ਹੈ। ਚਲੋ ਕਿਸੇ ਡਰ ਜਾਂ ਮਜਬੂਰੀ ਕਰ ਕੇ ਹੀ ਮਨੁੱਖ ਰੋਮਾਂ ਦਾ ਸਤਿਕਾਰ ਕਰਨ ਲਗ ਜਾਏ ਤਾਂ ਵੀ ਖੁਸ਼ੀ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖਤਾ ਨੇ ਆਪਣਾ ਬਚਾਅ ਕਰਨਾ ਸ਼ੁਰੂ ਕਰ ਦਿੱਤਾ ਹੈ। ਆਪਣੇ ਆਪ ਵਿਚ ਇਹ ਇਕ ਸ਼ਲਾਘਾਯੋਗ ਉਦਮ ਹੋਵੇਗਾ ਜਿਸਨੂੰ ਜਿਤਨਾ ਜਲਦੀ ਹੋ ਸਕੇ ਅਮਲ ਵਿਚ ਲਿਆਉਣਾ ਚਾਹੀਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਮੁੰਬਈ ਦੇ ਸੰਧੂ ਪਰਿਵਾਰ ਨਾਲ ਮਿਲਣੀ



ਪੁਸਤਕ ਦੇ ਸਪਾਂਸਰ ਮੁੰਬਈ ਨਿਵਾਸੀ ਸ. ਹਰਭਜਨ ਸਿੰਘ ਜੀ ਸੰਧੂ
ਨੂੰ ਸ. ਗਿਆਨ ਸਿੰਘ ਜੀ ਤੂਰ ਅਤੇ ਡਾ. ਸਰੂਪ ਸਿੰਘ ਅਲੱਗ,
ਅਲੱਗ ਸ਼ਬਦ ਯੱਗ ਟਰੱਸਟ ਦੀਆਂ ਕੁਝ ਪ੍ਰਕਾਸ਼ਨਾਵਾਂ
ਦਾ ਸੈੱਟ ਭੇਂਟ ਕਰਦੇ ਹੋਏ ।

ALAG SHABAD YUG INTERNATIONAL CHARITABLE TRUST (REGD.) LUDHIANA

ਅਲੱਗ ਸ਼ਬਦ ਯੱਗ ਇੰਟਰਨੈਸ਼ਨਲ ਚੈਰੀਟੇਬਲ ਟਰਸਟ ਲੁਧਿਆਣਾ ਦੀਆਂ
ਸਾਰੀਆਂ ਪ੍ਰਕਾਸ਼ਨਾਵਾਂ ਮੁਫ਼ਤ ਹਨ । E-mail : alag@glide.net.in

Sri Satguru Jagjit Singh Ji eLibrary NamdhariElibrary@gmail.com